ਸਿਰਜਣਾ

ਅਕਤੂਬਰ-ਦਸੰਬਰ 2015 (ਅੰਕ 178)

October- December 2015

ਸੰਪਾਦਕ: ਰਘਬੀਰ ਸਿੰਘ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਇਜਾਜ਼ਤ
Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address: 1728, ਸੈਕਟਰ 43-ਬੀ, ਚੰਡੀਗੜ੍ਹ - 160022

1728, Sector 43-B, Chandigarh - 160022 India

ਤਾਰੀਕ –Date: 25-10-2014

ਸਿਰਜਣਾ



ਅਕਤੂਬਰ-ਦਸੰਬਰ 2015 **178** 40 ਰੁਪਏ

ਸਿਰਜਣਾ

178
ਅਕਤੂਬਰ-ਦਸੰਬਰ 2015

ਸੰਪਾਦਕ : ਰਘਬੀਰ ਸਿੰਘ
Editor : Raghbir Singh

1728, ਸੈਕਟਰ 43-ਬੀ,
ਚੰਡੀਗੜ੍ਹ-160 022
ਫੋਨ : +91-172-2601693

SIRJANA
1728, Sector 43-B,
Chandigarh-160 022
INDIA
Phone : +91-172-2601693
E-mail :
raghbirssirjana@yahoo.com

Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966

ਇਸ ਅੰਕ ਵਿਚ

ਸੰਪਾਦਕੀ / ਸੂਲੀ 'ਤੇ ਸੱਚ: ਅਜ਼ਮਾਇਸ਼ ਦਾ ਇਕ ਦੌਰ ਹੋਰ / 1
ਲਖਵਿੰਦਰ ਜੌਹਲ / ਦੋ ਕਵਿਤਾਵਾਂ/ 3
ਗੁਰਨਾਮ ਢਿੱਲੋਂ / ਕਵਿਤਾ / ਚਾਹਤ/ 4
ਸਰਬਜੀਤ ਜਸ / ਤਿੰਨ ਨਜ਼ਮਾਂ /ਭੂਤ / 5
ਹਰਜੀਤ ਅਟਵਾਲ / ਕਹਾਣੀ / ਚੀਅਰਜ਼ / 7
ਕੇਸਰਾ ਰਾਮ / ਕਹਾਣੀ / ਐੱਲ ਓ ਐੱਲ /14
ਗਗਨਦੀਪ ਸ਼ਰਮਾ / ਕਹਾਣੀ / ਸਮਝਦੇ ਤਾਂ ਹਾਂ.../ 35
ਬਲਜੀਤ ਬਾਸੀ / ਕਹਾਣੀ / ਮੇਰੀ ਭੂਆ / 49
ਇਕਬਾਲ ਰਾਮੂਵਾਲੀਆ / ਸਵੈਜੀਵਨੀ ਅੰਸ਼ / ਨਿਆਗਰਾ ਦੀਆਂ ਧਾਰਾਂ ਉੱਪਰ ਚੜ੍ਹ ਰਹੀ ਮੱਛੀ / 53
ਅਵਤਾਰ ਸਿੰਘ ਬਿਲਿੰਗ / ਮੁਲਾਕਾਤ / ਪ੍ਰੋਫੈਸਰ ਐਨ ਮਰਫ਼ੀ ਨਾਲ / 62
ਸੁਰਜੀਤ ਹਾਂਸ / ਨਿਬੰਧ / '47,ਦੇਸ਼ ਦੀ ਵੰਡ,ਪੰਜਾਬ ਵਿਚ ਕਤਲਾਮ / 73
ਅਰਵਿੰਦਰ ਕੌਰ ਧਾਲੀਵਾਲ / ਨਿਬੰਧ / ਪਰਵਾਸੀ ਪੰਜਾਬੀ ਨਾਟਕ ਦਾ ਸਫ਼ਰ / 81
ਗੁਲਜ਼ਾਰ ਸਿੰਘ ਸੰਧੂ / ਰਿਵਿਊ / ਪਾਣੀ ਦਾ ਹਾਸ਼ੀਆ / 92
ਗੁਰਦੀਪ ਕੌਰ / ਰਿਵਿਊ / 20 ਨਵੰਬਰ / 92
ਚੰਦਰ ਮੋਹਨ/ ਰਿਵਿਊ / ਡੂੰਘੇ ਵਹਿਣਾਂ ਦੇ ਭੇਤ / 96
ਮਨਦੀਪ ਸਿੰਘ/ ਰਿਵਿਊ/ ਜਾਣ ਦੇ ਮੈਨੂੰ /99
ਪੱਤਰ/ਰੁਪਿੰਦਰ ਬਿਲਿੰਗ,ਲਖਵਿੰਦਰ ਜੌਹਲ,ਸਰਬਜੀਤ, ਦਰਸ਼ਨ ਸਿੰਘ ਸਾਹਰੀ, ਅਤਰਜੀਤ, ਪੰਮੀ ਦਿਵੇਦੀ, ਯੋਧ ਸਿੰਘ,ਕਰਮਜੀਤ ਸਿੰਘ ਨਡਾਲਾ/102

ਟਾਈਟਲ ਚਿੱਤਰ : ਦੇਵ

ਚੰਦਾ-ਦਸ ਅੰਕ : ਦੇਸ : 400 ਰੁਪਏ, ਪੰਜ ਸਾਲ : 800 ਰੁਪਏ
ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 30 ਪੌਂਡ, 50 ਡਾਲਰ, ਪੰਜ ਸਾਲ 60 ਪੌਂਡ 100 ਡਾਲਰ

ਸੂਲੀ 'ਤੇ ਸੱਚ: ਅਜ਼ਮਾਇਸ਼ ਦਾ ਇਕ ਦੌਰ ਹੋਰ

ਪਹਿਲਾਂ ਨਰੇਂਦਰ ਦਾਭੋਲਕਰ, ਫਿਰ ਗੋਵਿੰਦ ਪਨਸਾਰੇ ਅਤੇ ਹੁਣ ਐਮ. ਐਮ. ਕਲਬੁਰਗੀ ਨੂੰ ਕੱਟੜਪੰਥੀਆਂ ਨੇ ਸੱਚ 'ਤੇ ਪਹਿਰਾ ਦੇਣ ਖਾਤਰ ਖਤਮ ਕਰ ਦਿੱਤਾ। ਇਹ ਤਿੰਨੇ ਸ਼ਖਸ ਰਵਾਇਤੀ ਮਨੌਤਾਂ ਅਤੇ ਧਾਰਨਾਵਾਂ ਉਤੇ ਸਵਾਲਾਂ ਦੀ ਵਾਛੜ ਕਰਦੇ ਆਏ ਸਨ। ਤਿੰਨੇ ਜਣੇ ਤਰਕਵਾਦੀ ਤਾਂ ਸਨ ਹੀ, ਨਿਆਂ ਅਤੇ ਹੱਕ-ਸੱਚ ਦੇ ਘੋਲਾਂ ਵਿਚ ਵੀ ਡਟ ਕੇ ਖੜ੍ਹਦੇ ਸਨ। ਨਰੇਂਦਰ ਦਭੋਲਕਰ ਮਹਾਰਾਸ਼ਟਰ ਵਿਚ ਅੰਧਵਿਸ਼ਵਾਸਾਂ ਖਿਲਾਫ ਜਾਨ ਹੂਲਵੀਂ ਮੁਹਿੰਮ ਚਲਾ ਰਿਹਾ ਸੀ। ਉਸ ਦੀ ਅਗਵਾਈ ਹੇਠਲੀ ਜਥੇਬੰਦੀ 'ਮਹਾਰਾਸ਼ਟਰ ਅੰਧਸ਼ਰਧਾ ਨਿਰਮੂਲਨ ਸਮਿਤੀ' ਵੱਲੋਂ ਤਿਆਰ ਕੀਤੇ ਗਏ 'ਅੰਧਵਿਸ਼ਵਾਸ ਅਤੇ ਕਾਲੇ ਜਾਦੂ ਖਿਲਾਫ ਕਾਨੂੰਨ' ਦਾ ਖਰੜਾ ਵਿਧਾਨ ਸਭਾ ਇਜਲਾਸਾਂ ਵਿਚ ਸੱਤ ਵਾਰ ਪੇਸ਼ ਹੋਇਆ, ਪਰ ਪ੍ਰਵਾਨ ਨਹੀਂ ਸੀ ਹੋਇਆ।

ਗੋਵਿੰਦ ਪਨਸਾਰੇ ਨੇ ਸ਼ਿਵਾਜੀ ਮਰਾਠਾ ਉੱਤੇ 'ਸ਼ਿਵਾਜੀ ਕੌਨ ਹੋਤਾ?' ਨਾਂ ਦੀ ਕਿਤਾਬ ਲਿਖੀ ਸੀ। ਉਸ ਨੇ ਇਸ ਕਿਤਾਬ ਵਿਚ ਸ਼ਿਵਾਜੀ ਦਾ ਜਿਹੜਾ ਅਕਸ ਪੇਸ਼ ਕੀਤਾ ਹੈ, ਉਹ ਮੂਲਵਾਦੀ ਸਿਆਸਤ ਦੀਆਂ ਜੜ੍ਹਾਂ ਹਿਲਾਉਣ ਵਾਲਾ ਹੈ। ਪਨਸਾਰੇ ਦੀ ਦਲੀਲ ਸੀ ਕਿ ਸ਼ਿਵ ਸੈਨਾ ਤੇ ਭਾਜਪਾ ਵਰਗੀਆਂ ਪਾਰਟੀਆਂ ਅਤੇ ਇਨ੍ਹਾਂ ਨਾਲ ਸੰਬੰਧਤ ਹੋਰ ਜਥੇਬੰਦੀਆਂ ਨੇ ਸ਼ਿਵਾਜੀ ਨੂੰ ਮੁਸਲਮਾਨ ਵਿਰੋਧੀ ਬਿੰਬ ਵਜੋਂ ਪੇਸ਼ ਕੀਤਾ ਹੈ, ਇਹ ਇਤਿਹਾਸ ਨਾਲ ਸਰਾਸਰ ਅਨਿਆਂ ਹੈ। ਉਸ ਨੇ ਤਾਂ ਕਤਲ ਤੋਂ ਦੋ ਹਫ਼ਤੇ ਪਹਿਲਾਂ ਸ਼ਿਵਾਜੀ ਯੂਨੀਵਰਸਿਟੀ ਵਿਚ ਆਪਣੀ ਤਕਰੀਰ ਦੌਰਾਨ ਦਲੀਲਾਂ ਸਹਿਤ ਦੱਸਿਆ ਸੀ ਕਿ ਨਾਥੂਰਾਮ ਗੋਡਸੇ ਨੂੰ ਨਾਇਕ ਵਜੋਂ ਪੇਸ਼ ਕਰਨ ਦੀ ਕਵਾਇਦ ਸਮਾਜ ਲਈ ਕਿੰਨੀ ਘਾਤਕ ਹੈ।

ਪ੍ਰੋ. ਕਲਬੁਰਗੀ ਖੋਜਕਾਰ ਸੀ ਅਤੇ ਹੈਂਪੀ ਦੀ ਕੰਨੜ ਯੂਨੀਵਰਸਿਟੀ ਦਾ ਵਾਈਸ-ਚਾਂਸਲਰ ਰਹਿ ਚੁੱਕਿਆ ਸੀ। 2006 ਵਿਚ ਉਸ ਨੂੰ ਖੋਜ ਕਾਰਜਾਂ ਵਾਲੀ ਉਸ ਦੀ ਕਿਤਾਬ 'ਮਾਰਗ-4' ਲਈ ਸਾਹਿਤ ਅਕਾਦਮੀ ਦਾ ਵੱਕਾਰੀ ਪੁਰਸਕਾਰ ਹਾਸਲ ਹੋਇਆ ਸੀ। ਪ੍ਰੋ. ਕਲਬੁਰਗੀ ਵੱਲੋਂ ਕਰਨਾਟਕ ਦੇ ਲਿੰਗਾਇਤ ਭਾਈਚਾਰੇ ਦੇ ਧਾਰਮਿਕ ਅਕੀਦਿਆਂ ਬਾਰੇ ਕੀਤੀ ਖੋਜ ਤੋਂ ਹਿੰਦੂਵਾਦੀ ਜਨੂੰਨੀ ਬਹੁਤ ਔਖੇ ਸਨ। ਜਨੂੰਨੀਆਂ ਦੇ ਜ਼ੋਰ ਕਾਰਨ ਪ੍ਰੋ. ਕਲਬੁਰਗੀ ਨੂੰ ਤਕਰੀਬਨ ਢਾਈ ਦਹਾਕੇ ਪਹਿਲਾਂ ਆਪਣੀ ਖੋਜ ਨਾਲੋਂ ਨਾਤਾ ਤੋੜਨਾ ਪਿਆ ਸੀ। ਉਸ ਵਕਤ ਉਸ ਨੇ ਐਲਾਨ ਕੀਤਾ ਸੀ ਕਿ ਇਹ ਵਿਦਵਾਨ ਵਜੋਂ ਉਸ ਦੀ ਖੁਦਕੁਸ਼ੀ ਹੈ। ਉਦੋਂ ਪ੍ਰੋ. ਕਲਬੁਰਗੀ ਨੂੰ ਹੁਬਲੀ ਦੇ ਇਕ ਮੱਠ ਉਤੇ ਪੇਸ਼ ਹੋ ਕੇ ਮੁਆਫੀ ਮੰਗਣੀ ਪਈ ਸੀ। ਅਜੇ ਕੱਲ੍ਹ ਦੀ ਤਾਂ ਗੱਲ ਹੈ, ਤਾਮਿਲ ਲੇਖਕ ਪੇਰੂਮਲ ਮੁਰੂਗਨ ਨੂੰ ਲਿਖਣਾ ਛੱਡਣ ਦਾ ਐਲਾਨ ਕਰਨਾ ਪਿਆ ਸੀ। ਚਿੱਤਰਕਾਰ ਐੱਮ. ਐੱਫ. ਹੁਸੈਨ ਮੁਲਕ-ਬਦਰ ਹੋਇਆ। ਅਜਿਹੀਆਂ ਜ਼ਿਆਦਤੀਆਂ ਵਾਲੀ ਫਹਿਰਿਸਤ ਬੜੀ ਲੰਬੀ ਹੈ। ਇਸ ਫਹਿਰਿਸਤ ਵਿਚ ਪੰਜਾਬ ਦੇ ਕਾਲ਼ੇ ਦੌਰ ਦੌਰਾਨ ਜੁਝਾਰੂਪਣ ਦੀ ਰਵਾਇਤ ਉੱਤੇ ਪਹਿਰਾ ਦੇਣ ਵਾਲੇ ਵੀ ਸ਼ਾਮਲ ਹਨ। ਉਸ ਵਕਤ ਜਦੋਂ ਗੱਲ ਦੀ ਥਾਂ ਗੋਲੀ ਹੀ ਪ੍ਰਧਾਨ ਹੋ ਗਈ ਸੀ, ਇਨ੍ਹਾਂ ਜੁਝਾਰੂਆਂ ਨੇ ਹਰ ਕੀਮਤ ਤਾਰ ਕੇ ਸੱਚ ਦਾ ਪੱਲਾ ਘੁੱਟ ਕੇ ਫੜੀ ਰੱਖਿਆ ਸੀ।

ਦਾਭੋਲਕਰ-ਪਨਸਾਰੇ-ਕਲਬੁਰਗੀ ਵਾਲੀ ਇਹ ਲੜੀ ਉਸ ਸੱਚ, ਸੋਚ ਅਤੇ ਸੰਜੀਦਗੀ ਵਾਲੀ ਲੜੀ ਹੈ ਜਿਹੜੀ ਲੋਕਾਈ ਨੂੰ ਨਿਆਂ ਦਿਵਾਉਣ ਅਤੇ ਰਵਾਇਤਾਂ ਦੀ ਕੈਦ ਵਿਚੋਂ ਕੱਢਣ ਖ਼ਾਤਰ ਉਨ੍ਹਾਂ ਨੂੰ ਵਿਗਿਆਨਕ ਸੋਚ ਨਾਲ ਜੋੜਨ ਲਈ ਤਰੱਦਦ ਕਰ ਰਹੀ ਹੈ। ਇਹ ਸਰਕਾਰੀ ਸਰਪ੍ਰਸਤੀ ਵਿਚ ਪ੍ਰਾਈਵੇਟ ਮੁਨਾਫ਼ਾਖ਼ੋਰਾਂ ਨੂੰ ਸ਼ਰੇਆਮ ਲੁੱਟ ਮਚਾਉਣ ਦੀ ਦਿੱਤੀ ਜਾ ਰਹੀ ਛੋਟ ਉੱਤੇ ਵੀ ਪ੍ਰਸ਼ਨ ਚਿੰਨ੍ਹ ਲਾਉਂਦੀ ਹੈ ਅਤੇ ਨਾਲ ਹੀ ਸ਼ਰਧਾ ਤੇ ਅੰਧਵਿਸ਼ਵਾਸ ਨਾਲ ਡੂੰਘੇ ਜੁੜੇ ਹੋਏ ਧੰਦਿਆਂ ਦੇ ਉਛਾੜ ਲਾਹ ਰਹੀ ਹੈ। ਇਹ ਲੜੀ ਅਸਲ ਵਿਚ ਅਨਿਆਂ, ਮੁਨਾਫ਼ਾਖ਼ੋਰੀ ਅਤੇ ਅੰਧ-ਵਿਸ਼ਵਾਸ ਉੱਤੇ ਸਿੱਧਾ ਸੁਆਲ ਹੈ। ਮੁਖ਼ਾਲਿਫ਼ ਧਿਰ, ਧਰਮ ਅਤੇ ਆਸਥਾ ਦੇ ਨਾਂ ਉੱਤੇ ਉਸ ਵਿਗਿਆਨਕ ਸੋਚ ਦਾ ਰਾਹ ਡੱਕ ਰਹੀ ਹੈ ਜਿਹੜਾ ਅਗਾਂਹ ਪ੍ਰਗਤੀ ਵੱਲ ਖੁੱਲ੍ਹਣਾ ਹੈ; ਤੇ ਰਾਹ ਡੱਕਣ ਦੀ ਇਸ ਸਾਜ਼ਿਸ਼ ਨੂੰ ਸਿਆਸੀ ਸਰਪ੍ਰਸਤੀ ਹਾਸਲ ਹੈ। ਕਈ ਦਹਾਕੇ ਪਹਿਲਾਂ ਪੰਜਾਬ ਦਾ ਨੌਜਵਾਨ ਭਗਤ ਸਿੰਘ ਜਦੋਂ ਜਾਬਰ ਸਰਕਾਰ ਅਤੇ ਆਪਣੇ ਆਪ ਨਾਲ ਜੂਝ ਰਿਹਾ ਸੀ ਤਾਂ ਉਸ ਨੇ ਆਪਣੇ ਲੇਖ 'ਮੈਂ ਨਾਸਤਿਕ ਕਿਉਂ ਹਾਂ?' ਵਿਚ ਇਸੇ ਮਨੁੱਖੀ ਪੁਲਾਂਘ ਦਾ ਜ਼ਿਕਰ ਕਰਦਿਆਂ ਲਿਖਿਆ ਸੀ: "ਜਿਹੜਾ ਵੀ ਮਨੁੱਖੀ ਪ੍ਰਗਤੀ ਦਾ ਹਾਮੀ ਹੈ, ਉਸ ਨੂੰ ਲਾਜ਼ਮੀ ਤੌਰ 'ਤੇ ਪੁਰਾਣੇ ਵਿਸ਼ਵਾਸ ਦੀ ਹਰ ਗੱਲ ਦੀ ਆਲੋਚਨਾ ਕਰਨੀ ਪਏਗੀ, ਇਹਦੇ ਵਿਚ ਅਵਿਸ਼ਵਾਸ ਪ੍ਰਗਟ ਕਰਨਾ ਪਏਗਾ, ਤੇ ਇਹਦੇ ਹਰ ਪਹਿਲੂ ਨੂੰ ਵੰਗਾਰਨਾ ਪਏਗਾ, ਪ੍ਰਚਲਤ ਵਿਸ਼ਵਾਸ ਦੀ ਇਕੱਲੀ-ਇਕੱਲੀ ਗੱਲ ਦੀ ਬਾ-ਦਲੀਲ ਪੁਣ-ਛਾਣ ਕਰਨੀ ਹੋਵੇਗੀ। ... ਨਿਰਾ ਵਿਸ਼ਵਾਸ ਅਤੇ ਅੰਨ੍ਹਾ ਵਿਸ਼ਵਾਸ ਖ਼ਤਰਨਾਕ ਹੁੰਦਾ ਹੈ; ਇਹ ਦਿਮਾਗ਼ ਨੂੰ ਕੁੰਦ ਬਣਾਉਂਦਾ ਹੈ ਤੇ ਬੰਦੇ ਨੂੰ ਪ੍ਰਤੀਗਾਮੀ ਬਣਾ ਦਿੰਦਾ ਹੈ।"

ਇਹੀ ਕੁਝ ਤਾਂ ਅੱਜ ਦਾ ਸ਼ਾਸਕ ਅਤੇ ਮੂਲਵਾਦੀ ਹਜੂਮ ਕਰ ਰਿਹਾ ਹੈ। ਬੰਦੇ ਨੂੰ ਸਵਾਲ ਕਰਨ ਤੋਂ ਰੋਕਿਆ ਜਾ ਰਿਹਾ ਹੈ। ਅੱਜ ਜਦੋਂ ਮੁਲਕ ਅੰਦਰ ਮੂਲਵਾਦੀ ਤਾਕਤਾਂ ਸੱਤਾ ਦੇ ਜ਼ੋਰ, ਆਪਣੀ ਹਰ ਜ਼ਿਦ ਪੁਗਾਉਣ ਲਈ ਅੜੀਆਂ ਹੋਈਆਂ ਹਨ, ਤਾਂ ਮੁਲਕ ਦੇ ਸਭਿਆਚਾਰ ਮੰਤਰੀ ਦਾ ਇਹ ਬਿਆਨ, ਕਿ 'ਸਾਬਕਾ ਰਾਸ਼ਟਰਪਤੀ ਏ. ਪੀ. ਜੇ. ਅਬਦੁੱਲ ਕਲਾਮ ਮੁਸਲਮਾਨ ਹੋਣ ਦੇ ਬਾਵਜੂਦ ਰਾਸ਼ਟਰਵਾਦੀ ਸਨ', ਕੋਈ ਵਕਤੀ ਵੰਗਾਰ ਨਹੀਂ। ਇਹ ਉਹ ਵੰਗਾਰ ਹੈ ਜਿਹੜੀ ਚਿਰਾਂ ਤੋਂ ਬੰਦੇ ਦੇ ਪੈਰ ਟੁੱਕਦੀ ਆ ਰਹੀ ਹੈ। ਇਹ ਅੱਜ ਦੇ ਵਕਤ ਦੀ ਵੰਗਾਰ ਹੈ, ਇਸ ਲਈ ਇਕ ਵਾਰ ਫਿਰ ਸਿਆਸੀ, ਸਮਾਜਕ ਅਤੇ ਸਭਿਆਚਾਰਕ ਪੱਧਰ 'ਤੇ ਹੰਭਲਾ ਮਾਰਨਾ ਪਵੇਗਾ। ਇਸ ਦੇ ਨਾਲ-ਨਾਲ ਉਹ ਕਾਰਨ ਲੱਭਣ ਦਾ ਯਤਨ ਵੀ ਕਰਨਾ ਪਵੇਗਾ ਜਿਸ ਕਾਰਨ ਇਹ ਤਾਕਤਾਂ ਇਸ ਕਦਰ ਸਿਰ ਤਕ ਚੜ੍ਹ ਆਈਆਂ ਹਨ। ਇਸ ਪ੍ਰਸੰਗ ਵਿਚ ਸਭ ਤੋਂ ਪਹਿਲਾ ਕਾਰਜ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦਾ ਹੋਵੇਗਾ। ਇਹ ਕਾਰਜ ਅਕਸਰ ਖੁੰਝ ਜਾਂਦਾ ਰਿਹਾ ਹੈ। ਕਹਿਣ ਦਾ ਭਾਵ, ਹਰ ਉਹ ਮੋਰੀ ਮੁੰਦਣ ਦੀ ਕਵਾਇਦ ਹੋਣੀ ਚਾਹੀਦੀ ਹੈ ਜਿਸ ਨਾਲ ਸੱਚ ਤੇ ਸੰਜੀਦਾ ਸੋਚ ਅੱਜ ਇਉਂ ਦਾਅ ਉਤੇ ਲੱਗ ਗਏ ਹਨ। ਉਂਝ, ਸੁਖਦ ਸੁਨੇਹਾ ਇਹ ਹੈ ਕਿ ਦਹਾਕਿਆਂ ਦੀ ਪਛਾੜ ਤੋਂ ਬਾਅਦ ਸੰਸਾਰ ਭਰ ਵਿਚ ਬਹੁਤ ਸਾਰੇ ਥਾਈਂ ਸੱਚ ਤੇ ਸੰਜੀਦਾ ਸੋਚ ਵਾਲੀ ਸਿਆਸਤ ਉੱਤੇ ਪਹਿਰਾ ਦੇਣ ਵਾਲੇ ਫਿਰ ਆਵਾਜ਼ ਬੁਲੰਦ ਕਰ ਰਹੇ ਹਨ ਅਤੇ ਇਸ ਸੁੱਚੀ ਸਿਆਸਤ ਦੀਆਂ ਬਾਤਾਂ ਫਿਰ ਪੈਣ ਲੱਗੀਆਂ ਹਨ। ਦਰਅਸਲ, ਇਹ ਸੱਚ ਨਾਲ ਜੁੜੇ ਹਰ ਬੰਦੇ ਦੀ ਲੜਾਈ ਹੈ ਜਿਸ ਉੱਤੇ ਦਭੋਲਕਰ, ਪਨਸਾਰੇ ਤੇ ਕਲਬੁਰਗੀ ਵਰਗਿਆਂ ਨੇ ਪਹਿਰਾ ਦਿੱਤਾ। ਲੜਾਈ ਦੀ ਇਹ ਲੜੀ ਅਟੁੱਟ ਹੈ ਅਤੇ ਅਟੁੱਟ ਰਹਿਣੀ ਚਾਹੀਦੀ ਹੈ।❑❑

ਦੋ ਕਵਿਤਾਵਾਂ: ਲਖਵਿੰਦਰ ਜੌਹਲ

ਮੈਂ ਕੀ ਕੀਤਾ?

ਮੈਂ ਕੀ ਕੀਤਾ? ਕੀ ਮੈਂ ਕੀਤਾ?

ਰੋਟੀ ਖਾਤਰ ਅੰਨ੍ਹਾ ਹੋਇਆ, ਰੁਤਬੇ ਖਾਤਰ ਗੁੰਗਾ
ਸ਼ੁਹਰਤ ਖਾਤਰ ਬਣਿਆ ਢੌਂਗੀ, ਕੁਨਬੇ ਖਾਤਰ ਬੋਲ਼ਾ

ਮੱਕੇ ਜਾ ਜਾ ਸਿਜਦਾ ਕੀਤਾ, ਅੰਬਰਸਾਰ ਅਰਦਾਸਾਂ
ਹਰਿ ਕੀ ਪਉੜੀ ਹਰਿ ਹਰਿ ਹਰਿ ਹਰਿ, ਦਿਨ ਦੇਖੇ ਨਾ ਰਾਤਾਂ

ਮੋਢੇ ਉੱਤੇ ਸੂਲੀ ਚੁੱਕ ਕੇ, ਤੁਰਿਆ ਸਦੀਆਂ
ਬੋਧ ਬਿਰਖ ਦੀ ਛਾਂਵੇਂ ਬਹਿ ਕੇ, ਮੋਖਸ਼ ਮੰਗਿਆ
ਦੁਨੀਆਂ ਕੋਲੋਂ ਪਾਸਾ ਵੱਟ ਕੇ ਸਦੀਆਂ ਸੁੱਤਾ...
ਜਾਗਣ ਉੱਤੇ ਇਕ ਇਕ ਕਰ ਕੇ ਤਾਰੇ ਗਿਣ ਕੇ
ਹੱਡਾਂ ਦੀ ਕੜਕੜ ਨੂੰ ਸੁਣਿਆ

ਚਿਹਰੇ 'ਤੇ ਮੁਸਕਾਨ ਲਿਆ ਕੇ, ਹੱਥ ਫੈਲਾ ਕੇ
ਜੋ ਜੋ ਮੰਗਿਆ, ਸੋ ਸੋ ਮਿਲ਼ਿਆ...
ਜੋ ਜੋ ਮਿਲ਼ਿਆ
ਚੁੱਕ ਚੁੱਕ ਭਰੇ ਕਲਾਵੇ, ਨਿਰੇ ਛਲਾਵੇ
ਨਿਰੇ ਛਲਾਵੇ ਸਹਿ ਸਹਿ ਥੱਕਿਆ, ਸੀਅ ਨਾ ਕੀਤਾ...
ਮੈਂ ਕੀ ਕੀਤਾ? ਕੀ ਮੈਂ ਕੀਤਾ

ਗ਼ਦਰ ਮਚਾਉਣਾ ਪੈਣਾ

ਬੇਸੁਰ ਜੀਵਨ ਸੁਰ ਕਰਨਾ ਤਾਂ
ਤਰਬਾਂ ਨੂੰ ਤੁਣਕਾਉਣਾ ਪੈਣਾ
ਦੁੱਖ ਦਲਿੱਦਰ ਦੂਰ ਕਰਨ ਲਈ
ਮੁੜ ਕੇ ਗ਼ਦਰ ਮਚਾਉਣਾ ਪੈਣਾ

ਟੁੱਟੀਆਂ ਤਾਰਾਂ, ਜ਼ਖਮੀ ਉਂਗਲਾਂ
ਤਾਂ ਵੀ ਰਾਗ ਨਿਵੇਲਾ ਗਾਵਾਂ
ਸੁਹਣੀ ਧਰਤੀ ਵਾਲਾ ਸੁਪਨਾ
ਨੀਂਦਰ ਵਿਚੋਂ ਲੱਭ ਲਿਆਵਾਂ
ਸਾਂਝਾਂ ਦੀ ਸਰਗਮ ਦਾ ਸੂਰਜ
ਮੱਥੇ ਵਿਚ ਮਘਾਉਣਾ ਪੈਣਾ। ਮੁੜਕੇ ਗ਼ਦਰ...

ਭੁੱਖ ਗ਼ਰੀਬੀ ਫਿਰਕੇਦਾਰੀ
ਮੂੰਹ ਅੱਡੀ ਵਿਕਰਾਲ ਖੜ੍ਹੇ ਨੇ
ਧਰਮ-ਧੜੇ ਬਣ ਤੰਤਰ ਮੰਤਰ
ਅੜ ਕੇ ਨਾਲ਼ੋ ਨਾਲ਼ ਖੜ੍ਹੇ ਨੇ

ਮਨ ਅੰਬਰ ਤੋਂ ਕਾਲਖ ਵਾਲਾ
ਸੂਰਜ ਪਰ੍ਹਾਂ ਹਟਾਉਣਾ ਪੈਣਾ। ਮੁੜ ਕੇ ਗ਼ਦਰ...

ਦਾਨਸ਼ਵਰ ਸਭ ਦੁਨੀਆ ਗਾਹ ਕੇ
ਮੁੜ ਆਪਣੀ ਮਿੱਟੀ ਨੂੰ ਆਏ
ਅੱਖਾਂ ਅੰਦਰ ਜਗਦੀ ਮੰਜ਼ਿਲ
ਰਾਹਾਂ ਵਿਚ ਹੀ ਰੁਲ਼ ਨਾ ਜਾਏ
ਦੇਸ਼ ਦੀ ਅਸਮਤ ਸਾਂਭਣ ਖਾਤਰ
ਆਪਣਾ ਸੀਸ ਕਟਾਉਣਾ ਪੈਣਾ...
ਦੁੱਖ ਦਲਿੱਦਰ ਦੂਰ ਕਰਨ ਲਈ
ਮੁੜ ਕੇ ਗ਼ਦਰ ਮਚਾਉਣਾ ਪੈਣਾ।❑❑

(20 ਪ੍ਰੋਫੈਸਰ ਕਲੋਨੀ, ਖੁਰਲਾ ਕਿੰਗਰਾ ਰੋਡ, ਜਲੰਧਰ)

ਚਾਹਤ: ਗੁਰਨਾਮ ਢਿੱਲੋਂ

ਬਚਪਨ ਵਿਚ ਸੁਪਨੇ ਆਉਂਦੇ
ਗੀਤ ਗਾਇਆ ਕਰਾਂ, ਤਵੇ ਭਰਵਾਇਆ ਕਰਾਂ
ਪੜ੍ਹਾਈ ਕਰਾਂ, ਅਫ਼ਸਰ ਬਣਾਂ
ਦੇਸ਼ ਦੀ ਸੇਵਾ ਕਰਾਂ।

ਪਰੰਤੂ
ਜ਼ਿੰਦਗੀ ਦੇ ਦੋ ਮਹੀਨੇ ਘੱਟ ਇੱਕੀਵੇਂ ਵਰ੍ਹੇ
ਇੰਗਲੈਂਡ ਆਉਣਾ ਪੈ ਗਿਆ
ਫੈਕਟਰੀ ਵਿਚ ਕਲੱਕ ਲਾਉਣਾ ਪੈ ਗਿਆ
ਲੋਹੇ ਨਾਲ ਲੋਹਾ ਹੋਣਾ ਪੈ ਗਿਆ।

ਸੁਪਨੇ ਕੀ ਕੀ ਆਏ!
ਬਣ ਕੀ ਦਾ ਕੀ ਗਿਆ!!

ਸੁਪਨਾ ਕਦੀ ਵੀ ਨਹੀਂ ਆਇਆ
ਲੰਡਨ ਵਿਚ ਡਾਕੀਆ ਬਣਾਂ
ਵਿਉਪਾਰ ਕਰਾਂ, ਐਡਵਾਈਜ਼ਰ ਬਣਾਂ
ਸੇਵਾ ਮੁਕਤ ਹੋ ਜਾਵਾਂ।

ਸੁਪਨਾ ਆਇਆ
ਤਿੰਨ ਚਾਰ ਸਾਲ ਇੰਗਲੈਂਡ ਵਿਚ ਲਾਵਾਂ
ਫਿਰ ਭਾਰਤ ਨੂੰ ਪਰਤ ਜਾਵਾਂ
ਬਚਪਨ ਦੇ ਬੇਲੀਆਂ ਸੰਗ ਜ਼ਿੰਦਗੀ ਬਿਤਾਵਾਂ।

ਸੁਪਨਾ ਕਦੀ ਵੀ ਨਹੀਂ ਆਇਆ
ਕਿ ਬੱਸ, ਇੰਗਲੈਂਡ ਜੋਗਾ ਹੋ ਕੇ ਹੀ ਰਹਿ ਜਾਵਾਂ
ਪੋਰਟਸਮੱਥ ਵਿਚ ਪੱਕਾ ਡੇਰਾ ਜਮਾਵਾਂ।

ਸੁਪਨੇ ਤਾਂ ਨਿਰੇ ਸੁਪਨੇ ਹੁੰਦੇ ਹਨ ਯਾਰੋ
ਜੰਮਦੇ, ਮਰਦੇ, ਵਿਸਰਦੇ, ਢਹਿੰਦੇ,
ਉਸਰਦੇ ਰਹਿੰਦੇ।

ਪਵਿੱਤਰ ਆਤਮਾ ਦੋਸ਼ੀ ਠਹਿਰ ਜਾਵੇ
ਅਤੇ ਦੋਸ਼ੀ ਰਿਹਾਅ ਹੋ ਜਾਵੇ।

ਪਰ ਇਕ ਚਾਹਤ ਦੀ ਖੁਸ਼ਬੂ ਨਿਰੰਤਰ ਜਿੰਦਾ ਹੈ ਰਹਿੰਦੀ
ਸੰਘਰਸ਼ ਜਾਰੀ ਰੱਖਣ ਨੂੰ ਕਹਿੰਦੀ
ਜ਼ਿੰਦਗੀ ਦੀ ਗਤੀ ਪ੍ਰਚੰਡ ਹੈ ਰਹਿੰਦੀ।

ਜਨਮ, ਦਰਿਆ ਬਿਆਸ ਦੇ ਐਨ ਕੰਢੇ ਪਿੰਡ ਢਿਲਵਾਂ
ਵਸੇਬਾ ਸਮੁੰਦਰ ਦੇ ਐਨ ਕੰਢੇ ਸ਼ਹਿਰ ਪੋਰਟਸਮੱਥ
ਦਰਿਆ ਦੀ ਅਸਲੀਅਤ ਜਾ ਕੇ ਸਮੁੰਦਰ ਵਿਚ ਡਿੱਗ ਪੈਣਾ
ਭਾਗ ਬਣ ਜਾਣਾ, ਮੁਕਤ ਹੋ ਜਾਣਾ
ਪਿੱਛੇ ਨੈਣਾਂ ਨਕਸ਼ਾਂ ਦੀ ਇਕ ਲੰਮੀ ਪੈੜ ਛੱਡ ਜਾਣਾ
ਪਿੰਡ ਦੀ ਅਸਲੀਅਤ ਸ਼ਹਿਰ ਵਿਚ ਗੁੰਮ ਹੋ ਜਾਣਾ।

ਸੁਪਨੇ ਤਾਂ ਨਿਰੇ ਸੁਪਨੇ ਹੁੰਦੇ ਹਨ ਯਾਰੋ...
ਪਰੰਤੂ ਇਕ ਚਾਹਤ ਦੀ ਖੁਸ਼ਬੂ ਨਿਰੰਤਰ ਜਿੰਦਾ ਹੈ ਰਹਿੰਦੀ
ਸੰਘਰਸ਼ ਜਾਰੀ ਰੱਖਣ ਨੂੰ ਕਹਿੰਦੀ
ਜ਼ਿੰਦਗੀ ਦੀ ਗਤੀ ਪ੍ਰਚੰਡ ਹੈ ਰਹਿੰਦੀ...।❑❑

(White Lodge, 39 Bullscope Lane, Horndean,
Waterlooville, Hants, U.K. PO8 9RA)

ਭੂਤ-ਤਿੰਨ ਨਜ਼ਮਾਂ: ਸਰਬਜੀਤ ਜਸ

ਭੂਤ-1

ਪਹਿਲੀ ਘੜੀ
ਉਹ ਮੇਰੇ ਕੋਲ਼ ਹੀ ਤਾਂ ਖੜ੍ਹਾ ਸੀ
ਮੇਰੇ ਵੱਲ ਬਿਟ ਬਿਟ ਝਾਕਦਾ
ਜਿਵੇਂ ਉਸ ਨੇ ਔਰਤ ਪਹਿਲੀ ਵਾਰ ਵੇਖੀ ਹੋਵੇ
ਮੈਨੂੰ ਵੀ ਉਸ 'ਚੋਂ
'ਪ੍ਰਥਮ ਮਰਦ' ਦਾ ਝਓਲ਼ਾ ਪਿਆ ਸੀ

ਬੱਸ ਪਲਕਾਂ ਹੀ ਝਪਕੀਆਂ ਸੀ ਮੈਂ
ਉਹ ਮੇਰੇ ਕੋਲ਼ ਨਹੀਂ ਸੀ

ਮੈਨੂੰ ਨਾਸਤਕ ਨੂੰ ਦੂਸਰੀ ਘੜੀ ਹੀ
ਭੂਤਾਂ 'ਤੇ ਵਿਸ਼ਵਾਸ ਹੋ ਗਿਆ

ਭੂਤ-2

ਉਹ ਜੋ ਮੇਰੇ ਖੇਤ 'ਚ ਖੜ੍ਹਾ ਸੀ
ਚਿੜੀਆਂ ਕਬੂਤਰ ਕਾਂ ਉਡਾਉਣ ਵਾਲਾ
ਡਰਨਾ ਨਹੀਂ ਸੀ
ਉਹ ਤਾਂ ਬਾਜ਼ ਵਰਗਾ ਬੰਦਾ ਸੀ ਕੋਈ
ਜੋ ਨੋਚ ਗਿਆ
ਮੇਰੇ ਸੁਨਹਿਰੀ ਦਾਣਿਆਂ ਉਪਰਲਾ ਸੋਨਾ

ਤੁਹਾਨੂੰ ਉਹ ਡਰਨਾ ਦਿੱਸਦਾ ਸੀ
ਮੈਨੂੰ ਉਹ ਮਨੁੱਖ ਦਿੱਸਦਾ ਸੀ

ਹੋ ਸਕਦੈ
ਉਹ ਨਾ ਡਰਨਾ ਹੋਵੇ
ਨਾ ਮਨੁੱਖ ਹੋਵੇ
ਸਾਡੇ ਸੁਪਨਿਆਂ ਦੇ ਕਬਰਸਤਾਨ ਵੱਲੋਂ ਆਉਂਦਾ
ਕੋਈ ਭੂਤ ਹੀ ਹੋਵੇ
ਚਲੋ ਉਸ ਦਾ ਖੁਰਾ-ਖੋਜ ਲੱਭੀਏ।

ਭੂਤ-3

ਪਹਿਲੀ ਨਜ਼ਰੇ
ਉਹ ਮੈਨੂੰ ਬੰਦਾ ਜਾਪਿਆ ਸੀ
'ਡਾਰਵਿਨ' ਦੇ ਸੁਪਨਿਆਂ ਦਾ ਸ਼ਹਿਜ਼ਾਦਾ
ਉਸ ਦੇ ਵਿਕਾਸਸ਼ੀਲ ਸਿਧਾਂਤ ਦਾ ਪ੍ਰਮਾਣ-ਪੱਤਰ

ਬੱਸ ਹੋਣ ਹੀ ਲੱਗੀ ਸੀ
ਉਸ ਦੀ ਇਨਸਾਨੀਅਤ ਅੱਗੇ ਨਤਮਸਤਕ
ਕਿ ਅਚਾਨਕ ਉਸ ਦੇ ਸਿੰਗ ਉੱਗ ਆਏ

ਉਹ ਬੰਦਾ ਸੀ ਕਿ ਜਾਨਵਰ
ਇਹ ਸ਼ੱਕ ਮਿਟਾਉਣ ਲਈ
ਤੇ ਆਪਣਾ ਡਰ ਹਟਾਉਣ ਲਈ
ਮੈਂ ਉਸ ਨੂੰ ਛੂਹ ਕੇ ਵੇਖਣਾ ਚਾਹਿਆ
ਪਰ ਹੱਥ 'ਚ ਹਵਾ ਤੋਂ ਸਿਵਾ
ਕੁਝ ਨਾ ਆਇਆ

ਮੇਰਾ ਉਪਰਲਾ ਸਾਹ ਉਪਰ
ਤੇ ਹੇਠਲਾ ਸਾਹ ਹੇਠਾਂ ਰਹਿ ਗਿਆ
ਉਹ ਤਾਂ ਭੂਤ ਸੀ ❑❑

(218 ਘੁੰਮਣ ਨਗਰ, ਸਰਹੰਦ ਰੋਡ,ਪਟਿਆਲਾ)

ਚੀਅਰਜ਼ : ਕਹਾਣੀ : ਹਰਜੀਤ ਅਟਵਾਲ

ਰਣਬੀਰ ਸਿੰਘ ਤਾਰਾ ਨੂੰ ਗੁਰਦਵਾਰੇ ਤੋਂ ਲੈ ਕੇ ਮੁੜਦਾ ਹੈ ਤਾਂ ਸਕੂਲੋਂ ਮੁੜੀ ਰਿੰਕੀ ਗੁਆਂਢੀ ਟਰਕਾਂ ਦੇ ਮੁੰਡੇ ਰਹਿਮਤ ਨਾਲ ਹੱਸ ਹੱਸ ਕੇ ਗੱਲਾਂ ਕਰਦੀ ਦਿਸਦੀ ਹੈ। ਰਣਬੀਰ ਨੂੰ ਬੁਰਾ ਤਾਂ ਲਗਦਾ ਹੈ ਪਰ ਤਾਰਾ ਨੂੰ ਮਜ਼ਾਕ ਕਰਦਾ ਹੈ,

"ਲਗਦੈ ਇਹ ਰਹਿਮਤ ਤੇਰਾ ਜਵਾਈ ਬਣਨ ਦੀ ਕੋਸ਼ਿਸ਼ ਵਿਚ ਐ।"

"ਗੋਲ਼ੀ ਨਾ ਮਾਰ ਦੇਊਂ, ਵਿਚੇ ਮਹਿਮਤ ਦੇ ਤੇ ਵਿਚੇ ਰਿੰਕੀ ਦੇ!" ਤਾਰਾ ਪੂਰਾ ਗੁੱਸੇ ਵਿਚ ਆਉਂਦਿਆਂ ਆਖਦੀ ਹੈ। ਤੇ ਫਿਰ ਰਿੰਕੀ ਨੂੰ ਅੰਦਰ ਬੁਲਾ ਕੇ ਕੁਝ ਸਮਝਾਉਣ ਲਗਦੀ ਹੈ।

ਇਹ ਪੁਰਾਣੀ ਗੱਲ ਹੈ। ਹੁਣ ਤਾਂ ਰਿੰਕੀ ਯੂਨੀ ਚਲੇ ਗਈ ਹੈ।

ਪਰ ਉਸ ਦਿਨ ਰਣਬੀਰ ਤਾਰਾ ਨੂੰ ਸਮਝਾਉਂਦਾ ਕਹਿੰਦਾ ਹੈ,

"ਏਨੇ ਖਫਾ ਨਹੀਂ ਹੋਈਦਾ, ਜ਼ਮਾਨਾ ਬਦਲ ਰਿਹੈ, ਖਾਸ ਤੌਰ 'ਤੇ ਜਿਸ ਸਮਾਜ ਦਾ ਆਪਾਂ ਹਿੱਸਾ ਬਣੇ ਆਂ ਇਸ ਵਿਚ ਇਹੋ ਕੁਝ ਹੀ ਹੋਣਾਂ। ਹਾਰਟ ਅਟੈਕ ਕਰਾਉਣ ਨਾਲੋਂ ਬਿਹਤਰ ਐ ਕਿ ਸਮੇਂ ਨਾਲ ਬਦਲ ਜਾਓ।"

ਤਾਰਾ ਕੁਝ ਨਹੀਂ ਬੋਲਦੀ। ਹਾਲੇ ਪਿੱਛੇ ਜਿਹੇ ਹੀ ਤਾਂ ਉਸ ਦੀ ਭੈਣ ਦੀ ਕੁੜੀ ਨੇ ਗੋਰੇ ਨਾਲ ਵਿਆਹ ਕਰਾਇਆ ਹੈ ਜੋ ਸਭ ਨੇ ਮਨਜ਼ੂਰ ਵੀ ਕਰ ਲਿਆ ਹੈ। ਰਣਬੀਰ ਆਪਣੀ ਗੱਲ ਕਹਿੰਦਾ ਰਹਿੰਦਾ ਹੈ,

"ਜੇ ਕੋਈ ਬੱਚਾ ਆ ਕੇ ਕਹਿ ਦੇਵੇ ਕਿ ਮੈਂ ਫਲਾਨੇ ਨਾਲ ਵਿਆਹ ਕਰਾਉਣੈ ਤਾਂ ਤੁਸੀਂ ਕੀ ਕਰੋਂਗੇ? ਦੋ ਰਾਹ ਹੋਣਗੇ ਤੁਹਾਡੇ ਕੋਲ਼। ਇਕ ਤਾਂ ਇਹ ਕਿ ਬੱਚੇ ਦੇ ਖਿਲਾਫ ਹੋ ਜਾਵੋ ਤੇ ਘਰ ਵਿਚ ਹੰਗਾਮਾ ਖੜ੍ਹਾ ਕਰੋ, ਲੜਾਈ-ਝਗੜਾ! ...ਦੂਜਾ ਬੱਚੇ ਦੀ ਗੱਲ ਮੰਨ ਲਵੋ। ਖਿਲਾਫ ਹੋਵੋਂਗੇ ਤਾਂ ਬੱਚਾ ਬਗ਼ਾਵਤ ਕਰੇਗਾ, ਘਰੋਂ ਚਲੇ ਜਾਵੇਗਾ, ਤੁਸੀਂ ਦੁਖੀ ਹੋਵੋਂਗੇ ਤੇ ਨਾਲ ਹੀ ਬੱਚਾ ਵੀ। ਪਰ ਜੇ ਉਸ ਦੀ ਗੱਲ ਨੂੰ ਮੰਨ ਲਵੋਂਗੇ ਤਾਂ ਥੋੜ੍ਹੀ ਕੁ ਮਾਨਸਿਕ ਤਕਲੀਫ ਤਾਂ ਹੋਵੇਗੀ ਪਰ ਸਾਰੇ ਸੁਖੀ ਰਹੋਂਗੇ।"

"ਪਰ ਜੇ ਬੱਚਾ ਜਾਤ-ਕੁਜਾਤ ਨਾ ਦੇਖੇ, ਰੰਗ ਨਾ ਦੇਖੇ ਤਾਂ...?"

"ਜਾਤ, ਰੰਗ ਤੇਰੀ-ਮੇਰੀ ਪਰੋਬਲਮ ਐ, ਇਹਨਾਂ ਦੀ ਨਹੀਂ। ਇਹ ਤਾਂ ਇੰਗਲੈਂਡ ਐ, ਇੰਡੀਆ ਵਿਚ ਵੀ ਮਾਪਿਆਂ ਨੂੰ ਬੱਚਿਆਂ ਮਗਰੇ ਲੱਗਣਾ ਪੈ ਰਿਹੈ। ਇਹੀ ਨਵੀਂ ਦੁਨੀਆਂ!"

"ਖੂਹ 'ਚ ਪਵੇ ਇਹ ਮੁਲਕ, ਇਹ ਨਵੀਂ ਦੁਨੀਆਂ!" ਤਾਰਾ ਆਖਦੀ ਹੈ। ਰਣਬੀਰ ਵਾਂਗ ਬਦਲਣ ਲਈ ਹਾਲੇ ਪੂਰੀ ਤਰ੍ਹਾਂ ਤਿਆਰ ਨਹੀਂ ਹੈ।

ਸਾਰੀ ਉਮਰ ਆਲ਼ਾ-ਦੁਆਲ਼ਾ ਦੇਖਦਿਆਂ ਰਣਬੀਰ ਦਾ ਏਨਾ ਕੁ ਤਜਰਬਾ ਹੋ ਚੁੱਕਿਆ ਹੈ ਕਿ ਪੁਰਾਣੀਆਂ ਸੋਚਾਂ ਦਾ ਤਿਆਗ ਬੱਚੇ ਦੇ ਤਿਆਗ ਮੁਕਾਬਲੇ ਬਹੁਤ ਛੋਟਾ ਹੈ। ਇਸ ਲਈ ਦੋਸਤਾਂ ਵਿਚ ਜਦ ਵੀ ਇਸ ਬਾਰੇ ਗੱਲ ਚੱਲਦੀ ਤਾਂ ਉਹ ਇਕ ਦਮ ਕਹਿ ਦਿੰਦਾ,

"ਮੈਂ ਤਾਂ ਬਈ ਸੂਟ ਖਰੀਦ ਰੱਖਿਐ, ਜਿੱਦਣ ਮੁੰਡਾ ਕਹੇਗਾ ਕਿ ਡੈਡੀ ਅੱਜ ਮੇਰਾ ਵਿਆਹ ਐ, ਬਸ, ਮੈਂ ਤਿਆਰ ਹੋ ਕੇ ਪੁੱਜ ਜਾਵਾਂਗਾ।"

ਉਸ ਦੇ ਦੋਸਤਾਂ ਵਿਚ ਇਸ ਵਿਸ਼ੇ 'ਤੇ ਗੱਲਾਂ ਹੁੰਦੀਆਂ ਹੀ ਰਹਿੰਦੀਆਂ ਹਨ। ਬਹੁਤੇ ਦੋਸਤ ਉਸ ਦੀਆਂ ਗੱਲਾਂ ਨਾਲ ਸਹਿਮਤ ਹੁੰਦੇ ਹਨ ਪਰ ਕੁਝ ਉਸ ਨੂੰ ਲੋੜੋਂ ਵੱਧ ਖੁਲ੍ਹੇ ਵਿਚਾਰਾਂ ਦਾ ਹੋਣ ਦਾ ਫਤਵਾ ਵੀ ਦੇਣ ਲਗਦੇ ਹਨ।

ਤਾਰਾ ਇਸ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਹੈ ਪਰ ਰਣਬੀਰ ਉਸ ਨੂੰ ਇਸ ਸਭ ਲਈ ਤਿਆਰ ਕਰਦਾ ਰਹਿੰਦਾ ਹੈ। ਉਹ ਕਹਿੰਦਾ ਹੈ,

"ਦੇਖ, ਦੋ ਗੱਲਾਂ ਤੈਅ ਨੇ, ਇਕ ਤਾਂ ਇਹ ਵਿਆਹ ਆਪਣੀ ਮਰਜ਼ੀ ਦਾ ਕਰਾਉਣਗੇ ਤੇ ਦੂਜੇ ਵਿਆਹ ਕਰਾ ਕੇ ਅਲੱਗ ਹੋ ਜਾਣਗੇ। ਰਿੰਕੀ ਤਾਂ ਕੁੜੀ ਐ, ਵਿਆਹ ਕਰਾ ਕੇ ਆਪਣੇ ਘਰ ਹੀ ਜਾਵੇਗੀ ਪਰ ਵਿੱਕੀ ਨੇ ਵੀ ਸਾਡੇ ਨਾਲ ਨਹੀਂ ਰਹਿਣਾ, ਏਸ ਲਈ ਆਪਾਂ ਨੂੰ ਤਿਆਰ ਰਹਿਣਾ ਪੈਣੈ। ਆਪਣੇ ਆਂਢ-ਗੁਆਂਢ, ਦੋਸਤੀ-ਰਿਸ਼ਤੇਦਾਰੀ ਵਿਚ ਦੂਰ ਤਕ ਨਿਗਾਹ ਮਾਰ ਕੇ ਦੇਖ, ਮੁੰਡਾ ਵਿਆਹ ਕਰਾਉਂਦਾ ਹੀ ਅਲੱਗ ਹੋ ਜਾਂਦੈ। ਆਪਣੇ ਨਾਲ ਵੀ ਏਦਾਂ ਹੀ ਹੋਣੈਂ।"

"ਇਹਦਾ ਮਤਲਬ ਸਾਡਾ ਬੁੱਢਾਪਾ ਰੁਲ਼ੇਗਾ?"

"ਇਹਦੇ ਬਾਰੇ ਬਹੁਤਾ ਫਿਕਰ ਨਾ ਕਰ, ਹਾਲੇ ਤਾਂ ਆਪਣੇ ਰਿਟਾਇਰ ਹੋਣ ਵਿਚ ਬਹੁਤ ਸਾਲ ਪਏ ਆ, ਫੇਰ ਅਸੀਂ ਵੀਹ-ਵੀਹ ਸਾਲ ਪੈਨਸ਼ਨਾਂ ਖਾਣੀਆਂ ਤੇ ਫੇਰ ਜਾ ਕੇ ਕਿਤੇ ਬੁੱਢੇ ਹੋਵਾਂਗੇ, ਤੂੰ ਦੇਖਦੀ ਜਾਹ, ਏਹਨਾਂ ਨੂੰ ਬੁੱਢੇ ਕਰ ਕੇ ਬੁੱਢੇ ਹੋਵਾਂਗੇ।" ਪਤੀ ਦੀਆਂ ਗੱਲਾਂ 'ਤੇ ਤਾਰਾ ਹੱਸਦੀ ਹੈ।...

ਜੁਲਾਈ ਦਾ ਮਹੀਨਾ ਹੈ। ਰਣਬੀਰ ਗਾਰਡਨ ਵਿਚ ਬੈਠਾ ਧੁੱਪ ਸੇਕ ਰਿਹਾ ਹੈ। ਫੋਨ ਦੀ ਘੰਟੀ ਵਜਦੀ ਹੈ। ਇੰਡੀਆ ਤੋਂ ਵਚਿੱਤਰ ਸਿੰਘ ਦਾ ਹੈ। ਉਹ ਕਾਹਲ਼ੀ ਵਿਚ ਹੈਲੋ ਕਹਿੰਦਾ ਹੈ। ਪੁਰਾਣੇ ਦੋਸਤ ਹਨ। ਘੰਟਾ ਭਰ ਗੱਲਾਂ ਕਰਦੇ ਰਹਿੰਦੇ ਹਨ। ਗੱਲਾਂ ਵਿਚ ਹੀ ਵਚਿੱਤਰ ਸਿੰਘ ਉਸ ਨੂੰ ਦੱਸਦਾ ਹੈ ਕਿ ਉਸ ਦੀ ਕੁੜੀ ਨੇ ਮਾਸਟਰ ਕਰ ਲਈ ਹੈ, ਜੇ ਕੋਈ ਮੁੰਡਾ ਨਿਗਾਹ ਵਿਚ ਹੋਵੇ ਤਾਂ ਦੱਸੇ। ਸਾਫ ਹੈ ਕਿ ਉਹ ਵਿੱਕੀ ਬਾਰੇ ਹੀ ਗੱਲ ਕਰ ਰਿਹਾ ਹੈ। ਵਿੱਕੀ ਵੀ ਤਾਂ ਹੁਣ ਛੱਬੀਆਂ ਦਾ ਹੋ ਗਿਆ ਹੈ। ਡਿਗਰੀ ਕਰਕੇ ਤਿੰਨ ਸਾਲ ਹੋ ਗਏ ਹਨ ਨੌਕਰੀ ਕਰਦੇ ਨੂੰ ਵੀ।

ਰਣਬੀਰ ਸਿੰਘ ਨੀਲੇ ਅਸਮਾਨ ਵੱਲ ਦੇਖਦਾ ਹੈ। ਬੱਦਲ ਦਾ ਇਕ ਟੋਟਾ ਉੱਡਿਆ ਫਿਰਦਾ ਹੈ। ਉਹ ਉਸ ਟੋਟੇ ਨਾਲ ਹੋ ਲੈਂਦਾ ਹੈ। ਜੇ ਕਿਤੇ ਇਹ ਰਿਸ਼ਤਾ ਹੋ ਜਾਵੇ ਤਾਂ ਕਿੰਨਾ ਚੰਗਾ ਹੋਵੇ। ਇਕ ਤਾਂ ਵਚਿੱਤਰ ਸਿੰਘ ਪੁਰਾਣਾ ਦੋਸਤ ਹੈ। ਕੁੜੀ ਉਸ ਨੇ ਦੇਖੀ ਹੋਈ ਹੈ। ਇਸ ਤੋਂ ਚੰਗੀ ਕੁੜੀ ਵਿੱਕੀ ਨੂੰ ਨਹੀਂ ਮਿਲਣੀ। ਬਸ, ਇਕ ਵਾਰ ਤਾਂ ਬਹਿ ਜਾ ਬਹਿ ਜਾ ਹੋ ਜਾਵੇਗੀ। ਸਾਰਾ ਟੱਬਰ ਇੰਡੀਆ ਜਾਵੇਗਾ, ਗੱਜ-ਵੱਜ ਕੇ ਵਿਆਹ ਕਰੇਗਾ। ਸਾਰੇ ਪਿੰਡ ਨੂੰ ਸੱਦਾ ਦੇਵੇਗਾ। ਹਰ ਰਿਸ਼ਤੇਦਾਰ ਨੂੰ, ਜਿਹਨਾਂ ਨੂੰ ਉਮਰਾਂ ਹੋ ਗਈਆਂ ਸਨ ਮਿਲਿਆਂ!...ਸਭ ਨੂੰ ਸੱਦੇਗਾ। ਆਪਣੀਆਂ ਸਭ ਸੱਧਰਾਂ ਪੂਰੀਆਂ ਕਰੇਗਾ।

ਐਨ ਉਸ ਵੇਲੇ ਤਾਰਾ ਤਾਜ਼ੀ ਬਣਾਈ ਲੱਸੀ ਦਾ ਗਲਾਸ ਲੈ ਹਾਜ਼ਰ ਹੁੰਦੀ ਹੈ। ਉਹ ਪੁੱਛਦੀ ਹੈ,

"ਕਿਤੇ ਦੂਰ ਗਏ ਲੱਗਦੇ ਓ?"

"ਹਾਂ, ਵਚਿੱਤਰ ਸਿੰਘ ਦਾ ਫੋਨ ਸੀ, ਓਹਦੀ ਕੁੜੀ ਤਾਂ ਤੂੰ ਦੇਖੀ ਹੋਈ ਐ।"

"ਹਾਂ, ਬਹੁਤ ਸੁਹਣੀ ਕੁੜੀ ਐ, ਮੇਰੀ ਤਾਂ ਉਹ ਫੇਸਬੁੱਕ ਫਰੈਂਡ ਵੀ ਐ।"

"ਬਾਕੀ ਤੂੰ ਸਭ ਸਮਝਦੀ ਹੀ ਐਂ।"

"ਮੈਂ ਤਾਂ ਵਿੱਕੀ ਨਾਲ ਰੋਜ਼ ਸਿਰ ਖਪਾਈ ਕਰਦੀ ਆਂ, ਏਹੀ ਤਾਂ ਵਿਆਹ ਦੀ ਉਮਰ ਐ, ਉਹ ਅੱਗੋਂ ਪਿਓ ਵਰਗਾ ਟਿੱਚਰਾਂ ਕਰਨ ਲੱਗਦੈ।"

ਸ਼ਾਮ ਨੂੰ ਵਿੱਕੀ ਕੰਮ ਤੋਂ ਮੁੜਦਾ ਹੈ। ਕਪੜੇ ਬਦਲ ਕੁਝ ਖਾਣ ਲਈ ਰਸੋਈ ਵਿਚ ਆਉਂਦਾ ਹੈ ਤਾਂ ਤਾਰਾ ਉਸ ਦੇ ਮੋਢੇ 'ਤੇ ਹੱਥ ਫੇਰਦੀ ਆਖਦੀ ਹੈ,

"ਤੇਰੇ ਡੈਡ ਨੇ ਇਕ ਕੁੜੀ ਦੇਖੀ ਐ।"

"ਮੌਮ, ਮੈਂ ਤੈਨੂੰ ਪਹਿਲਾਂ ਹੀ ਕਿਹਾ ਸੀ ਕਿ ਡੈਡ.ਜ਼ ਨੌਟੀ ਮੈਨ! ...ਹੁਣ ਤੂੰ ਕੀ ਕਰੇਂਗੀ?"

"ਡੈਡ ਨੇ ਆਪਣੇ ਲਈ ਨਹੀਂ, ਤੇਰੇ ਲਈ ਕੁੜੀ ਦੇਖੀ ਐ।" ਤਾਰਾ ਹੱਸਦੀ ਹੋਈ ਕਹਿੰਦੀ ਹੈ। ਵਿੱਕੀ ਫਿਰ ਵਿਅੰਗਾਤਮਕ ਆਵਾਜ਼ ਵਿਚ ਬੋਲਦਾ ਹੈ,

"ਦੈਟ.ਜ਼ ਵੈਰੀ ਸਟਰੇਂਜ! ਡੈਡ ਮੇਰੇ ਲਈ ਕੁੜੀ ਦੇਖਦਾ! ਮੈਂ ਤਾਂ ਡੈਡ ਲਈ ਕਦੇ ਕੋਈ ਕੁੜੀ ਨਹੀਂ ਦੇਖੀ।"

"ਤੂੰ ਤਾਂ ਪੁੱਠੀਆਂ ਹੀ ਗੱਲਾਂ ਕਰਨੀਆਂ। ਤੇਰੇ ਡੈਡ ਦੇ ਦੋਸਤ ਦੀ ਕੁੜੀ ਐ। ਮੇਰੀ ਫੇਸਬੁੱਕ ਫਰੈਂਡ ਐ, ਤੂੰ ਇਕ ਨਜ਼ਰ ਕੁੜੀ ਦੇਖ ਲੈ, ਜੇ ਪਸੰਦ ਆਈ ਤਾਂ ਇੰਡੀਆ ਜਾ ਕੇ ਮਿਲ ਲਵੀਂ, ਜੇ ਗੱਲ ਬਣੀ ਤਾਂ ਬਲਾਈ ਵਾਹਵਾ!"

"ਯੂ ਪੇਰੈਂਟਸ! ਤੁਸੀਂ ਹਰ ਵੇਲੇ ਫਰੈਸ਼ੀਆਂ ਬਾਰੇ ਹੀ ਕਿਉਂ ਸੋਚਦੇ ਓ?"

"ਹੋਰ ਕੀ ਕਰੀਏ? ਤੂੰ ਤਾਂ ਆਪਣੇ ਬਾਰੇ ਕੁਝ ਸੋਚਦਾ ਨਹੀਂ, ਹੁਣ ਤੇਰੀ ਵਿਆਹ ਦੀ ਉਮਰ ਹੋ ਗਈ ਐ। ਜੇ ਤੈਨੂੰ ਸਾਡੀ ਦੱਸੀ ਕੁੜੀ ਪਸੰਦ ਨਹੀਂ ਤਾਂ ਤੂੰ ਦੱਸ ਕਿੱਥੇ ਵਿਆਹ ਕਰਾਉਣੈ?"

ਆਖਦੀ ਤਾਰਾ ਆਪਣੇ ਫੋਨ ਤੋਂ ਫੇਸਬੁੱਕ ਖੋਹਲਣ ਲੱਗਦੀ ਹੈ ਤਾਂ ਜੁ ਕੁੜੀ ਦੀ ਤਸਵੀਰ ਵਿੱਕੀ ਨੂੰ ਦਿਖਾ ਸਕੇ। ਪਰ ਵਿੱਕੀ ਕੁਝ ਕਹੇ ਬਿਨਾਂ, ਮੋਢੇ ਜਿਹੇ ਹਿਲਾਉਂਦਾ ਆਪਣੇ ਕਮਰੇ ਵਿਚ ਚਲੇ ਜਾਂਦਾ ਹੈ।

ਰਣਬੀਰ ਪਤਨੀ ਵੱਲ ਸਵਾਲੀਆਂ ਨਜ਼ਰਾਂ ਨਾਲ ਦੇਖਦਾ ਹੈ। ਉਹ ਆਖਦੀ ਹੈ,

"ਹੌਲੀ ਹੌਲੀ ਰਾਹ 'ਤੇ ਆ ਜਾਵੇਗਾ, ਮੈਂ ਕੁੜੀ ਨੂੰ ਕਹਿੰਦੀ ਆਂ ਕਿ ਵਿੱਕੀ ਨੂੰ ਫਰੈਂਡਸ਼ਿਪ ਲਈ ਰਿਕੁਐਸਟ ਭੇਜੇ।"

"ਨਹੀਂ, ਏਦਾਂ ਨਹੀਂ। ਏਦਾਂ ਕੁੜੀ ਕੋਈ ਆਸ ਰੱਖਣ ਲੱਗ ਪਵੇਗੀ। ਹਾਂ, ਏਹਨੂੰ ਕਹਿ ਕਿ ਇਹ ਉਹਨੂੰ ਰਿਕੁਐਸਟ ਭੇਜੇ।"

"ਏਹਦੇ ਨਾਲ ਕੀ ਫਰਕ ਪਏਗਾ?"

"ਇਹਦਾ ਮਤਲਬ ਕਿ ਇਹਦੇ ਮਨ ਵਿਚ ਉਸ ਕੁੜੀ ਲਈ ਕੋਈ ਸੋਚ ਤਾਂ ਹੈ, ਪਸੰਦ ਕਰਨਾ ਜਾਂ ਨਾ ਕਰਨਾ ਬਾਅਦ ਦੀ ਗੱਲ ਐ।"

ਐਤਵਾਰ ਦਾ ਦਿਨ ਹੈ। ਵਿੱਕੀ ਆਦਤ ਮੂਜਬ ਲੇਟ ਉਠਦਾ ਹੈ। ਦੁਪਹਿਰ ਨੂੰ ਨਾਸ਼ਤਾ ਕਰਦਾ ਤਾਰਾ ਨੂੰ ਕਹਿੰਦਾ ਹੈ,

"ਮੌਮ, ਆਏ.ਮ ਗੋਇੰਗ ਟੂ ਗਿਵ ਯੂ ਸਰਪਰਾਈਜ਼ ਟੂਡੇ!"

ਤਾਰਾ ਉਸ ਦੀ ਗੱਲ ਵੱਲ ਬਹੁਤਾ ਧਿਆਨ ਨਹੀਂ ਦਿੰਦੀ। ਇਵੇਂ ਉਹ ਅਕਸਰ ਕਹਿੰਦਾ ਹੀ ਰਹਿੰਦਾ ਹੈ। ਕਦੇ ਨਵੀਂ ਕਾਰ ਦਾ ਸਰਪਰਾਈਜ਼, ਕਦੇ ਨਵੀਂ ਜੌਬ ਦਾ ਸਰਪਰਾਈਜ਼, ਕਦੇ ਕੋਈ ਹੋਰ।

ਸ਼ਾਮ ਦਾ ਵਕਤ ਹੈ। ਰਣਬੀਰ ਸਿੰਘ ਫਰੰਟ ਰੂਮ ਵਿਚ ਲੈਪਟੌਪ ਗੋਦੀ ਵਿਚ ਲਈ ਬੈਠਾ ਸੀ। ਬਾਹਰ ਡਰਾਈਵੇਅ ਵਿਚ ਵਿੱਕੀ ਦੀ ਕਾਰ ਆ ਕੇ ਰੁਕਦੀ ਹੈ। ਰਣਬੀਰ ਸਿੰਘ ਬਾਹਰ ਵੱਲ ਸਰਸਰੀ ਨਜ਼ਰ ਮਾਰਦਾ ਹੈ, ਦੇਖਦਾ ਹੈ ਕਿ ਵਿੱਕੀ ਦੇ ਨਾਲ ਕੁੜੀ ਹੈ। ਕੁੜੀ ਕਾਰ ਵਿਚੋਂ ਨਿਕਲਦੀ ਹੈ, ਉਸ ਦੀ ਬਿੰਦੀ, ਵਾਲ਼ ਤੇ ਪਹਿਰਾਵਾ ਦੇਖ ਕੇ ਰਣਬੀਰ ਬੁੜਬੜਾਉਂਦਾ ਹੈ, 'ਗੁਜਰਾਤੀ ਬੈਹਨ!' ਉਸ ਅੰਦਰ ਕੱਚ ਦੇ ਗਲਾਸ ਵਾਂਗ ਕੁਝ ਟੁਣਕ ਕਰਕੇ ਟੁੱਟ ਜਾਂਦਾ ਹੈ। ਉਹ ਇਸ 'ਟੁਣਕ' ਵਿਚੋਂ ਬਾਹਰ ਨਿਕਲ ਕੇ ਰਸੋਈ ਵਿਚ ਆ ਜਾਂਦਾ ਹੈ ਤੇ ਤਾਰਾ ਨੂੰ ਆਖਦਾ ਹੈ,

"ਤੇਰਾ ਲਾਡਲਾ ਤੇਰੇ ਲਈ ਇਕ ਸਰਪਰਾਈਜ਼ ਲਿਆਇਆ।"

"ਚੰਗੇ ਤੁਸੀਂ ਪਿਓ-ਪੁੱਤ ਮੈਨੂੰ ਸਰਪਰਾਈਜ਼ ਦੇਣ ਲੱਗੇ ਹੋਏ ਓ!"

ਜਦ ਤਕ ਦਰਵਾਜ਼ਾ ਖੁਲ੍ਹਣ ਦੀ ਆਵਾਜ਼ ਆਉਂਦੀ ਹੈ। ਤਾਰਾ ਦਾ ਧਿਆਨ ਉਸ ਪਾਸੇ ਹੁੰਦਾ ਹੈ। ਵਿੱਕੀ ਇਕ ਕੁੜੀ ਨਾਲ ਖੜ੍ਹਾ ਮੁਸਕਰਾ ਰਿਹਾ ਹੈ। ਤਾਰਾ ਦੀਆਂ ਤੇ ਰਣਬੀਰ ਦੀਆਂ ਅੱਖਾਂ ਮਿਲਦੀਆਂ ਹਨ। ਵਿੱਕੀ ਅੱਗੇ ਹੋ ਕੇ ਕਹਿੰਦਾ ਹੈ,

"ਸਰਪਰਾਈਜ਼, ਸਰਪਰਾਈਜ਼!"

ਤਾਰਾ ਹੈਰਾਨ ਹੋਈ ਕੁੜੀ ਵੱਲ ਵਧਦੀ ਹੈ। ਵਿੱਕੀ ਫਿਰ ਆਖਦਾ ਹੈ,

"ਸ਼ਾਂਤਾ! ਸ਼ੀ ਵਰਕਸ ਵਿਦ ਮੀ।"

ਇਕ ਵਾਰ ਫਿਰ ਪਤੀ-ਪਤਨੀ ਦੀਆਂ ਅੱਖਾਂ ਮਿਲਦੀਆਂ ਹਨ। ਤਾਰਾ ਘਬਰਾਈ ਹੋਈ ਹੈ। ਰਣਬੀਰ 'ਹਾਂ' ਵਿਚ ਸਿਰ ਮਾਰਦਾ ਹੈ। ਤਾਰਾ ਦੁਬਿਧਾ ਵਿਚ ਫਸੀ ਸ਼ਾਂਤਾ ਦੇ ਸਿਰ 'ਤੇ ਹੱਥ ਰੱਖਦਿਆਂ ਉਸ ਦਾ ਸਵਾਗਤ ਕਰਦੀ ਹੈ।

ਸ਼ਾਂਤਾ ਘੰਟਾ ਕੁ ਉਹਨਾਂ ਦੇ ਘਰ ਰੁਕਦੀ ਹੈ ਤੇ ਫਿਰ ਵਿੱਕੀ ਉਸ ਨੂੰ ਛੱਡਣ ਚਲੇ ਜਾਂਦਾ ਹੈ। ਉਹਨਾਂ ਦੇ ਜਾਣ ਤੋਂ ਬਾਅਦ ਪਤੀ ਪਤਨੀ ਥੋੜ੍ਹਾ ਜਿਹਾ ਦੁੱਖ ਮਨਾ ਕੇ ਸਾਵੇਂ ਹੋਣ ਲੱਗਦੇ ਹਨ। ਫਿਰ ਰਣਬੀਰ ਮਜ਼ਾਕ ਦੇ ਮੂਡ ਵਿਚ ਆਉਂਦਾ ਤਾਰਾ ਨੂੰ ਆਖਦਾ ਹੈ,

"ਬੜਾ ਮਜ਼ਾ ਆਏਗਾ! ਤੂੰ ਉਹ ਫਿਲਮ ਦੇਖੀ ਸੀ ਜਿਸ ਵਿਚ ਮੁੰਡਾ ਪੰਜਾਬੀ ਤੇ ਕੁੜੀ ਬੰਗਾਲਣ ਹੁੰਦੀ ਐ, ਬਸ ਉਹੀ ਡਰਾਮਾ ਸਾਡੇ ਹੋਣਾਂ, ...ਪੂਰੀ ਕੌਮੇਡੀ!"

ਤਾਰਾ ਹੱਸਦੀ ਨਹੀਂ ਤੇ ਗੰਭੀਰ ਸੁਰ ਵਿਚ ਬੋਲਦੀ ਹੈ,

"ਇਹ ਤਾਂ ਗਰਲ ਫਰੈਂਡ ਐ, ਜ਼ਰੂਰੀ ਤਾਂ ਨਹੀਂ ਕਿ ਇਹਦੇ ਨਾਲ ਵਿਆਹ ਵੀ ਕਰਾਉਣੈ। ਮੁੰਡਾ ਘੁੰਮੇ-ਫਿਰੇ, ਉਹਦੇ ਦਿਨ ਆਂ।"

"ਨਹੀਂ, ਤੂੰ ਆਪਣੇ ਮੁੰਡੇ ਦੀ ਸਾਈਕੀ ਨਹੀਂ ਸਮਝਦੀ। ਅੱਜ ਤਕ ਉਹ ਕਿਸੇ ਕੁੜੀ ਨੂੰ ਘਰ ਲਿਆਇਆ? ਨਹੀਂ ਨਾ। ਚੇਤਾ, ਜਦ ਮੈਂ ਉਹਦੇ ਮੁੰਡੇ ਦੋਸਤ ਦੇਖ ਕੇ ਉਹਦੇ ਬਾਰੇ ਫਿਕਰ ਕਰਿਆ ਕਰਦਾ ਸੀ? ...ਉਹ ਇਸ ਰਿਸ਼ਤੇ ਬਾਰੇ ਬਹੁਤ ਗੰਭੀਰ ਐ।"

"ਤੁਸੀਂ ਉਹਦੇ ਨਾਲ ਗੱਲ ਕਰਕੇ ਦੇਖੋ, ਕਹੋ ਕਿ ਦੋਸਤੀ ਰੱਖੀ ਛੱਡੋ ਪਰ ਵਿਆਹ ਬਾਰੇ ਹਾਲੇ ਨਾ ਸੋਚੇ, ਆਪੇ ਦਿਲ ਭਰ ਜਾਊ ਤਾਂ।"

"ਨਾ ਬਈ, ਮੈਂ ਇਹ ਗੱਲ ਨਹੀਂ ਕਰਦਾ, ਮੈਂ ਬੁਰਾ ਨਹੀਂ ਬਣਨਾ, ਸਗੋਂ ਆਪਣਾ ਫਾਇਦਾ ਤਾਂ ਇਹ ਹੋ ਗਿਆ ਕਿ ਹੁਣ ਸਵਾਰੀ ਆਪਣੇ ਸਮਾਨ ਦਾ ਆਪ ਖਿਆਲ ਰੱਖੇਗੀ, ਨਹੀਂ ਤਾਂ ਅਸੀਂ ਐਵੇਂ ਫਿਕਰ ਕਰਦੇ ਫਿਰਦੇ।"

ਆਖ ਕੇ ਰਣਬੀਰ ਹੱਸਣ ਲੱਗਦਾ ਹੈ। ਜਿੱਥੇ 'ਟੁਣਕ' ਹਾਲੇ ਵੀ ਉਸ ਦੇ ਮਨ ਵਿਚ ਸ਼ੋਰ ਪਾ ਰਹੀ ਹੈ, ਉੱਥੇ ਇਕ ਤਸੱਲੀ ਜਿਹੀ ਵੀ ਹੈ। ਦੋਸਤਾਂ ਵਿਚ ਭੱਲ ਬਣਨ ਦਾ ਲਾਲਚ ਵੀ ਹੈ।

ਤਾਰਾ ਵਿੱਕੀ ਨੂੰ ਬਹੁਤ ਸਮਝਾਉਂਦੀ ਹੈ ਕਿ ਹਾਲੇ ਵਿਆਹ ਨਾ ਕਰਾਵੇ ਪਰ ਵਿੱਕੀ ਵਿਆਹ ਲਈ ਕਾਹਲਾ ਹੈ। ਵਿੱਕੀ ਨਾਲੋਂ ਸ਼ਾਂਤਾ ਬਹੁਤੀ ਕਾਹਲੀ ਹੈ ਤੇ ਸ਼ਾਂਤਾ ਨਾਲੋਂ ਸ਼ਾਂਤਾ ਦੇ ਮਾਂ ਪਿਓ ਹੋਰ ਵੀ ਕਾਹਲ਼ੇ, ਜਿਹਨਾਂ ਨੂੰ ਡਰ ਹੈ ਕਿ ਮੁੰਡਾ ਕੁਝ ਦਿਨ ਕੁੜੀ ਨਾਲ ਘੁੰਮ ਕੇ ਛੱਡ ਹੀ ਨਾ ਜਾਵੇ। ਉਹ ਦੋਨਾਂ ਨੂੰ ਵਿਆਹ ਤੋਂ ਬਿਨਾਂ ਵੀ ਇਕੱਠੇ ਨਹੀਂ ਰਹਿਣ ਦੇਣਾ ਚਾਹੁੰਦੇ। ਉਹਨਾਂ ਦੀ ਵੱਡੀ ਕੁੜੀ ਕਿਸੇ ਨਾਲ ਦਸ ਸਾਲ ਰਹਿ ਕੇ ਅਲੱਗ ਹੋ ਗਈ ਸੀ। ਹੁਣ ਸ਼ਾਂਤਾ ਦੇ ਵਿਆਹ ਲਈ ਕਾਹਲ ਕੁਦਰਤੀ ਹੈ।

ਵਿਆਹ ਬਾਰੇ ਗੰਭੀਰਤਾ ਨਾਲ ਸੋਚਿਆ ਜਾਣ ਲੱਗਦਾ ਹੈ। ਰਣਬੀਰ ਚਾਹੁੰਦਾ ਹੈ ਕਿ ਵਧੀਆ ਤਰੀਕੇ ਨਾਲ ਵਿਆਹ ਕਰੇ। ਕਿਸੇ ਨੂੰ ਵੀ ਇਹ ਸ਼ਿਕਾਇਤ ਕਰਨ ਦਾ ਮੌਕਾ ਨਾ ਦੇਵੇ ਕਿ ਅੰਤਰ-ਰਾਜੀ ਵਿਆਹ ਹੈ ਇਸ ਲਈ ਧੂਮ-ਧਾਮ ਘੱਟ ਹੈ। ਹਾਂ, ਕਦੇ ਕਦੇ ਉਹ ਤਾਰਾ ਨਾਲ ਮਜ਼ਾਕ ਜ਼ਰੂਰ ਕਰਦਾ ਕਹਿਣ ਲੱਗਦਾ ਹੈ,

"ਪਤਾ ਨਹੀਂ ਇਹਨਾਂ ਗੁਜਰਾਤੀਆਂ ਨਾਲ ਅਸੀਂ ਕਿਵੇਂ ਨਿਭਾਂਗੇ? ਇਹ ਤਾਂ ਆਪਣੀ ਘਰਵਾਲੀ ਨੂੰ ਵੀ 'ਬੈਹਨ' ਕਹਿੰਦੇ ਆ ਤੇ ਔਰਤਾਂ ਘਰਵਾਲੇ ਬਾਰੇ ਗੱਲ ਕਰਦੀਆਂ ਕਹਿਣਗੀਆਂ, 'ਮੇਰਾ ਬੈਈਆ' ਤੇ ਅਸੀਂ ਇਕ ਗੱਲ ਵਿਚ ਦੋ ਗਾਲ਼ਾਂ ਕੱਢਣੀਆਂ ਹੁੰਦੀਆਂ।"

ਵਿਆਹ ਦਾ ਦਿਨ ਰੱਖਣ ਤੋਂ ਪਹਿਲਾਂ ਦੋਵੇਂ ਪਰਿਵਾਰ ਇਕ ਦੂਜੇ ਨੂੰ ਮਿਲਦੇ ਹਨ। ਥੋੜ੍ਹੀ ਜਿਹੀ ਹਿਲਜੁਲ ਤੋਂ ਬਾਅਦ ਸਹਿਜ ਹੋ ਜਾਂਦੇ ਹਨ। ਫਿੱਟ ਹੋ ਜਾਂਦੇ ਹਨ। ਰਸਮਾਂ ਦੇ ਵਖਰੇਵੇਂ ਲਈ ਉਹ ਵਿਚਕਾਰਲੀ ਜਗਾਹ ਲੱਭ ਲੈਂਦੇ ਹਨ। ਦੋਵੇਂ ਧਿਰਾਂ ਦੇ ਸੰਸਕਾਰਾਂ ਦੀ ਕਦਰ ਕਰਦੇ ਹੋਏ ਦੋਵੇਂ ਢੰਗ ਦੀਆਂ ਰਸਮਾਂ ਨਿਭਾਈਆਂ ਜਾਣਗੀਆਂ। ਵਿਆਹ ਗੁਰਦਵਾਰੇ ਹੋਵੇਗਾ ਤੇ ਨਾਲ ਹੀ ਮੰਦਿਰ ਵਿਚ ਵੀ ਜਾ ਕੇ ਪੂਜਾ ਕੀਤੀ ਜਾਵੇਗੀ। ਦੋਨੋਂ ਧਿਰਾਂ ਖੁਸ਼ ਹਨ।

ਵਿਆਹ ਦਾ ਦਿਨ ਨੇੜੇ ਢੁੱਕਣ ਲੱਗਦਾ ਹੈ। ਪਿੱਛੇ ਗਾਰਡਨ ਵਿਚ ਤੰਬੂ ਲਾ ਦਿੱਤੇ ਜਾਂਦੇ ਹਨ। ਘਰ ਦੇ ਮੂਹਰੇ ਨੀਲੇ ਰੰਗ ਦੀਆਂ ਰੌਸ਼ਨੀਆਂ ਟਿਮਟਿਮਾ ਰਹੀਆਂ ਹਨ। ਪੂਰਾ ਰੌਣਕ-ਮੇਲਾ ਹੈ। ਸਾਰਾ ਟੱਬਰ ਭੱਜ-ਦੌੜ ਵਿਚ ਹੈ। ਰਿੰਕੀ ਵੀ ਭਰਾ ਦੇ ਵਿਆਹ ਵਿਚ ਬਹੁਤ ਚਾਅ ਵਿਚ ਹੈ। ਉਹ ਵੀ ਆਪਣੇ ਢੇਰ ਸਾਰੇ ਦੋਸਤਾਂ ਨੂੰ ਵਿਆਹ ਵਿਚ ਸ਼ਾਮਲ ਹੋਣ ਦਾ ਸੱਦਾ ਦਿੰਦੀ ਹੈ। ਐਤਵਾਰ ਦਾ ਵਿਆਹ ਹੈ। ਸ਼ਨਿਚਰਵਾਰ ਨੂੰ ਹਾਲ ਵਿਚ ਪ੍ਰੀ-ਵੈਡਿੰਗ ਪਾਰਟੀ ਹੈ। ਸ਼ੁਕਰਵਾਰ ਨੂੰ ਵਿੱਕੀ ਨੇ ਆਪਣੇ ਘਰ ਹੀ ਟੈਂਟ ਵਿਚ ਆਪਣੇ ਦੋਸਤਾਂ ਲਈ ਇਕ ਵਿਸ਼ੇਸ਼ ਪਾਰਟੀ ਰੱਖੀ ਹੋਈ ਹੈ। ਤਾਰਾ ਰਣਬੀਰ ਨੂੰ ਦੱਸਦੀ ਹੈ,

"ਵਿੱਕੀ ਕਹਿੰਦਾ ਕਿ ਅੱਜ ਮੇਰੇ ਦੋਸਤਾਂ ਨੇ ਆਉਣਾ, ਡੈਡ ਨੂੰ ਕਹੀਂ ਕਿ ਸਾਡੇ

ਵਿਚ ਇੰਟਰਫੀਅਰ ਨਾ ਕਰੇ।"

"ਹੈ ਉਲੂ ਦਾ ਪੱਠਾ! ਮੈਂ ਉਹਦੀ ਕਿਸੇ ਗੱਲ ਵਿਚ ਕਦੇ ਦਖਲ ਦਿੱਤਾ? ...ਮੈਂ ਤਾਂ ਉਹਦੇ ਵਿਆਹ ਵਿਚ ਵੀ ਦਖਲ ਨਹੀਂ ਦਿੱਤਾ, ਉਹਦੀ ਪਾਰਟੀ ਵਿਚ ਕੀ ਦੇਵਾਂਗਾ!"

ਆਖਦਾ ਰਣਬੀਰ ਹੱਸਣ ਲੱਗਦਾ ਹੈ।

ਘਰ ਮਹਿਮਾਨਾਂ ਨਾਲ ਭਰਿਆ ਹੋਇਆ ਹੈ। ਸਾਰੇ ਘਰ ਦੇ ਅੰਦਰ ਹਨ। ਬਾਹਰ ਟੈਂਟ ਵਿਚ ਵਿੱਕੀ ਦੇ ਦੋਸਤ ਇਕੱਠੇ ਹੋ ਕੇ ਨੱਚ ਰਹੇ ਹਨ। ਡੀ.ਜੇ. ਦੇ ਸ਼ੋਰ ਨੇ ਸਾਰਾ ਮਹੱਲਾ ਹੀ ਸਿਰ 'ਤੇ ਚੁੱਕਿਆ ਹੋਇਆ ਹੈ। ਆਏ ਪ੍ਰਾਹੁਣਿਆਂ ਵਿਚੋਂ ਨੌਜਵਾਨ ਮੁੰਡੇ-ਕੁੜੀਆਂ ਵੀ ਟੈਂਟ ਵਿਚ ਹੀ ਹਨ ਤੇ ਆਪਣੀ ਉਮਰ ਦੇ ਪ੍ਰਾਹੁਣਿਆਂ ਨਾਲ ਰਣਬੀਰ ਸਿੰਘ ਫਰੰਟ ਰੂਮ ਵਿਚ ਬੈਠਾ ਖਾ-ਪੀ ਰਿਹਾ ਹੈ। ਇਕ ਲੰਮਾ ਜਿਹਾ ਮੁੰਡਾ ਉਸ ਕੋਲ਼ ਆਉਂਦਾ ਹੈ। ਫਤਿਹ ਬੁਲਾਉਂਦਾ ਕਹਿੰਦਾ ਹੈ,

"ਅੰਕਲ, ਮੈਂ ਪ੍ਰਿਤਪਾਲ, ਵਿੱਕੀ ਦਾ ਦੋਸਤ, ਯਾਦ ਐ ਤੁਹਾਨੂੰ?"

"ਓ ਹਾਂ, ਤੁਸੀਂ ਯੂਨੀ ਵਿਚ ਇਕੱਠੇ ਹੁੰਦੇ ਸੀ।" ਰਣਬੀਰ ਸਿੰਘ ਨੂੰ ਚੇਤੇ ਆ ਜਾਂਦਾ ਹੈ ਕਿ ਵਿੱਕੀ ਨੂੰ ਯੂਨੀਵਰਸਟੀ ਛੱਡਣ ਜਾਇਆ ਕਰਦਾ ਸੀ ਤਾਂ ਇਸ ਮੁੰਡੇ ਨੂੰ ਮਿਲਿਆ ਕਰਦਾ ਸੀ। ਦੋ ਕੁ ਵਾਰ ਪ੍ਰਿਤਪਾਲ ਉਹਨਾਂ ਦੇ ਘਰ ਵੀ ਆਇਆ ਹੋਇਆ ਹੈ।

"ਅੰਕਲ, ਤੁਸੀਂ ਆਓ, ਸਾਡੇ ਨਾਲ ਵੀ ਚੀਅਰਜ਼ ਕਰੋ।" ਆਖਦਾ ਪ੍ਰਿਤਪਾਲ ਉਸ ਨੂੰ ਬਾਹੋਂ ਫੜ ਕੇ ਉਠਾ ਲੈਂਦਾ ਹੈ।

"ਨਾ ਬਈ, ਮੈਂ ਆਪਣੇ ਹਾਣੀਆਂ ਵਿਚ ਖੁਸ਼ ਆਂ, ਤੁਸੀਂ ਆਪਣੇ ਬੇਲੀਆਂ ਨਾਲ ਇੰਜੁਆਏ ਕਰੋ।"

"ਬਸ ਇਕ ਚੀਅਰ ਅੰਕਲ, ਫੇਰ ਤੁਸੀਂ ਆ ਜਾਣਾ"। ਪ੍ਰਿਤਪਾਲ ਅੜੀ ਕਰਦਾ ਹੈ।

"ਯੰਗਮੈਨ, ਤੇਰੀ ਪੰਜਾਬੀ ਬਹੁਤ ਸੁਹਣੀ ਐ, ਬਹੁਤ ਸਾਫ ਬੋਲਦਾਂ!" ਉਸ ਦੇ ਨਾਲ ਤੁਰਦਾ ਰਣਬੀਰ ਹੈਰਾਨ ਹੁੰਦਾ ਕਹਿੰਦਾ ਹੈ।

"ਅੰਕਲ, ਮੈਂ ਇੰਡੀਆ ਜਾਂਦਾ ਰਹਿੰਨਾਂ, ਸਾਡੀ ਲੈਂਡ ਏ ਉੱਥੇ, ਹਾਲ਼ਾ ਲੈਣ ਮੈਂ ਹੀ ਜਾਨਾਂ, ਡੈਡ ਤਾਂ ਬਿਮਾਰ ਰਹਿੰਦੇ ਆ।"

"ਤੂੰ ਵੀ ਵਿਆਹ ਕਰਾ ਲਿਆ ਕਿ ਨਹੀਂ ਹਾਲੇ?"

"ਅਗਲੇ ਸਾਲ ਅੰਕਲ, ਡੈਡ ਕਹਿੰਦੇ, ਓਥੇ ਇੰਡੀਆ ਵਿਚ ਹੀ ਕਰਨਾਂ। ਮੈਂ ਕਾਰਡ ਦੇਵਾਂਗਾ। ਜ਼ਰੂਰ ਆਉਣਾ ਹੋਏਗਾ।"

ਪ੍ਰਿਤਪਾਲ ਰਣਬੀਰ ਦਾ ਹੱਥ ਫੜੀ ਪੰਡਾਲ ਵਿਚ ਪੁੱਜਦਾ ਹੈ। ਵਿੱਕੀ ਦੇ ਸਾਰੇ ਦੋਸਤ ਉਸ ਨੂੰ ਦੇਖ ਕੇ ਤਾੜੀ ਮਾਰ ਕੇ ਉਸ ਦਾ ਸਵਾਗਤ ਕਰਦੇ ਹਨ। ਉਹ ਸਾਰਿਆਂ ਨਾਲ ਆਪਣਾ ਪੈੱਗ ਚੀਅਰਜ਼ ਕਰਦਾ ਹੈ ਤੇ ਖੜ੍ਹ ਕੇ ਉਹਨਾਂ ਨੂੰ ਨੱਚਦਿਆਂ ਨੂੰ ਦੇਖਣ ਲੱਗਦਾ ਹੈ। ਪ੍ਰਿਤਪਾਲ ਉਸ ਨੂੰ ਇਕ ਪੈੱਗ ਹੋਰ ਪਾ ਦਿੰਦਾ ਹੈ। ਪ੍ਰਿਤਪਾਲ ਆਪ ਵੀ ਨਸ਼ੇ ਜਿਹੇ ਵਿਚ ਹੈ। ਰਣਬੀਰ ਪੁੱਛਦਾ ਹੈ,

"ਕਿਹੜਾ ਪਿੰਡ ਐ ਤੁਹਾਡਾ?"

"ਅੰਕਲ, ਰਾਜਪੁਰ। ਕਦੇ ਮੇਰੇ ਨਾਲ ਚੱਲਿਓ, ਆਪਣਾ ਪੂਰਾ ਟੌਹਰ ਐ ਓਥੇ। ਸੜਕ 'ਤੇ ਪੈਂਦੀ ਐ ਆਪਣੀ ਜ਼ਮੀਨ। ਤਿੰਨ ਮੋਟਰਾਂ। ਤੇਈ ਖੇਤ, ਤੇਈ ਕਰੋੜ...!"

ਆਖਦਾ ਪ੍ਰਿਤਪਾਲ ਇਕ ਹੋਰ ਪੈੱਗ ਪਾ ਲੈਂਦਾ ਹੈ। ਰਣਬੀਰ ਨੂੰ ਉਸ ਮੁੰਡੇ 'ਤੇ ਬਹੁਤ ਮਾਣ ਆਉਣ ਲੱਗਦਾ ਹੈ। ਵਿੱਕੀ ਤਾਂ ਇੰਡੀਆ ਦਾ ਨਾਂ ਸੁਣ ਕੇ ਵੀ ਖੁਸ਼ ਨਹੀਂ। ਪ੍ਰਿਤਪਾਲ ਉਸ ਨੂੰ ਕਹਿੰਦਾ ਹੈ,

"ਅੰਕਲ, ਆਓ ਤੁਸੀਂ ਵੀ ਸਾਡੇ ਨਾਲ ਦੋ ਸਟੈੱਪ ਕਰ ਲਓ।"

"ਤੁਸੀਂ ਮੁੰਡੇ-ਖੁੰਡੇ ਇੰਜੁਆਏ ਕਰੋ।"

ਪ੍ਰਿਤਪਾਲ ਉਸ ਦਾ ਹੱਥ ਫੜ ਕੇ ਡਾਂਸ ਫਲੋਰ ਵੱਲ ਲੈ ਤੁਰਦਾ ਹੈ ਤੇ ਡੀ.ਜੇ. ਵਾਲੇ ਮੁੰਡੇ ਨੂੰ ਉੱਚੀ ਆਵਾਜ਼ ਵਿਚ ਕਹਿੰਦਾ ਹੈ,

"ਓ ਟੋਨੀ, ਪਲੇਅ ਜੱਟ ਸੌਂਗ!"

ਅਗਲੇ ਦਿਨ ਹਾਲ ਵਿਚ ਪ੍ਰੀ-ਵੈਡਿੰਗ ਪਾਰਟੀ ਹੈ। ਸਾਰੇ ਰਿਸ਼ਤੇਦਾਰ ਆਏ ਹੋਏ ਹਨ। ਦੋਸਤ-ਮਿੱਤਰ ਵੀ। ਵਿੱਕੀ ਦੇ ਬਹੁਤੇ ਦੋਸਤ ਕੱਲ ਆ ਗਏ ਸਨ ਪਰ ਕੁਝ ਕੁ ਅੱਜ ਵੀ ਹਾਜ਼ਰ ਹਨ। ਰਣਬੀਰ ਦਾ ਧਿਆਨ ਰਿੱਕੀ ਵੱਲ ਜਾਂਦਾ ਹੈ। ਥੋੜ੍ਹੇ ਜਿਹੇ ਮੇਕਅੱਪ ਨਾਲ ਹੀ ਉਹ ਬਹੁਤ ਸੁਹਣੀ ਲੱਗ ਰਹੀ ਹੈ। ਅਚਾਨਕ ਰਣਬੀਰ ਦੇ ਮਨ ਵਿਚ ਭੈਅ ਜਿਹਾ ਆਉਂਦਾ ਹੈ, 'ਇਹ ਵੀ ਕਿਤੇ ਵਿੱਕੀ ਵਾਂਗੂੰ ਆਪਣੀ ਮਰਜ਼ੀ ਹੀ ਨਾ ਕਰ ਲਵੇ!' ਫਿਰ ਸੋਚਦਾ ਹੈ, 'ਇੰਡੀਅਨ ਹੋਵੇ ਤਾਂ ਕੋਈ ਗੱਲ ਨਹੀਂ ਪਰ ਕੋਈ ਗੋਰਾ, ਕਾਲਾ ਲੱਭ ਲਿਆ ਤਾਂ ਕੀ ਹੋਵੇਗਾ?' ਉਹ ਆਪਣੇ ਆਪ ਨੂੰ ਝਿੜਕਦਾ ਹੈ, 'ਇਹ ਵੇਲ਼ਾ ਅਜਿਹੀਆਂ ਗੱਲਾਂ ਸੋਚਣ ਦਾ ਨਹੀਂ, ਜੇ ਉਹਨੇ ਕੁਝ ਕਰਨਾ ਵੀ ਹੋਇਆ ਤਾਂ ਤੂੰ ਕੀ ਕਰੇਂਗਾ?'

ਡੀ. ਜੇ. ਦੇ ਨਾਲ ਵੱਜਦਾ ਢੋਲ ਸ਼ੋਰ ਨੂੰ ਹੋਰ ਵੀ ਵਧਾ ਦਿੰਦਾ ਹੈ। ਨਾਲ ਬੈਠੇ ਬੰਦੇ ਦੀ ਗੱਲ ਵੀ ਨਹੀਂ ਸੁਣ ਹੋ ਰਹੀ। ਡਾਂਸ ਫਲੋਰ 'ਤੇ ਮੁੰਡੇ-ਕੁੜੀਆਂ ਨੱਚ ਰਹੇ ਹਨ। ਰਿੱਕੀ ਇਕ ਕਾਲ਼ੇ ਮੁੰਡੇ ਦਾ ਹੱਥ ਫੜੀ ਡਾਂਸ ਫਲੋਰ 'ਤੇ ਆਉਂਦੀ ਹੈ। ਉਹ ਕੁਝ ਜ਼ਿਆਦਾ ਹੀ ਨਾਲ ਲੱਗ-ਲੱਗ ਕੇ ਡਾਂਸ ਕਰ ਰਹੀ ਹੈ। ਮੁੰਡਾ ਵੀ ਬਹੁਤੀਆਂ ਹੀ ਟਪੂਸੀਆਂ ਜਿਹੀਆਂ ਮਾਰਦਾ ਉਸ ਨੂੰ ਚੁੰਮਣ ਤਕ ਜਾਂਦਾ ਹੈ। ਰਣਬੀਰ ਸੁੰਨ ਜਿਹਾ ਹੁੰਦਾ ਉਹਨਾਂ ਵੱਲ ਦੇਖਦਾ ਜਾ ਰਿਹਾ ਹੈ।

ਅਚਾਨਕ ਪ੍ਰਿਤਪਾਲ ਕਿਸੇ ਪਾਸਿਉਂ ਨਿਕਲ ਆਉਂਦਾ ਹੈ। ਉਹ ਰਿੱਕੀ ਨਾਲ ਨੱਚਦੇ ਮੁੰਡੇ ਦੇ ਮੋਢੇ 'ਤੇ ਹੱਥ ਰੱਖਦਾ ਹੈ, ਉਸ ਦੇ ਕੰਨ ਵਿਚ ਕੁਝ ਕਹਿੰਦਾ ਹੈ ਤੇ ਬਾਹੋਂ ਫੜ ਕੇ ਖਿੱਚਦਾ ਜਿਹਾ ਉਸ ਨੂੰ ਹਾਲ ਤੋਂ ਬਾਹਰ ਨੂੰ ਲੈ ਤੁਰਦਾ ਹੈ। ਪੰਜ-ਸੱਤ ਕੁ ਮਿੰਟ ਬਾਅਦ ਹੱਫਿਆ ਹੋਇਆ ਪ੍ਰਿਤਪਾਲ ਮੁੜ ਹਾਲ ਵਿਚ ਦਾਖਲ ਹੁੰਦਾ ਹੈ ਤੇ ਆਪਣਾ ਪੈੱਗ ਚੁੱਕਦਾ ਹੋਇਆ ਰਣਬੀਰ ਸਿੰਘ ਵੱਲ ਦੇਖਦਾ ਆਪਣਾ ਪੈੱਗ ਉਪਰ ਨੂੰ ਚੁੱਕਦਾ ਹੋਇਆ ਚੀਅਰਜ਼ ਕਹਿੰਦਾ ਹੈ।

ਇਹ 'ਚੀਅਰਜ਼' ਭਾਵੇਂ ਡੀ.ਜੇ. ਦੇ ਸ਼ੋਰ ਵਿਚ ਸੁਣਿਆ ਨਹੀਂ ਜਾ ਸਕਦਾ ਪਰ ਰਣਬੀਰ ਸਿੰਘ ਨੂੰ ਸੁਣ ਪੈਂਦਾ ਹੈ ਤੇ ਬਦਲੇ ਵਿਚ ਉਹ ਵੀ ਆਪਣਾ ਗਲਾਸ ਚੁੱਕਦਾ ਆਖਦਾ ਹੈ,

"ਚੀਅਰਜ਼ ਪੁੱਤਰਾ, ਚੀਅਰਜ਼!" ❑❑

(67, Hillside Road, Southall, Middx, U.K UB1 2PE)

ਐੱਲ ਓ ਐੱਲ : ਕਹਾਣੀ : ਕੇਸਰਾ ਰਾਮ

ਐੱਲ. ਓ. ਐੱਲ...! ਯਾਨਿ ਲਾਫ ਆਊਟ ਲਾਉਡਰ... ਮਤਲਬ ਠਹਾਕਾ-ਮਾਰ ਹਾਸਾ...! ਮੈਂ ਠਹਾਕਾ ਮਾਰ ਕੇ ਹੱਸਣਾ ਚਾਹਿਆ, ਪਰ...।

ਜਦ ਮੈਂ ਟੀ.ਵੀ. ਔਨ ਕੀਤਾ, ਇਕ ਖ਼ਬਰ ਬਰੇਕਿੰਗ ਨਿਊਜ਼ ਬਣਾ ਕੇ ਚਲਾਈ ਜਾ ਰਹੀ ਸੀ। ਕਈ ਚੈਨਲਾਂ 'ਤੇ। ਖ਼ਬਰ ਵੀ ਸੋਚਣ ਲਈ ਮਜਬੂਰ ਕਰਨ ਵਾਲੀ। ਅੱਜਕਲ੍ਹ ਅਜਿਹੀਆਂ ਖ਼ਬਰਾਂ ਅਕਸਰ ਚਲਦੀਆਂ ਰਹਿੰਦੀਆਂ ਨੇ। ਅਖ਼ਬਾਰ ਵੀ ਅਜਿਹੀਆਂ ਸੁਰਖ਼ੀਆਂ ਨਾਲ ਭਰੇ ਪਏ ਹੁੰਦੇ ਨੇ।

ਖ਼ਬਰ ਇਕ ਬਜ਼ੁਰਗ ਬਾਰੇ ਸੀ। ਇਹ ਬਜ਼ੁਰਗ ਕੌਣ ਸੀ, ਕਿੱਥੋਂ ਆਇਆ ਸੀ, ਖ਼ਬਰ ਤੋਂ ਤਾਂ ਪੁਖ਼ਤਾ ਤੌਰ 'ਤੇ ਕੁਝ ਵੀ ਪਤਾ ਨਹੀਂ ਚੱਲ ਰਿਹਾ ਸੀ। ਸ਼ਕਲ-ਸੂਰਤ ਤੋਂ ਵੀ ਕੋਈ ਨਹੀਂ ਕਹਿ ਸਕਦਾ ਸੀ ਕਿ ਉਹ ਕਿਸ ਧਰਮ ਨਾਲ ਸੰਬੰਧ ਰੱਖਦੈ ਜਾਂ ਕਿੱਥੋਂ ਆਇਐ। ਉਹ ਇਕ ਪੰਜਾਬੀ ਵਾਂਗ ਦਿੱਸਦੈ, ਪਰ ਜ਼ਰਾ ਗ਼ੌਰ ਨਾਲ ਤੱਕੋ ਤਾਂ ਉਹ ਬੰਗਾਲੀ ਲੱਗਦੈ। ਅਵਧੀ, ਮਰਾਠੀ, ਗੁਜਰਾਤੀ, ਸਿੰਧੀ ਤੇ ਬਲੋਚੀ ਵੀ।

ਜਦ ਮੈਂ ਗ਼ੌਰ ਨਾਲ ਦੇਖਿਆ, ਇਕੱਠੀਆਂ ਦੋ ਹਸਤੀਆਂ ਮੇਰੇ ਦਿਮਾਗ਼ ਵਿਚ ਗੱਡਮੱਡ ਹੋ ਕੇ ਰਹਿ ਗਈਆਂ। ਮੇਰੇ ਜ਼ਿਹਨ ਵਿਚ ਰਵਿੰਦਰ ਸੰਗੀਤ ਵੱਜਣ ਲੱਗਿਆ। ਜਦ ਹੋਰ ਵੀ ਗ਼ੌਰ ਨਾਲ ਤੱਕਿਆ, ਉਸ ਸ਼ਖ਼ਸੀਅਤ ਵਿਚ ਮੈਨੂੰ ਭਾਰਤੀ ਲੋਕ ਗੀਤਾਂ ਦੀ ਆਤਮਾ ਨਜ਼ਰ ਆਈ। ਮੈਂ 'ਘੋੜਾ ਬਾਦਸ਼ਾਹ' ਬਣ ਕੇ ਆਪਣੀ ਸੋਚ ਦੇ ਘੋੜੇ ਦੌੜਾਉਣ ਦੇ ਨਾਲ ਹੀ ਖ਼ਬਰ ਦੇਖਣ ਲੱਗਾ।

ਜਿਵੇਂ ਕਿ ਅਕਸਰ ਹੁੰਦੈ, ਟੀ.ਵੀ. ਵਾਲੇ ਜਾਣ ਬੁੱਝ ਕੇ ਖ਼ਬਰ ਨੂੰ ਕਿਸੇ ਰਸਤੇ ਨਹੀਂ ਪਾ ਰਹੇ ਸੀ। ਬਸ ਰਬੜ ਵਾਂਗ ਖਿੱਚ ਕੇ ਵਧਾਈ ਜਾ ਰਹੇ ਸੀ। ਲਾਹੌਰ, ਕਰਾਚੀ, ਪੱਟੀ ਤੋਂ ਲੈ ਕੇ ਦਿੱਲੀ... ਪਤਾ ਨਹੀਂ ਕਿੱਥੋਂ-ਕਿੱਥੋਂ ਲਿਆ ਕੇ ਦੂਰ ਦੀਆਂ ਗੋਟੀਆਂ ਫਿੱਟ ਕਰਨ ਦੀ ਕੋਸ਼ਿਸ਼ ਕਰ ਰਹੇ ਸੀ। ਜਿਵੇਂ ਉਨ੍ਹਾਂ ਨੇ ਤੈਅ ਕਰ ਲਿਆ ਹੋਵੇ, ਅੱਜ ਇਸੇ ਖ਼ਬਰ ਨਾਲ ਖੇਡਣੈ ਤੇ ਉਹ ਖੇਡ ਰਹੇ ਸੀ।

ਤੱਥ ਜਾਨਣ ਲਈ ਮੈਂ ਕੰਪਿਊਟਰ ਵੱਲ ਅਹੁਲਿਆ। ਭਾਵੇਂ ਇਕਦਮ ਮੈਨੂੰ ਯਾਦ ਨਹੀਂ ਆ ਰਿਹਾ ਸੀ, ਪਰ ਬਾਬਾ ਕੁਝ ਜਾਣਿਆ ਪਹਿਚਾਣਿਆ ਜ਼ਰੂਰ ਲੱਗ ਰਿਹਾ ਸੀ। ਮੈਂ ਸੋਚਿਆ, ਹੁਣ ਤਕ ਤਾਂ ਕਿਸੇ ਨੇ ਫੇਸਬੁਕ 'ਤੇ ਵੀ ਪੋਸਟ ਪਾ ਦਿੱਤੀ ਹੋਣੀ।

ਅਕਸਰ ਖ਼ਬਰਾਂ ਆਉਂਦੀਆਂ ਈ ਰਹਿੰਦੀਆਂ ਨੇ, ਅਖੇ ਫੇਸਬੁਕ ਨੇ ਪੰਜਾਹ ਸਾਲਾਂ ਦੇ ਵਿਛੜੇ ਭੈਣ-ਭਰਾ ਨੂੰ ਮਿਲਾ ਦਿੱਤਾ... ਸੰਗਰੂਰ-ਪੰਜਾਬ-ਇੰਡੀਆ ਦੇ ਇਕ ਨਿੱਕੇ ਜਿਹੇ ਪਿੰਡ ਛਾਜਲੀ ਦੇ ਸ਼ੇਰੇ ਨੂੰ ਇੰਗਲੈਂਡ ਦੀ ਸਟੈਫੀ ਨਾਲ ਫੇਸਬੁਕ 'ਤੇ ਪਿਆਰ ਹੋਇਆ, ਸੱਤ ਸਮੁੰਦਰ ਪਾਰ ਕਰਕੇ ਆਈ ਸਟੈਫੀ ਨੇ ਸ਼ੇਰੇ ਨਾਲ ਵਿਆਹ ਰਚਾ ਲਿਆ। ਹੁਣ ਛਾਜਲੀ ਪਿੰਡ ਵਿਚ ਸ਼ੇਰੇ ਦਾ ਚੁਲ੍ਹਾ-ਚੌਂਕਾ ਸਾਂਭ ਰਹੀ ਹੈ ਤੇ ਕੰਮ ਤੋਂ ਫੁਰਸਤ ਮਿਲਣ ਸਾਰ ਨੈੱਟਵਰਕ ਦੀਆਂ ਡੰਡੀਆਂ ਲੱਭਣ ਲਈ ਉਹ ਛੱਤ 'ਤੇ ਜਾ ਚੜ੍ਹਦੀ ਹੈ।

ਖ਼ਬਰਾਂ ਤਾਂ ਅਜਿਹੀਆਂ ਵੀ ਆਉਂਦੀਆਂ ਰਹਿੰਦੀਆਂ ਨੇ- ਇਕ ਨੌਜਵਾਨ ਨੇ ਆਪਣੇ ਫੇਸਬੁਕ ਫਰੈਂਡਜ਼ ਕੋਲੋਂ ਸਲਾਹ ਮੰਗੀ ਸੀ ਕਿ ਡਿਪਰੈਸ਼ਨ ਕਾਰਨ ਉਸਦਾ ਆਤਮ-ਹੱਤਿਆ ਕਰਨ ਨੂੰ ਜੀਅ ਕਰ ਰਿਹੈ, ਛੇਤੀ ਦੱਸੋ, ਕੀ ਕਰਾਂ? ਪੰਜ ਹਜ਼ਾਰ ਦੀ ਫਰੈਂਡ ਲਿਸਟ ਵਿਚੋਂ ਇਕ ਵੀ ਦੋਸਤ ਉਸਦਾ ਦੁੱਖ ਵੰਡਾਉਣ ਜਾਂ ਮਦਦ ਲਈ ਅੱਗੇ ਨਹੀਂ ਆਇਆ, ਬਸ ਸਾਰੇ ਪੋਸਟ ਨੂੰ ਲਾਇਕ ਕਰਦੇ ਰਹੇ। ਤੇ ਅਗਲੇ ਦਿਨ ਖ਼ਬਰ ਆਈ ਕਿ...।

ਫਿਰ ਵੀ ਫੇਸਬੁਕ ਫੈਂਟੇਸੀ ਦਾ ਜਾਦੂ ਮੇਰੇ ਵੀ ਸਿਰ ਚੜ੍ਹਿਆ ਹੀ ਰਹਿੰਦਾ ਹੈ। ਮੈਨੂੰ ਵਿਸ਼ਵਾਸ ਹੀ ਨਹੀਂ, ਪੱਕਾ ਯਕੀਨ ਤੇ ਭਰੋਸਾ ਵੀ ਸੀ ਕਿ ਫੇਸਬੁਕ ਤੋਂ ਇਸ ਬਾਰੇ ਜ਼ਰੂਰ ਸੱਚਾਈ ਪਤਾ ਲੱਗ ਜਾਵੇਗੀ, ਪਰ ਨੈੱਟ ਡਾਊਨ ਸੀ, ਗੱਲ ਨਾ ਬਣੀ।

ਟੀ.ਵੀ. ਵਾਲੇ ਦੱਸ ਰਹੇ ਸੀ ਕਿ ਸਵੇਰੇ ਇਹ ਬਾਬਾ ਬਠਿੰਡਾ ਰੇਲਵੇ ਸਟੇਸ਼ਨ 'ਤੇ ਦੇਖਿਆ ਗਿਆ ਸੀ। ਪਤਾ ਨਹੀਂ ਕਿਉਂ ਮੈਨੂੰ ਲੱਗਦੈ, ਮੇਰਾ ਇਸ ਨਾਲ ਕੋਈ ਰਿਸ਼ਤਾ ਹੈ। ਸ਼ਾਇਦ ਇਸੇ ਕਰਕੇ ਮੇਰੀ ਦਿਲਚਸਪੀ ਵਧ ਗਈ ਹੈ।

ਕੀ ਇੰਝ ਵੀ ਹੋ ਸਕਦੈ ਕਿ ਮੇਰਾ ਆਪਣਾ ਸਮਾਂ, ਮੇਰਾ ਵਰਤਮਾਨ, 'ਪੀਰੀਅਡ-ਕੌਸਟਿਊਮ' ਪਾ ਕੇ ਮੈਨੂੰ ਸ਼ੀਸ਼ਾ ਦਿਖਾ ਰਿਹਾ ਹੋਵੇ?

ਨੈੱਟ ਚਲ ਨਹੀਂ ਰਿਹਾ ਤੇ ਫੇਸਬੁਕ...। ਮੇਰੇ ਜ਼ਿਆਦਾਤਰ ਫੇਸਬੁਕ ਫਰੈਂਡ ਦਿਨ-ਰਾਤ ਫੇਸਬੁਕ 'ਤੇ ਸਾਹਿਤਕ ਬਿੱਠਾਂ ਜਿਹੀਆਂ ਕਰਦੇ ਰਹਿੰਦੇ ਨੇ। ਕਈ ਤਾਂ ਮੋਬਾਇਲ 'ਤੇ ਵੀ ਚੌਵੀ ਘੰਟੇ ਔਨ ਲਾਈਨ ਹੀ ਰਹਿੰਦੇ ਨੇ। ਦੇਹ ਪੋਸਟਾਂ ਤੇ ਪੋਸਟਾਂ...! ਤੇ ਨਾਲੇ-ਨਾਲ ਲਾਇਕ, ਸ਼ੇਅਰ, ਕੁਮੈਂਟ, ਨਾਇਸ ਪਿਕ, ਔਸਮ...! ਗ੍ਰੇਟ...! ਥਮਜ਼ ਅੱਪ...! ਸਮਾਇਲੀ...! ਲੋਲਜ਼...!

ਫੇਸਬੁਕ ਉਂਝ ਹੈ ਬੜੀ ਕੰਮ ਦੀ ਚੀਜ਼। ਅੱਜਕਲ੍ਹ ਤਾਂ ਆਪਣੇ ਕਿਸੇ ਰਿਸ਼ਤੇਦਾਰ, ਦੋਸਤ-ਮਿੱਤਰ ਦੇ ਮਾਂ-ਪਿਉ ਜਾਂ ਕਿਸੇ ਨਜ਼ਦੀਕੀ ਦੀ ਮੌਤ ਦੀ ਖ਼ਬਰ ਸਭ ਤੋਂ ਪਹਿਲਾਂ ਫੇਸਬੁਕ ਤੋਂ ਹੀ ਪਤਾ ਚੱਲਦੀ ਐ। ਲੇਖਕਾਂ ਦੇ ਮਰਨ, ਸਨਮਾਨ ਮਿਲਣ ਜਾਂ ਅਪਮਾਨ ਦੀ ਸੂਚਨਾ ਤਾਂ ਅੱਜਕਲ੍ਹ ਮਿਲਦੀ ਹੀ ਫੇਸਬੁਕ ਤੋਂ ਹੈ। ਅਖ਼ਬਾਰ ਤਾਂ ਰੀਜਨਲ ਹੋ ਗਏ ਨੇ ਤੇ ਸਾਹਿਤ ਨੂੰ ਤਾਂ ਜਿਵੇਂ ਬਨਵਾਸ ਹੀ ਦੇ ਰੱਖਿਐ।

ਕਿਸੇ ਦਾ ਮਰਿਆ ਭਾਵੇਂ ਪਿਉ ਹੀ ਹੋਵੇ, ਆਪਾਂ ਵੀ ਨਾਲ ਦੀ ਨਾਲ ਲਾਇਕ ਕਰ ਛੱਡੀਦੈ! ਤੇਰੇ ਪਿਉ ਦਾ ਮਰਨਾ ਪਸੰਦ ਆਇਆ, ਦੋਸਤ! ਐੱਲ.ਓ.ਐੱਲ...! ਤੁਸੀਂ ਵੀ ਐੱਲ.ਓ.ਐੱਲ...! ਮਤਲਬ ਹੱਸੋ, ਠਹਾਕਾ-ਮਾਰ ਹਾਸਾ। ਬਲਕਿ ਕਈ ਵਾਰੀ ਤਾਂ ਕੁਮੈਂਟ ਵੀ ਕਰ ਦੇਈਦੈ। ਮੁਕਾਣ ਜਾਣ ਦਾ ਯੱਭ ਵੀ ਮੁੱਕਿਆ। ਲੋਲਜ਼...!

ਪਰ ਹੁਣ ਯੱਭ ਇਹ ਸੀ ਕਿ ਵਾਰ-ਵਾਰ ਟਰਾਈ ਤੋਂ ਬਾਅਦ ਵੀ 'ਪੇਜ ਕੈਨ ਨੋਟ ਡਿਸਪਲੇ' ਮੈਸੇਜ ਆ ਰਿਹਾ ਸੀ। ਮੇਰੀ ਬਿਰਤੀ ਬਠਿੰਡੇ ਸਟੇਸ਼ਨ ਵੱਲ ਚਲੀ ਗਈ। ਉੱਥੇ ਕੀ ਗੁਲ ਖਿੜਾਏ ਹੋਣੇ ਇਸ ਬਜ਼ੁਰਗ ਨੇ?

ਸਟੇਸ਼ਨ ਤੁਸੀਂ ਦੇਖਿਆ ਹੀ ਹੋਣਾ, ਕੋਈ ਛੋਟਾ-ਮੋਟਾ ਨਹੀਂ, ਲੋਕ-ਮਨਾਂ ਵਿਚ ਵੀ ਵਾਹਵਾ ਵੱਡਾ ਜੰਕਸ਼ਨ ਐ ਰੇਲਾਂ ਦਾ: 'ਪਹਿਲਾਂ ਅੰਗਰੇਜ਼ਾਂ ਨੇ ਰੇਲ ਚਲਾਈ, ਫੇਰ ਚਲਾਈਆਂ ਤਾਰਾਂ, ਸੌ-ਸੌ ਫੁੱਟ 'ਤੇ ਬਾਲਾ ਗੱਡਿਆ, ਵੇਖ ਅਕਲ ਦੀਆਂ ਕਾਰਾਂ, ਬਾਹਲੀਆਂ ਗੱਡੀਆਂ ਪੈਣ ਬਠਿੰਡੇ, ਜਿਉਂ ਕੂੰਜਾਂ ਦੀਆਂ ਡਾਰਾਂ...।' ਜਦ ਤਕ ਨੈੱਟ ਨਹੀਂ ਚਲਦਾ, ਵਿਹਲੇ ਬੈਠੇ ਕਰੀਏ ਵੀ ਕੀ? ਬੇਹੂਦਾ ਰੈਪੀਟੇਸ਼ਨ ਵਾਲੀਆਂ ਖ਼ਬਰਾਂ ਨਾਲ ਬੋਰ ਹੋ ਕੇ ਖਿਝਣ ਨਾਲੋਂ ਤਾਂ ਚੰਗਾ ਹੈ, ਆਪਣੀ ਕਲਪਨਾ ਦੇ ਘੋੜੇ ਦੌੜਾਓ।

ਤਾਂ ਚਲੋ ਫਿਰ, ਦ੍ਰਿਸ਼ ਦੇ ਨਾਲ-ਨਾਲ ਤੁਹਾਨੂੰ ਪਿੱਠਭੂਮੀ ਵਿਚ ਲੋੜ ਮੁਤਾਬਕ ਵੱਖ-ਵੱਖ ਲੋਕ ਗੀਤਾਂ ਦੀਆਂ ਸਤਰਾਂ ਵੀ ਸੁਣ ਰਹੀਆਂ ਨੇ। ਬੈਕ-ਗਰਾਊਂਡ ਮਿਊਜ਼ਿਕ ਦੇ ਤੌਰ 'ਤੇ ਲੋਕ ਸੰਗੀਤ ਦੀਆਂ ਧੁਨਾਂ ਤਾਂ ਵੱਜ ਹੀ ਰਹੀਆਂ ਨੇ। ਪੀਰੀਅਡ-ਫਿਲਮ ਜਾਂ ਪੀਰੀਅਡ-ਕਹਾਣੀ ਲਈ ਇਹ ਚੀਜ਼ਾਂ ਜ਼ਰੂਰੀ ਹੁੰਦੀਆਂ ਨੇ। ਹੌਲੀ-ਹੌਲੀ ਉਸ ਸਮੇਂ ਦਾ ਦ੍ਰਿਸ਼ ਸਾਕਾਰ ਹੋ ਜਾਂਦੈ।

ਪਲੇਟਫਾਰਮ ਨੰਬਰ ਪੰਜ। ਆਪੋ-ਆਪਣੀ ਮੰਜ਼ਲ ਵੱਲ ਲਿਜਾਣ ਵਾਲੀ ਗੱਡੀ ਦੀ ਉਡੀਕ ਵਿਚ ਖੜ੍ਹੀਆਂ ਸਵਾਰੀਆਂ ਦਾ ਭੀੜ-ਭੜੱਕਾ। ਸਵਾਰੀਆਂ ਦੇ ਨਾਲ-ਨਾਲ ਚਾਹ-ਪਕੌੜੇ, ਪੂਰੀਆਂ-ਛੋਲੇ ਤੇ ਹੋਰ ਲਟਰਮ-ਸ਼ਟਰਮ ਵੇਚਣ ਵਾਲਿਆਂ ਦੀ ਕਾਂਵਾਂ ਰੌਲੀ।

ਇਕ ਬੈਂਚ 'ਤੇ ਚਾਰ-ਪੰਜ ਔਰਤਾਂ ਬੈਠੀਆਂ ਨੇ, ਕੋਲ਼ ਹੀ ਦੋ ਜਣੇ ਚਿੱਟੇ ਕੁੜਤੇ ਪਜਾਮੇ ਪਾਈ ਤੇ ਤਿੰਨ ਭਾਊ ਡਬਲ ਪਾਟ ਵਾਲੇ ਚਾਦਰੇ ਬੰਨ੍ਹੀ ਖੜ੍ਹੇ ਹਨ। ਪਹਿਰਾਵੇ ਤੋਂ ਇਹ ਧਨੌਲੇ ਦੇ ਨੇੜੇ-ਤੇੜੇ ਦੇ ਕਿਸੇ ਪਿੰਡੋਂ ਆਏ ਲੱਗਦੇ ਐ। ਸ਼ਾਇਦ ਕਿਸੇ ਮਰਗ 'ਤੇ ਜਾ ਰਹੇ ਨੇ, ਪਰ ਗੱਲਾਂ ਬਠਿੰਡੇ ਬਾਰੇ ਕਰ ਰਹੇ ਨੇ।

"ਇਨ੍ਹਾਂ ਸਾਲਾਂ 'ਚ ਬਠਿੰਡੇ ਨੇ ਬੜੀ ਤਰੱਕੀ ਕੀਤੀ ਐ," ਇਕ ਭਾਊ ਕਹਿ ਰਿਹੈ। ਕੋਲ ਬੈਠੀਆਂ ਬੁੜ੍ਹੀਆਂ ਨੇ ਉਸ ਵੱਲ ਦਿਲਚਸਪੀ ਨਾਲ ਦੇਖਿਐ ਕਿ ਭਾਅ ਕਿਹੜੀ ਤਰੱਕੀ ਬਾਰੇ ਦੱਸ ਰਿਹੈ। ਤਰੱਕੀ ਦੀ ਗੱਲ ਕਰਦਿਆਂ ਹੋਇਆਂ ਵੀ ਉਹ ਉਦਾਸ ਹੈ। ਸ਼ਾਇਦ ਤਰੱਕੀ ਦੀ ਕਾਣੀ ਵੰਡ ਤੇ ਉੱਘੜ-ਦੁੱਘੜੀ ਸ਼ਕਲ ਦੇਖ ਕੇ। ਜਾਂ ਸੋਚਦਾ ਹੋਣਾ, ਇਹ ਤਰੱਕੀ ਸਾਡੇ ਪਿੰਡਾਂ ਤੋਂ ਕਿਉਂ ਰੁੱਸੀ ਹੋਈ ਐ?

ਦੂਜੇ ਭਾਊ ਨੇ ਦੂਰ ਕਿਸੇ ਅੰਬਰ-ਛੂੰਹਦੀ ਬਿਲਡਿੰਗ ਵੱਲ ਦੇਖ ਕੇ ਪੁੱਛਿਐ, "ਭਾਅ, ਤਰੱਕੀ ਬਠਿੰਡੇ ਦੀ ਕਿ ਪ੍ਰੋਪਰਟੀ ਡਿਵੈਲਪਰਾਂ ਦੀ?" ਤੇ ਚਰਚਾ ਥਾਂਏਂ ਰੁਕ ਗਈ। ਨਹੀਂ ਇਹੀ ਤਿੰਨੇ ਜੇ ਘਰ ਦੀ ਦਾਰੂ ਕੱਢਣ ਦੇ ਤਰੀਕਿਆਂ ਤੇ ਉਸਦੇ ਗੁਣਾਂ ਬਾਰੇ ਗੱਲਾਂ ਸ਼ੁਰੂ ਕਰ ਦਿੰਦੇ ਤਾਂ ਪੂਰਾ 'ਹੱਥ-ਕੱਢ ਦਾਰੂ ਪੌਰਾਣ' ਰਚਿਆ ਜਾਣਾ ਸੀ।

ਇਸ ਤੋਂ ਅਗਲੇ ਬੈਂਚ 'ਤੇ ਚਾਰ ਨੌਜਵਾਨ ਕੁੜੀਆਂ ਬੈਠੀਆਂ ਨੇ। ਜਿਨ੍ਹਾਂ 'ਚੋਂ ਇਕ ਆਪਣੇ ਟੈਬ 'ਤੇ ਉਂਗਲਾਂ ਘਸਾ ਰਹੀ ਹੈ। ਦੂਜੀ ਮੋਬਾਇਲ 'ਚ ਗੇਮ ਖੇਡ ਰਹੀ ਹੈ। ਤੀਜੀ ਗੇਮ ਖੇਡਦੀ ਨੂੰ ਦੇਖ ਰਹੀ ਹੈ ਤੇ ਚੌਥੀ ਕੰਨਾਂ 'ਚ ਈਅਰਫੋਨ ਲਾ ਕੇ ਮੋਬਾਇਲ 'ਚੋਂ ਗਾਣੇ ਸੁਣ ਰਹੀ ਹੈ। ਹੋਰਾਂ ਕੁੜੀਆਂ ਵਾਂਗ ਉਸਨੇ ਟੌਪ ਜਾਂ ਟੀ-ਸ਼ਰਟ ਨਾਲ ਜੀਨਸ ਨਹੀਂ, ਕੈਪਰੀ ਪਾਈ ਹੋਈ ਹੈ।

ਇਸੇ ਬੈਂਚ 'ਤੇ ਦੂਜੇ ਬੰਨੇ ਇਕ ਬਜ਼ੁਰਗ ਇਕ ਕਾਗ਼ਜ਼ ਦੇ ਟੁਕੜੇ 'ਤੇ ਲਿਖੇ ਨੂੰ ਆਪਣੀ ਚੇਪੀਆਂ ਵਾਲੀ ਕਾਪੀ 'ਚ ਉਤਾਰ ਰਿਹੈ। ਪੂਰਾ ਛੇ ਫੁੱਟ ਉੱਚਾ ਕੱਦ, ਗਲ਼ ਲੰਮਾ ਕੁੜਤਾ, ਖੁਲ੍ਹੇ ਪੌਂਚਿਆਂ ਵਾਲਾ ਗਿੱਟਿਆਂ ਤੋਂ ਉੱਚਾ ਪਜਾਮਾ, ਘਸਮੈਲ਼ਾ ਜਿਹਾ ਲੰਮਾ ਸਿਲਕੀ ਕੋਟ, ਸਿਆਲ ਦੀ ਕੋਸੀ ਧੁੱਪ ਵਾਂਗ ਲਿਸ਼ਕਦਾ ਗੋਰਾ ਚਿਹਰਾ ਤੇ ਪਤਲਾ ਲੰਮਾ ਜੁੱਸਾ। ਹਵਾ 'ਚ ਉੱਡਦੇ ਤੇ ਖਿਲਰੇ ਹੋਏ ਚਿੱਟੀ ਲੰਮੀ ਦਾੜ੍ਹੀ ਤੇ ਸਿਰ ਦੇ ਵਾਲ। ਜ਼ਹਾਨਤ ਨਾਲ ਨੂਰੋ-ਨੂਰ ਚਮਕਦੇ ਮੱਥੇ ਦੇ ਥੱਲੇ ਲਿਸ਼ਕਦੀਆਂ ਆਪਣੇ ਆਲੇ ਦੁਆਲੇ ਨੂੰ ਦੇਖਦੀਆਂ, ਕੁਝ ਭਾਲਦੀਆਂ, ਚੁੱਪਚਾਪ ਸਵਾਲ ਕਰਦੀਆਂ ਤੇ ਫੇਰ ਆਪਣੇ ਹੀ ਸਵਾਲਾਂ ਦੇ ਜਵਾਬ ਦੇਂਦੀਆਂ ਅੱਖਾਂ ਏਦਾਂ ਲੱਗ ਰਹੀਆਂ ਨੇ ਜਿਵੇਂ ਸਾਹਮਣੇ ਦਿਸਦੀ ਦੁਨੀਆਂ ਨੂੰ ਆਪਣੇ ਅੰਦਰ ਜਜ਼ਬ ਕਰ ਰਹੀਆਂ ਹੋਣ।

ਕਿਤਿਉਂ ਦੇਖ, ਸੁਣ ਕੇ ਜਜ਼ਬ ਕੀਤਾ ਹੋਇਆ ਜਾਂ ਕਿਸੇ ਦਾ ਸੁਝਾਇਆ ਹੋਇਆ ਗੀਤ ਜਾਂ ਕੋਈ ਬਾਤ ਆਪਣੀ ਕਾਪੀ ਵਿਚ ਲਿਖ ਲੈਂਦਾ ਤੇ ਥੋੜ੍ਹੇ ਸਮੇਂ ਬਾਅਦ ਰਬੜ ਨਾਲ ਮਿਟਾ ਵੀ ਦਿੰਦਾ। ਇਸ ਤਰ੍ਹਾਂ ਉਸਦੀ ਕਾਪੀ ਰਬੜ ਦੇ ਰਗੜੇ ਸਹਿੰਦੀ ਤੇ ਚੇਪੀਆਂ ਦਾ ਭਾਰ ਚੁੱਕਦੀ ਹੁਣ ਗਰਭਵਤੀ ਜਾਪਦੀ ਸੀ।

ਆਪਣੇ ਲਿਖੇ 'ਚੋਂ ਕੁਝ ਮਿਟਾਉਣ ਹੀ ਲੱਗਾ ਸੀ ਕਿ ਉਸਦੇ ਕੰਨੀਂ ਮੱਧਮ-ਮੱਧਮ ਸਟੀਰੀਓਫੋਨਿਕ ਸੰਗੀਤ ਪਿਆ। ਆਮ ਲੋਕ ਅੱਜਕਲ੍ਹ ਸ਼ਰੇਆਮ ਗਾਉਂਦੇ ਜਾਂ ਗੁਣਗੁਣਾਉਂਦੇ ਨਜ਼ਰੀਂ ਕਿੱਥੇ ਪੈਂਦੇ ਨੇ? ਝੱਟ ਉਸਨੇ ਕੰਨ ਉਸ ਸੰਗੀਤ ਵੱਲ ਲਾ ਲਏ:

'ਗੱਡੀ ਆ ਗਈ ਟੇਸ਼ਨ 'ਤੇ... ਵਨ-ਟੂ-ਥ੍ਰੀ-ਫੋ...! ਪਰ੍ਹਾਂ ਹਟ ਵੇ ਬਾਬੂ... ਮੈਨੂੰ ਮਾਹੀਆ-ਮਾਹੀਆ-ਮਾਹੀਆ... ਦੇਖਣ ਦੇ...! ਯਾਹ...!'

ਉਸਨੇ ਚੁਫੇਰੇ ਤੱਕਿਆ। ਚੇਪੀਆਂ ਵਾਲੀ ਕਾਪੀ, ਲੂਜ਼ ਕਾਗ਼ਜ਼ ਤੇ ਪੈਨਸਿਲ ਝੋਲੇ ਵਿਚ ਪਾਉਂਦਿਆਂ ਉਹ ਉੱਠ ਖੜ੍ਹਿਆ।

ਇਹ ਲੋਕ ਗੀਤ ਦੀਆਂ ਸਤਰਾਂ ਏਨੀ ਤੇਜ਼ੀ ਨਾਲ ਕੌਣ ਗੁਣਗੁਣਾ ਰਿਹੈ? ਜਾਂ ਮੇਰੇ ਕੰਨ ਵੱਜ ਰਹੇ ਨੇ?' ਮਨਬਚਨੀ ਕਰਦਿਆਂ ਉਸਨੇ ਮੁੜ ਕੇ ਦੇਖਿਆ। ਕੈਪਰੀ ਵਾਲੀ ਕੁੜੀ ਦੇ ਕੰਨਾਂ 'ਚ ਲੱਗੇ ਈਅਰਫੋਨ 'ਚੋਂ ਕਿਸੇ ਅਣਪਛਾਤੇ ਸੰਗੀਤ ਦਾ ਮੱਧਮ ਜਿਹਾ ਸ਼ੋਰ ਛਣ ਕੇ 'ਟੇਸ਼ਣ 'ਤੇ ਮੱਚੀ ਕਾਂਵਾਂ-ਰੌਲੀ ਵਿਚ ਘੁਲ਼ ਰਿਹਾ ਸੀ।

ਬੜੇ ਪਿਆਰ ਨਾਲ ਆਪਣੀ ਬਾਰੀਕ, ਰੇਸ਼ਮੀ ਆਵਾਜ਼ ਵਿਚ ਕੈਪਰੀ ਵਾਲੀ ਕੁੜੀ ਨੂੰ ਮੁਖ਼ਾਤਬ ਹੋਇਆ, "ਬੀਬਾ, ਤੁਸੀਂ ਕੋਈ ਲੋਕਗੀਤ ਸੁਣ ਰਹੇ ਹੋ?"

ਕੁੜੀ ਨੂੰ ਸੁਣਿਆ ਨਾ। ਉਸਨੇ ਬਾਬੇ ਦੀ ਤੱਕਣੀ ਤੋਂ ਅੰਦਾਜ਼ਾ ਲਾ ਕੇ ਆਪਣੇ ਇਕ ਕੰਨ 'ਚੋਂ ਈਅਰਫੋਨ ਕੱਢ ਕੇ ਸਵਾਲੀਆ ਨਜ਼ਰਾਂ ਨਾਲ ਬਾਬੇ ਵੱਲ ਦੇਖਿਆ। ਬਾਬੇ ਨੇ ਆਪਣੀ ਗੱਲ ਦੁਹਰਾਈ ਤਾਂ ਕੁੜੀ ਨੇ ਈਅਰਫੋਨ ਬਾਬੇ ਵੱਲ ਵਧਾ ਦਿੱਤਾ।

ਬਾਬਾ ਈਅਰਫੋਨ ਕੰਨ ਨਾਲ ਲਾਉਣ ਸਾਰ ਤ੍ਰਭਕਿਆ। ਬਹੁਤ ਹੀ ਤੇਜ਼ ਸੰਗੀਤ। ਈਅਰਫੋਨ ਉਸਦੇ ਹੱਥੋਂ ਛੁੱਟ ਗਿਆ। ਦੂਜਾ ਹੱਥ ਜੋ ਚੇਪੀਆਂ ਵਾਲੀ ਕਾਪੀ ਕੱਢਣ ਲਈ ਝੋਲੇ ਵੱਲ ਵਧਿਆ ਸੀ, ਥਾਂਏਂ ਰੁਕ ਗਿਆ। ਕੁੜੀਆਂ ਠਹਾਕਾ ਮਾਰ ਕੇ ਹੱਸ ਪਈਆਂ।

ਬਾਬਾ ਛਿੱਥਾ ਜਿਹਾ ਹੋਇਆ ਇੱਧਰ-ਉੱਧਰ ਤੱਕਣ ਲੱਗਿਆ ਪਰ ਹਿੰਮਤ ਨਹੀਂ ਹਾਰੀ। ਕਹਿੰਦਾ, "ਬੀਬਾ ਜੀ, ਇਹ ਕੀ ਗੱਲ ਹੋਈ ਭਲਾ? ਜਿਵੇਂ ਪਿੱਛੇ ਕੜ੍ਹੀੜ ਪਏ ਹੋਣ ਤੇ ਕੋਈ ਵਾਹੋਦਾਹੀ ਭੱਜਿਆ ਜਾ ਰਿਹਾ ਹੋਵੇ। ਲੋਕ ਬੋਲੀਆਂ ਦੀ, ਗੀਤਾਂ ਦੀ ਆਪਣੀ ਇਕ ਨਿਸ਼ਚਤ ਲੈਅ, ਸੁਰ, ਤਾਲ ਹੁੰਦੀ ਐ... ਅੱਛਾ, ਕੋਈ ਹੋਰ ਬੋਲੀ, ਕੋਈ ਲੋਕ ਗੀਤ ਸੁਣਾਓ, ਜੋ ਤੁਸੀਂ ਮਾਂ, ਦਾਦੀ, ਨਾਨੀ ਤੋਂ ਸੁਣਿਆ ਹੋਵੇ...?" ਹੁਣ ਉਹ ਸਾਰੀਆਂ ਨੂੰ ਮੁਖ਼ਾਤਬ ਸੀ। ਕੁੜੀਆਂ ਨੇ ਝਿਜਕਦਿਆਂ ਇਕ ਦੂਜੇ ਵੱਲ ਦੇਖਿਆ।

ਬਾਬਾ ਕਹਿੰਦਾ, "ਝਿਜਕ ਕਾਹਦੀ ਬੀਬਾ ਜੀ? ਤੁਸੀਂ ਤਾਂ ਆਪਣੇ ਵਿਰਸੇ, ਆਪਣੇ ਸੱਭਿਆਚਾਰ ਦੇ ਵਾਹਕ ਹੋਂ। ਕੈਰੀਅਰ ਸਮਝਦੇਓਂ ਨਾ? ਤੁਸੀਂ ਹੀ ਤਾਂ ਇਹਨੂੰ ਅੱਗੇ ਲੈ ਕੇ ਜਾਣੈ...। ਅਗਲੀ ਪੀੜ੍ਹੀ ਤੀਕ... ਪੀੜ੍ਹੀ ਦਰ ਪੀੜ੍ਹੀ...।"

ਉਸਦੀ ਸ਼ਖ਼ਸੀਅਤ ਦਾ ਜਾਦੂ ਹੀ ਸੀ ਕਿ ਕੁੜੀਆਂ ਜ਼ਰਾ ਖੁਲ੍ਹੀਆਂ। ਕੋਈ ਲੋਕਗੀਤ ਤਾਂ ਕੋਈ ਬੋਲੀਆਂ ਸੁਣਾਉਣ ਲੱਗੀਆਂ। ਕਈ ਚੀਜ਼ਾਂ ਬਾਬੇ ਨੇ ਕਾਪੀ ਵਿਚ ਨੋਟ ਕੀਤੀਆਂ। ਚੰਗਾ ਸਮਾਂ ਬੱਝ ਗਿਆ ਤੇ ਵਾਹਵਾ ਹਾਸਾ-ਠੱਠਾ ਸੁਣ ਕੇ ਬਾਬੇ ਤੇ ਕੁੜੀਆਂ ਦੇ ਆਲ਼ੇ-ਦੁਆਲ਼ੇ ਖ਼ਾਸੀ ਭੀੜ ਜੁੜ ਗਈ। ਜਿਵੇਂ ਕਦੇ ਪਿੰਡਾਂ 'ਚ ਮਦਾਰੀ ਦੁਆਲ਼ੇ ਜੁੜ ਜਾਇਆ ਕਰਦੀ ਸੀ। ਪਰ ਇੱਥੇ ਮਦਾਰੀ ਨਹੀਂ, ਕੋਈ 'ਬਾਰਾਂ ਕਬੀਲਿਆਂ ਦਾ ਦਰਵੇਸ਼' ਕੁੜੀਆਂ ਨਾਲ ਰਲ਼ ਕੇ ਆਪਣੀ ਰੇਸ਼ਮੀ ਆਵਾਜ਼ ਵਿਚ ਗਾ ਰਿਹਾ ਸੀ, "ਨੀਂ ਕਿਹੜੀ ਗੱਲੋਂ ਕਰੇਂ ਕਚੀਰਾ, ਲਿਖਿਆ ਵਿਚ ਕਿਤਾਬਾਂ...!" ਤੇ ਹੁਣ ਤਾਂ ਪੁਰਾਣੇ ਮਾਖਿਓਂ ਦੀ ਮਹਿਕ ਬਿਖੇਰਦੀਆਂ ਕਈ ਬੁੱਢੀਆਂ-ਠੇਰੀਆਂ, ਅੱਧਖੜ ਔਰਤਾਂ ਵੀ ਲੋਕ ਰੰਗਾਂ ਦੀ ਛਹਿਬਰ ਵਿਚ ਸ਼ਾਮਲ ਹੋ ਗਈਆਂ ਸੀ।

ਫੇਰ ਉਸਦਾ ਧਿਆਨ ਕੁੜੀਆਂ ਦੇ ਪਹਿਰਾਵੇ ਵੱਲ ਚਲਿਆ ਗਿਆ। ਜ਼ੀਨਸ, ਟੀ-ਸ਼ਰਟਾਂ ਭਾਵੇਂ ਕੋਈ ਨਵੀਂ ਗੱਲ ਨਹੀਂ ਸੀ ਪਰ...। ਉਹ ਕੈਪਰੀ ਵਾਲੀ ਨੂੰ ਗ਼ੌਰ ਨਾਲ ਦੇਖ

ਰਿਹਾ ਸੀ ਪਰ ਛੇਤੀ ਹੀ ਕੁੜੀ ਦੇ ਚਿਹਰੇ ਤੋਂ ਉਸਦੀ ਅਸਹਿਜਤਾ ਦਾ ਅਹਿਸਾਸ ਬਾਬੇ ਨੂੰ ਵੀ ਹੋ ਗਿਆ। ਕਿਉਂਕਿ ਰਹਿਣੀ-ਬਹਿਣੀ 'ਚ ਬਾਬਾ ਜਿੰਨਾ ਪੁਰਾਣਾ ਸੀ, ਓਨਾ ਹੀ ਨਵਾਂ ਵੀ।

ਬਾਬਾ ਹੁਣ ਕੈਪਰੀ ਵਾਲੀ ਨੂੰ ਮੁਖਾਤਬ ਸੀ, "ਬੀਬਾ ਜੀ, ਇਸ ਵਸਤਰ ਦਾ ਨਾਂ ਦੱਸ ਸਕਦੇਓਂ, ਜਿਹੜਾ ਤੁਸੀਂ ਪਾਇਆ ਹੋਇਐ?" ਤੇ ਉਸ ਦੀਆਂ ਅੱਧ-ਨੰਗੀਆਂ ਟੰਗਾਂ ਵੱਲ ਇਸ਼ਾਰਾ ਕਰਦਿਆਂ ਚਿਹਰੇ 'ਤੇ ਮਿਸ ਇੰਡੀਆ ਵਰਗੀ ਮੁਸਕਾਨ ਦੇ ਰਿਹਾ ਸੀ।

"ਵ੍ਹਾਟ?" ਆਪਣੀ ਕੈਪਰੀ ਤੇ ਫੇਰ ਬਾਬੇ ਵੱਲ ਦੇਖਦਿਆਂ ਉਸ ਕੁੜੀ ਦੇ ਮੂੰਹੋਂ ਨਿਕਲਿਆ। ਨਿਕਲਿਆ ਕੀ ਸੀ? ਹੈਰਾਨੀ ਭਰੇ ਲਹਿਜੇ 'ਚ ਜ਼ਰਾ ਉੱਚੇ ਸੁਰ 'ਚ ਕਿਹਾ ਸੀ ਬਾਲਕੀ ਨੇ।

"ਵਾਹ! ਖ਼ੂਬ! ਰਤਾ ਠਹਿਰੋ, ਮੈਂ ਲਿਖ ਲਵਾਂ। ਜ਼ਰਾ ਸਪੈਲਿੰਗ ਵੀ ਦੱਸੋਂਗੇ ਬੀਬਾ ਜੀ?" ਇਕ ਵਾਰੀ ਫੇਰ ਮਿਸ ਇੰਡੀਆ ਵਰਗੀ ਮੁਸਕਾਨ ਉਸਦੇ ਚਿਹਰੇ 'ਤੇ ਖੇਡਣ ਲੱਗੀ।

ਸ਼ਕਲੋਂ ਪੇਂਡੂ ਜਿਹੀ ਦਿਸਦੀ ਮੋਬਾਇਲ 'ਤੇ ਗੇਮ ਖੇਡ ਰਹੀ, ਸਟ੍ਰੈਚੇਬਲ ਜੀਨਸ ਪਾਈ ਬੈਠੀ ਕੁੜੀ ਵੀ ਕੈਪਰੀ ਵਾਲੀ ਦੇ ਨਾਲ ਹੀ ਉੱਠ ਖੜ੍ਹੀ ਹੋਈ। ਸ਼ਾਇਦ ਉਨ੍ਹਾਂ ਦੀ ਗੱਡੀ ਆ ਗਈ ਸੀ।

"ਸਪੈਲਿੰਗ?" ਲੋਲਜ਼...! ਦੋਵੇਂ ਹੱਸਣ ਲੱਗੀਆਂ।

ਬਾਕੀ ਕੁੜੀਆਂ ਵੀ ਖਿੜਖਿੜਾ ਕੇ ਹੱਸ ਪਈਆਂ।

ਉਸੇ ਸਮੇਂ ਇਕ ਕਾਲੇ ਕੋਟ ਵਾਲਾ ਸ਼ਖਸ ਚਿਰਾਗ਼ ਦੇ ਜਿੰਨ ਵਾਂਗ ਉੱਥੇ ਆ ਹਾਜ਼ਰ ਹੋਇਆ, "ਬਾਬਾ ਕਿੱਥੇ ਜਾਣੈ ਤੈਂ?"

"ਮੈਂ, ਬੇਟਾ ਜੀ ਜਗਰਾਵਾਂ।"

"ਜਗਰਾਵਾਂ?"

ਯਕਦਮ ਉਸਨੂੰ ਸ਼ਾਂਤੀ ਦੇਵੀ, ਜਿਹਨੂੰ ਉਹ ਲੋਕ-ਮਾਤਾ ਕਿਹਾ ਕਰਦਾ ਸੀ, ਦੀ ਜੰਮਣ-ਭੋਂ ਦਾ ਖ਼ਿਆਲ ਆਇਆ।

"ਨਹੀਂ ਬੇਟਾ ਜੀ, ਭਦੌੜ।"

"ਭਦੌੜ?"

ਉਸਨੂੰ ਆਪਣੀ ਜੰਮਣ-ਭੋਂ ਯਾਦ ਆਈ।

"ਟਿਕਟ ਕਿੱਥੋਂ ਦੀ ਲਈ ਐ, ਬਾਬਾ? ਟਿਕਟ ਦਿਖਾ?"

"ਟਿਕਟ ਤਾਂ ਨਹੀਂ ਲਈ ਬੇਟਾ ਜੀ।"

"ਪਲੇਟਫਾਰਮ ਟਿਕਟ ਵੀ ਨਹੀਂ ਲਈ ਹੋਣੀ...? ਟੇਸ਼ਣ ਤੋਂ ਬਾਹਰ ਬਗ ਜਾ ਬਾਬਾ। ਇੱਥੇ ਜੁਰਮਾਨਾ ਲੱਗਜੂ।" ਕਹਿੰਦਿਆਂ ਰੋਅਬ ਜਿਹੇ ਨਾਲ ਟਿਕਟ ਬਾਬੂ ਨੇ ਕੁੜੀਆਂ ਵੱਲ ਦੇਖਿਆ।

ਸੁਪਰ ਫਾਸਟ ਸੰਗੀਤ ਬਾਬੇ ਦੇ ਕੰਨਾਂ ਵਿਚ ਹਾਲੇ ਵੀ ਵੱਜ ਰਿਹਾ ਸੀ। 'ਟੇਸ਼ਣ ਤੋਂ ਬਾਹਰ ਆ ਕੇ ਬਾਬੇ ਦੀਆਂ ਨਜ਼ਰਾਂ ਬਸ ਸਟੈਂਡ 'ਤੇ ਜਾਣ ਲਈ ਤਾਂਗਾ ਲੱਭ ਰਹੀਆ ਸੀ। ਬਾਬੇ ਦਾ ਖੱਬਾ ਹੱਥ ਆਪਣੇ ਲੰਮੇ ਸਿਲਕੀ ਕੋਟ ਦੀ ਜੇਬ ਵਿਚ ਚਲਿਆ ਗਿਆ ਸੀ ਤੇ ਇਕੰਨੀ ਨੂੰ ਟੋਹ ਰਿਹਾ ਸੀ।

ਫੇਰ ਉਹ ਪੈਦਲ ਹੀ ਮਾਲ ਰੋਡ ਤੋਂ ਗੋਲ ਡਿੱਗੀ ਬਾਜ਼ਾਰ ਤੇ ਫੌਜੀ ਚੌਂਕ ਹੁੰਦਾ

ਹੋਇਆ ਘੁੰਮਦਾ-ਘੁੰਮਦਾ ਬਸ ਅੱਡੇ ਵੱਲ ਚੱਲ ਪਿਆ ਸੀ। ਉਸਨੇ ਮਹਿਸੂਸ ਕੀਤਾ ਤੇ ਦੇਖਿਆ ਕਿ ਸੜਕਾਂ ਖੁੱਲ੍ਹੀਆਂ, ਸੋਚ ਤੰਗ, ਇਮਾਰਤਾਂ ਉੱਚੀਆਂ ਤੇ ਬੰਦੇ ਬੌਣੇ ਜਾਪ ਰਹੇ ਸੀ।

ਬਸ ਅੱਡੇ 'ਤੇ ਆ ਕੇ ਉਸਨੇ ਖ਼ਾਸਾ ਚਿਰ ਕਿਤਾਬਾਂ ਦੀ ਦੁਕਾਨ ਵਾਲੇ ਮੁੰਡੇ ਨਾਲ ਮੱਥਾ ਮਾਰਿਆ। ਮੁੰਡਾ ਪਰੇਸ਼ਾਨ ਸੀ ਕਿ ਬਾਬਾ ਕਿਤਾਬਾਂ 'ਚ ਕਿਉਂ ਏਨੀ ਦਿਲਚਸਪੀ ਦਿਖਾ ਰਿਹੈ, ਕਿਸੇ ਮੂੰਗਫਲੀ ਵਾਲੀ ਰੇਹੜੀ ਨੇੜੇ ਖੜ੍ਹੇ ਤਾਂ ਘੱਟੋ-ਘੱਟ ਰੇਟ ਪੁੱਛਣ ਦੇ ਬਹਾਨੇ ਇਕ-ਅੱਧੀ ਮੂੰਗਫਲੀ ਤਾਂ ਚੁੱਕ ਕੇ ਖਾ ਈ ਸਕਦੈ।

ਬਾਬੇ ਨੇ ਕਾਫੀ ਮੈਗਜ਼ੀਨਾਂ, ਕਿਤਾਬਾਂ ਵੀ ਉਲਟ-ਪੁਲਟ ਕੇ ਦੇਖੀਆਂ। ਫੇਰ ਚੰਡੀਗੜ੍ਹ ਵਾਲੀ ਬਸ ਚੜ੍ਹ ਗਿਆ।

ਚੰਡੀਗੜ੍ਹ ਵਾਲੀ ਬਸ 'ਚ ਚੜ੍ਹਨ ਦਾ ਮਤਲਬ ਚੰਡੀਗੜ੍ਹ ਜਾਣਾ ਹੀ ਨਹੀਂ ਸੀ। ਚੰਡੀਗੜ੍ਹ ਵਾਲੀ ਬਸ ਰਾਮਪੁਰੇ ਜਾਂ ਤਪੇ ਵਾਲੀ ਬਸ ਵੀ ਸੀ। ਬਰਨਾਲੇ, ਸੰਗਰੂਰ ਜਾਂ ਪਟਿਆਲੇ ਵਾਲੀ ਵੀ। ਜਿਵੇਂ ਕਿਤਾਬਾਂ ਦੀ ਦੁਕਾਨ ਵਾਲਾ ਮੁੰਡਾ ਦੱਸ ਰਿਹਾ ਸੀ, "ਕੋਈ ਕਿਤਾਬ ਦੇਖਦਿਆਂ ਉਹ ਦਿੱਲੀ ਦੇ ਕਿਸੇ ਪਬਲਿਸ਼ਰ ਦਾ ਨਾਂ ਵੀ ਲੈ ਰਿਹਾ ਸੀ।" ਸੋ ਉਹ ਬਸ ਰਾਜਪੁਰਾ ਬਾਈਪਾਸ ਵਾਲੀ ਵੀ ਹੋ ਸਕਦੀ ਸੀ, ਜਿੱਥੋਂ ਦਿੱਲੀ ਵਾਲੀ ਬਸ ਫੜੀ ਜਾ ਸਕਦੀ ਸੀ। ਇਹ ਸਾਰੀਆਂ ਕਿਆਸ-ਅਰਾਈਆਂ ਹਨ, ਪੁਲੀਸ ਦੀਆਂ। ਪੁਲੀਸ ਦੀ ਕਹਾਣੀ ਅਕਸਰ ਹੋਰ ਹੁੰਦੀ ਐ। ਆਮ ਬੰਦਾ ਤਾਂ ਉਸ ਤਰ੍ਹਾਂ ਸੋਚ ਵੀ ਨਹੀਂ ਸਕਦਾ।

ਪੁਲੀਸ ਦੀਆਂ ਪੁਲੀਸ ਜਾਣੇ, ਬਾਬਾ ਜਦ ਚੰਡੀਗੜ੍ਹ ਜਾਣ ਵਾਲੀ ਬਸ 'ਚ ਚੜ੍ਹਿਆ:

ਇਕ ਲੰਮ-ਸਲੰਮੀ, ਸੋਹਣੀ ਮੁਟਿਆਰ ਦੋ ਵਾਲੀ ਸੀਟ 'ਤੇ ਇਕੱਲੀ ਬੈਠੀ ਸੀ। ਬਸ ਵਿਚ ਇਹੀ ਇਕ ਸੀਟ ਖਾਲੀ ਸੀ। ਬਾਬੇ ਨੇ ਬੈਠਣਾ ਹੀ ਸੀ। ਪਰ ਬਸ ਵਿਚਲੀਆਂ ਸਵਾਰੀਆਂ ਨੂੰ ਲੱਗਿਆ, ਬਈ ਬਾਬਾ ਜਾਣ-ਬੁੱਝ ਕੇ ਇਸ ਸੀਟ 'ਤੇ ਬੈਠਿਐ। ਕੁੜੀ ਪਹਿਰਾਵੇ ਤੋਂ ਪਰੰਪਰਾਵਾਦੀ ਨਾ ਹੁੰਦੀ ਹੋਈ ਵੀ ਸ਼ਕਲ-ਸੂਰਤੋਂ ਕੁਝ-ਕੁਝ ਪਰੰਪਰਕ ਜਾਪਦੀ ਸੀ, ਆਧੁਨਿਕਤਾ ਵੱਲ ਤੇਜ਼ੀ ਨਾਲ ਵਧਦੀ ਹੋਈ। ਇੱਧਰ ਬਾਬੇ ਦੀ ਅੱਖ ਵੀ ਢਾਬ 'ਚੋਂ ਨ੍ਹਾ ਕੇ ਨਿਕਲੀ ਗੋਰੀ ਦੇ ਸਰੀਰ ਵਿਚੋਂ ਸੁਲਫੇ ਦੀ ਲਾਟ ਦੇਖ ਸਕਦੀ ਸੀ। ਪਿੱਠਭੂਮੀ ਵਿਚ ਲੋਕਗੀਤ ਦੀਆਂ ਸੁਰ-ਲਹਿਰੀਆਂ ਵੱਜ ਉੱਠੀਆਂ:

'ਬਿਸ਼ਨ ਕੌਰ ਨੇ ਕੀਤੀ ਤਿਆਰੀ, ਹਾਰ ਸ਼ਿੰਗਾਰ ਲਗਾਇਆ
ਮੋਮ ਢਾਲ਼ ਕੇ ਗੁੰਦੀਆਂ ਪੱਟੀਆਂ, ਅੱਖੀਂ ਕੱਜਲ਼ਾ ਪਾਇਆ
ਚੱਬ ਦੰਦਾਸਾ ਵੇਖਿਆ ਸ਼ੀਸ਼ਾ, ਚੜ੍ਹਿਆ ਰੂਪ ਸਵਾਇਆ
ਸਿਪਾਹੀਆ ਵੇਖ ਲੈ ਵੇ, ਜੋਬਨ ਦਾ ਹੜ੍ਹ ਆਇਆ।'

"ਬੀਬਾ ਜੀ, ਭਲਾ ਕਿੱਥੇ ਦੀ ਤਿਆਰੀ ਐ?" ਬਾਰੀਕ ਜਿਹੀ ਆਵਾਜ਼ ਗੋਰੀ ਦੇ ਕੰਨਾਂ ਵਿਚ ਪਈ। ਗੋਰੀ ਨੇ ਮਿੰਨ੍ਹਾ-ਮਿੰਨ੍ਹਾ ਮੁਸਕਰਾ ਰਹੀ ਚਿੱਟੀ, ਲੰਮੀ, ਸੰਘਣੀ ਦਾੜ੍ਹੀ ਵੱਲ ਦੇਖਿਆ। ਉਸਦੇ ਦੇਖਣ ਵਿਚ ਕਿਸੇ ਅਜਬ, ਅਲੋਕਾਰੀ ਘਟਨਾ ਦੇ ਰੂਬਰੂ ਹੋਣ ਵਰਗਾ ਭਾਵ ਸੀ। ਇਕ ਸਾਊਪੁਣਾ ਵੀ, ਜਿਸ ਮੂਹਰੇ ਉਸ ਮਾਣਮੱਤੀ ਜੱਟੀ ਨੇ ਝੱਟ ਸਮਰਪਣ ਵੀ ਕਰ ਦਿੱਤਾ, "ਚੰਡੀਗੜ੍ਹ ਜਾ ਰਹੀ ਆਂ ਬਾਬਾ।"

"ਬਠਿੰਡੇ ਦੀ ਰਹਿਣ ਵਾਲੀ ਏਂ ਬੀਬਾ...? ਚੰਡੀਗੜ੍ਹ ਪੜ੍ਹਦੀ ਏਂ?"

"ਹਾਂ ਬਾਬਾ।" ਬਾਬੇ ਦੇ ਦੋ ਸਵਾਲਾਂ ਦਾ ਜਵਾਬ ਬੀਬਾ ਨੇ ਦੋ ਸ਼ਬਦਾਂ 'ਚ ਦਿੱਤਾ।

"ਵਾਹ! ਖ਼ੂਬ! ਚੰਡੀਗੜ੍ਹ ਤਾਂ ਆਪਣਾ ਮੌਡਰਨ ਸ਼ਹਿਰ ਜੁ ਹੋਇਆ। ਚੰਡੀਗੜ੍ਹ ਕੋਠੀ ਲੈ ਦੇ, ਬਠਿੰਡੇ ਉੱਡਦੀ ਧੂੜ...।"

"ਹੁਣ ਤਾਂ ਨਾ ਧੂੜ ਰਹੀ, ਨਾ ਟਿੱਬੇ ਰਹੇ ਬਾਬਾ। ਸਾਡੇ ਬਠਿੰਡੇ ਤਾਂ ਹੁਣ ਥਰਮਲ ਦੀ ਸੁਆਹ ਉੱਡਦੀ ਐ।"

"ਵਾਹ! ਥਰਮਲ ਦੀ ਸੁਆਹ ਉੱਡਦੀ ਐ...! ਟਿੱਬੇ ਹੁਣ ਸ਼ਹਿਰਾਂ ਅੰਦਰ ਨੇ ਬੀਬਾ, ਲੋਕਾਂ ਦੇ ਦਿਲਾਂ ਅੰਦਰ ਨੇ... ਰੇਤਲੇ ਮਾਰੂਥਲ... ਬਿਆਬਾਨ...।" ਕਹਿੰਦਿਆਂ ਬਾਬਾ ਝੋਲੀ ਵਿਚ ਬੋਚ ਕੇ ਜਿਹੇ ਰੱਖੇ ਝੋਲੇ ਵੱਲ ਦੇਖਦਿਆਂ ਸੋਚਾਂ 'ਚ ਪੈ ਗਿਆ।

ਕੁੜੀ ਬਸ 'ਚੋਂ ਬਾਹਰ ਦੇਖਣ ਲੱਗ ਪਈ। ਦੂਰ, ਜਿੱਥੋਂ ਤਕ ਨਜ਼ਰ ਜਾਂਦੀ, ਖੇਤਾਂ 'ਚ ਹਰੀਆਂ-ਭਰੀਆਂ ਕਣਕਾਂ ਲਹਿਲਹਾ ਰਹੀਆਂ ਸਨ।

"ਸਾਹਿਤ ਦੀ ਵਿਦਿਆਰਥੀ ਐਂ ਬੀਬਾ ਜੀ?" ਬਾਬੇ ਨੂੰ ਲੱਗ ਰਿਹਾ ਸੀ, ਕੁੜੀ ਬਸ ਵਿਚ ਹੁੰਦਿਆਂ ਹੋਇਆਂ ਵੀ ਕਿਸੇ ਹੋਰ ਦੁਨੀਆ ਵਿਚ ਗੁਆਚੀ ਹੋਈ ਹੈ। ਆਪਣੇ ਆਲ਼ੇ-ਦੁਆਲ਼ੇ ਤੋਂ ਅਭਿੱਜ।

"ਇੰਜੀਨਿਅਰਿੰਗ...।" ਗੋਲ਼-ਗੋਲ਼ ਘੁੰਮ ਰਹੇ ਹਰਿਆਲੇ ਖੇਤ ਤੇ ਦਰਖ਼ਤਾਂ ਤੋਂ ਨਜ਼ਰ ਹਟਾ ਕੇ ਬਸ 'ਚ ਪਰਤਦਿਆਂ ਕੁੜੀ ਨੇ ਜਵਾਬ ਦਿੱਤਾ ਤਾਂ ਬਾਬੇ ਨੇ ਰਸਮੀ ਜਿਹਾ ਹੁੰਦਿਆਂ ਕਿਹਾ, "ਬਹੁਤ ਅੱਛਾ...।"

"ਫਿਰ ਤਾਂ ਇੰਜੀਨਿਅਰ ਬਣ ਕੇ ਵਤਨ-ਉਸਾਰੀ ਦੇ ਕੰਮ ਵਿਚ ਆਪਣਾ ਹਿੱਸਾ ਪਾਓਂਗੇ ਬੇਟਾ ਜੀ?"

"ਮੇਰੀ ਪਲੇਸਮੈਂਟ ਹੋ ਚੁੱਕੀ ਐ ਬਾਬਾ ਜੀ, ਆਈ.ਟੀ.-ਬੀ.ਪੀ.ਓ. 'ਚ...।"

"ਪਲੇਸਮੈਂਟ...? ਮਾਅਨੇ ਰੱਖਣਾ?"

"ਜੀ, ਜਦ ਕੋਈ ਮੰਡੀ ਦਾ ਮਾਲ ਬਣਨਾ ਚਾਹੇ ਤਾਂ ਬਾਜ਼ਾਰ ਨੇ ਤਾਂ ਮੁਨਾਫਾ ਕਮਾਉਣ ਲਈ ਉਹਨੂੰ ਕਿਤੇ ਤਾਂ ਰੱਖਣਾ ਈ ਐ...।" ਉਸਦੇ ਲਹਿਜੇ 'ਚੋਂ ਨਿਰਾਸ਼ਾ ਤੇ ਬੇਬਸੀ ਝਲਕ ਰਹੀ ਸੀ।

"ਸਾਨੂੰ ਗਿਟਕਾਂ ਗਿਣਨ ਲਈ ਰੱਖ ਲੈ...! ਅਸੀਂ ਤਾਂ ਕਦੇ ਏਨੀ ਕੁ ਇੱਛਾ ਪਾਲ ਕੇ ਹੀ ਸੰਤੁਸ਼ਟ ਹੋ ਜਾਇਆ ਕਰਦੇ ਸਾਂ...।" ਕਹਿੰਦਿਆਂ ਸ਼ਰਾਰਤੀ ਬੁੱਢੇ ਦੀਆਂ ਅੱਖਾਂ ਚਮਕਣ ਲੱਗੀਆਂ।

"ਸਾਨੂੰ ਤਾਂ ਵੱਡੇ-ਵੱਡੇ ਪੈਕੇਜ ਵੀ ਤਸੱਲੀ ਨਹੀਂ ਦੇ ਰਹੇ ਬਾਬਾ... ਸੰਤੁਸ਼ਟੀ ਤਾਂ ਦੂਰ ਦੀ ਗੱਲ ਐ...।" ਨਿਰਾਸ਼ ਕੁੜੀ ਹੌਲ਼ੀ ਜਿਹੀ ਬੁੜਬੁੜਾਈ।

ਫੇਰ ਅਣਜਾਣੀ, ਅਣਚਾਹੀ ਚੁੱਪ ਉਨ੍ਹਾਂ ਵਿਚਕਾਰ ਆ ਕੇ ਬਹਿ ਗਈ ਸੀ। ਚੁੱਪ ਨੂੰ ਬੈਠਣ ਲਈ ਖਾਲੀ ਥਾਂ ਦਰਕਾਰ ਨਹੀਂ ਹੁੰਦੀ। ਬਲਕਿ ਉਹ ਤਾਂ ਛਾ ਜਾਂਦੀ ਐ ਮਨਾਂ 'ਤੇ, ਦਮਾਗ਼ 'ਤੇ। ਚੁੱਪ ਦੀ ਸ਼ਕਲ-ਸੂਰਤ ਵੀ ਕੀਹਨੇ ਦੇਖੀ ਐ, ਪਰ ਉਹ ਪਰਬਤੋਂ ਭਾਰੀ ਹੁੰਦੀ ਐ। ਚੁੱਪ ਹੁਣ ਆਪਣਾ ਭਾਰ ਸੰਭਾਲੀ ਉਨ੍ਹਾਂ ਦੇ ਨਾਲ-ਨਾਲ ਸਫਰ ਕਰਨ ਲੱਗੀ।

ਟਿਕਟਾਂ ਕੱਟਦਾ ਹੋਇਆ ਕੰਡਕਟਰ ਉਨ੍ਹਾਂ ਦੀ ਸੀਟ ਕੋਲ਼ ਆਇਆ ਤੇ ਪੁੱਛਿਆ, "ਬਾਬਾ, ਟਿਕਟ ਲੈ ਲੈ, ਕਿੱਥੇ ਜਾਣਾ ਈ?"

"ਜਾਣਾ ਤਾਂ ਮੈਂ... ਬੇਟਾ ਜੀ, ਜਿੱਥੇ ਲੈ ਚੱਲੇਂ।"

"ਲੈ! ਜਿੱਥੇ ਲੈ ਚੱਲਾਂ? ਇਹ ਵੀ ਕੋਈ ਗੱਲ ਹੋਈ ਬਜ਼ੁਰਗੋ!"

"ਗੱਲ ਕਿਉਂ ਨਾ ਹੋਈ ਬੇਟਾ ਜੀ?"

"ਪੈਸੇ ਕੱਢੋ ਤੇ ਜਿੱਥੇ ਜਾਣੈ, ਉੱਥੋਂ ਦੀ ਟਿਕਟ ਕਟਾਓ...।"

"ਮੇਰੇ ਕੋਲ਼ ਤਾਂ ਮਾਇਆ ਕੋਈ ਨਹੀਂ।"

"ਮਾਇਆ?" ਕਹਿੰਦਿਆਂ ਕੰਡਕਟਰ ਹੱਸਿਆ, "ਇਉਂ ਤਾਂ ਨਹੀਂ ਸਰਨਾ ਬਾਬਾ। ਰੋਡਵੇਜ਼ ਪਹਿਲਾਂ ਘਾਟੇ 'ਚ ਚੱਲ ਰਹੀ ਐ। ਸਰਕਾਰ ਦਾ ਊਂ ਖਜ਼ਾਨਾ ਖਾਲੀ ਪਿਐ।" ਕੰਡਕਟਰ ਪੂਰੇ ਮੂਡ 'ਚ ਸੀ। ਸ਼ਾਇਦ ਬਾਬੇ ਨਾਲ ਬੈਠੀ ਸਵਾਰੀ ਨੂੰ ਦੇਖਕੇ। ਨਹੀਂ, ਹੋਰ ਸਵਾਰੀਆਂ ਨੂੰ ਤਾਂ ਉਹ ਵੱਢੂੰ-ਖਾਊਂ ਈ ਕਰ ਰਿਹਾ ਸੀ।

ਮੈਂ ਕਿਤੇ ਪੜ੍ਹਿਆ ਸੀ, ਮਾਰਕਸ ਨੇ ਕਿਹੈ, ਪੂੰਜੀਵਾਦੀ ਉਤਪਾਦਨ ਸੰਬੰਧਾਂ ਦੇ ਤਹਿਤ ਕਿਸੇ ਹੋਰ ਦੇ ਫਾਇਦੇ ਲਈ ਕੰਮ ਕਰ ਰਿਹਾ ਕਾਮਾ ਖ਼ੁਦ ਨੂੰ ਪਸ਼ੂ ਤੋਂ ਵੱਧ ਕੁਝ ਨਹੀਂ ਸਮਝਦਾ। ਇਸ ਹਿਸਾਬ ਨਾਲ ਤਾਂ ਕੰਡਕਟਰ ਦੇ ਵਿਹਾਰ ਨੂੰ ਜਾਇਜ਼ ਠਹਿਰਾਇਆ ਈ ਜਾ ਸਕਦੈ।

"ਮੇਰੇ ਕੋਲ਼ ਤਾਂ ਇਕੰਨੀ ਐ ਬੇਟਾ ਜੀ...। ਆਹ ਲੈ ਲੈ। ਸ਼ਾਇਦ ਸਰਕਾਰ ਨੂੰ ਇਹਦੀ ਵੱਧ ਲੋੜ ਹੋਵੇ।"

"ਕਿਹੜੇ ਜ਼ਮਾਨੇ ਦੀਆਂ ਗੱਲਾਂ ਕਰਦੈਂ ਬਾਬਾ। ਇਕੰਨੀ ਤਾਂ ਕੀ, ਚੁਆਨੀ ਵੀ ਕਦੋਂ ਦੀ ਚੱਲਣੋਂ ਬੰਦ ਹੋ ਚੁੱਕੀ ਐ। ਸਗੋਂ ਇਕ-ਦੋ ਦੇ ਸਿੱਕੇ ਵੀ ਅੱਜਕਲ੍ਹ ਤਾਂ ਰੇਹੜੀਆਂ ਵਾਲੇ ਨ੍ਹੀਂ ਲੈ ਕੇ ਰਾਜ਼ੀ। ਇਹ ਤਾਂ ਬਠਿੰਡੇ ਵਾਲੇ ਈ ਨੇ ਜਿਹੜੇ ਰੁਪੱਈਏ-ਦੋ ਰੁਪੱਈਆਂ ਖਾਤਰ ਮੈਨੂੰ ਵਖਤ ਪਾ ਦਿੰਦੇ ਨੇ, ਦੇ ਬਕਾਇਆ, ਦੇ ਬਕਾਇਆ! ਆਪ ਹਜ਼ਾਰ ਜਾਂ ਪੰਜ ਸੌ ਦਾ ਨੋਟ ਕੱਢਣਗੇ... ਹਾ... ਹਾ... ਹਾ... ਹੈ ਕਨਾ?"

ਕੰਡਕਟਰ ਦੀ ਗੱਲ ਸੁਣ ਕੇ ਬਾਬੇ ਦੀ ਦਾੜ੍ਹੀ ਹੱਸਣ ਲੱਗੀ ਤੇ ਕੋਈ ਅਜਬ ਕਲਪਨਾ ਕਰਕੇ ਬਾਬੇ ਦੀਆਂ ਅੱਖਾਂ ਵਿਚ ਵੀ ਇਕ ਖ਼ਾਸ ਕਿਸਮ ਦੀ ਚਮਕ ਆ ਗਈ। ਬਾਬੇ ਦੀਆਂ ਮੁੱਛਾਂ 'ਚੋਂ ਛਣ ਕੇ ਆ ਰਹੀ ਮੁਸਕਰਾਹਟ ਦੇਖ ਕੇ ਖ਼ਬਰੇ ਕੰਡਕਟਰ ਦੇ ਮਨ 'ਚ ਕੀ ਆਈ, ਉਹ ਚੁੱਪ ਕਰ ਗਿਆ।

ਹੋਰ ਸਵਾਰੀਆਂ ਦੀਆਂ ਟਿਕਟਾਂ ਕੱਟਦਿਆਂ ਫੇਰ ਬੋਲਿਆ, "ਮੈਨੂੰ ਤਾਂ ਕੀ ਐ, ਝੋਟਾ ਫਲਾਇੰਗ ਆਲ਼ੇ ਫਿਰਦੇ ਐ ਬਾਬਾ ਅੱਜਕਲ੍ਹ। ਫੇਰ ਨਾ ਕਹੀਂ, ਕਿਹਾ ਨ੍ਹੀਂ ਤੀ।"

"ਝੋਟਾ ਫਲਾਇੰਗ?"

"ਹਾਂ। ਰੋਡਵੇਜ਼ ਘਾਟੇ 'ਚ ਚੱਲ ਰਹੀ ਐ ਨਾ। ਉਹ ਕੁੱਟਦੇ ਘੱਟ ਤੇ ਘੜੀਸਦੇ ਵੱਧ ਨੇ। ਫੇਰ ਨਾ ਕਹੀਂ ਕਿਹਾ ਨ੍ਹੀਂ ਤੀ...।"

"ਵਾਹ! ਖ਼ੂਬ! ਬਹੁਤ ਖ਼ੂਬ! ਕੁੱਟਦੇ ਘੱਟ ਤੇ ਘੜੀਸਦੇ...? ਇਕ ਵਾਰੀ ਫੇਰ ਬੋਲਣਾ ਬੇਟਾ ਜੀ, ਮੈਂ ਲਿਖ ਲਵਾਂ... ਭਲਾ ਝੋਟਾ ਫਲਾਇੰਗ?"

"ਲਿਖਣਾ-ਪੜ੍ਹਨਾ ਨ੍ਹੀਂ ਉਨ੍ਹਾਂ ਨੂੰ ਆਉਂਦਾ ਬਾਬਾ! ਲਿਖਣਾ-ਪੜ੍ਹਨਾ ਈ ਆਉਂਦਾ ਤਾਂ ਉਹ ਵੀ ਟਿਕਟਾਂ ਨਾ ਕੱਟ ਰਹੇ ਹੁੰਦੇ ਮੇਰੇ ਆਂਗੂੰ... ਫੇਰ ਨਾ ਕਹੀਂ...।"

"ਕਿਹਾ ਨ੍ਹੀਂ ਤੀ...?" ਕਹਿੰਦਿਆਂ ਬਾਬੇ ਦਾ ਸਿੰਧੂਰੀ ਹਾਸਾ ਸਾਰੀ ਬਸ ਵਿਚ ਖਿੱਲਰ ਗਿਆ। ਤੇ ਫੇਰ, "ਚਲ ਬੇਟਾ ਜੀ, ਮੈਂ ਤਪੇ ਉਤਰ ਜੂੰ। ਵੱਧੋ-ਵੱਧ ਬਰਨਾਲੇ...।" ਕਹਿੰਦਿਆਂ ਬਾਬੇ ਨੇ ਗੱਲ ਨਬੇੜੀ।

ਕੰਡਕਟਰ ਟਿਕਟਾਂ ਕੱਟਦਾ ਹੋਇਆ ਅੱਗੇ ਲੰਘ ਗਿਆ ਤੇ ਹੋਰ ਸਵਾਰੀਆਂ ਨਾਲ

ਗੱਲੀਂ ਲੱਗਿਆ ਕਹਿੰਦਾ, "ਉਂਝ ਪੂਰਾ ਘੈਂਟ ਐ ਬਾਬਾ... ਪੂਰਾ ਸਟਾਈਲਿਸ਼...!"

ਕੰਡਕਟਰ ਦੀਆਂ ਗੱਲਾਂ ਜਾਂ ਵਿਹਾਰ ਤੋਂ ਵੀ ਨਹੀਂ ਲੱਗਿਆ ਕਿ ਉਹ ਸੱਚਮੁਚ ਬਾਬੇ ਦੀ ਟਿਕਟ ਕੱਟਣੀ ਚਾਹੁੰਦੈ।

"ਓ ਫੇਸਬੁਕੀਏ...!" ਦੀਨ ਦੁਨੀਆ ਤੋਂ ਬੇਖ਼ਬਰ, ਆਪਣੇ ਸਮਾਰਟ ਫੋਨ ਦੇ ਸਕਰੀਨ 'ਤੇ ਫਟਾਫਟ ਉਂਗਲਾਂ ਮਾਰ ਰਹੇ ਨੌਜਵਾਨ ਨੂੰ ਮੁਖ਼ਾਤਬ ਹੁੰਦਿਆਂ ਕੰਡਕਟਰ ਬੋਲਿਆ, "ਟਿਕਟ ਲੈ ਲੈ ਭਰਾਵਾ... 'ਕੱਲੀ ਫੇਸਬੁਕ ਨਾਲ ਤਾਂ ਨ੍ਹੀਂ ਗੱਡੀ ਰੁੜ੍ਹਨੀ...?"

"ਫੇਸਬੁਕ ਤੇ ਵ੍ਹਾਟਸਐਪ ਤਾਂ ਲੈ ਕੇ ਬਹਿਗੇ ਭਾਈ ਸਮਾਜ ਨੂੰ।" ਇਕ ਪੁਰਾਣਾ ਕਾਮਰੇਡ ਜਿਹਾ ਦਿੱਸਦਾ ਬਜ਼ੁਰਗ ਕੰਡਕਟਰ ਦੀ ਗੱਲ ਦਾ ਹੁੰਗਾਰਾ ਭਰਦਿਆਂ ਝੱਟ ਬੋਲ ਪਿਆ ਸੀ, "ਹਰ ਬੰਦੇ ਨੂੰ 'ਕੱਲਾ ਕਰਤਾ...। ਜਮਾਂ ਈ ਸੋਸ਼ਲ ਨ੍ਹੀਂ ਰਹਿਣ ਦਿੱਤਾ ਇਨ੍ਹਾਂ ਸੋਸ਼ਲ ਸਾਇਟਾਂ ਨੇ।"

"ਕੱਲਾ? ਖ਼ੁਦ ਨਾਲ ਵੀ ਨ੍ਹੀਂ ਰਿਹਾ ਜੀ, ਅੱਜ ਦਾ ਮਨੁੱਖ ਤਾਂ। ਅਲਗਾਵ ਜਾਂ ਅਲਾਈਨੇਸ਼ਨ ਤੋਂ ਭੱਜ ਕੇ ਹੀ ਲੋਕ ਸਾਰਾ ਦਿਨ ਸੈਲਫੀਆਂ ਖਿੱਚ-ਖਿੱਚ ਕੇ ਤੇ ਬਿਲਕੁਲ ਨਿੱਜੀ ਫੋਟੂਆਂ ਵੀ ਸੋਸ਼ਲ ਸਾਈਟਾਂ 'ਤੇ ਪਾਈ ਜਾਂਦੇ ਨੇ... ਸੈਕਲੋਜੀ ਕਹਿੰਦੀ ਐ...।" ਇਕ ਹੋਰ ਸਵਾਰੀ ਨੇ ਪੁਰਾਣੇ ਕਾਮਰੇਡ ਦੀ ਗੱਲ ਦੀ ਪ੍ਰੋੜ੍ਹਤਾ ਕੀਤੀ। ਦਿੱਖ-ਪੱਖ ਤੋਂ ਇਹ ਵੀ ਪੁਰਾਣਾ ਕਾਮਰੇਡ ਲੱਗਦਾ ਸੀ। ਕਦੇ ਇਹ ਇਲਾਕਾ ਕਾਮਰੇਡਾਂ ਦਾ ਗੜ੍ਹ ਰਿਹੈ।

"ਹੂੰ-ਹੂੰ...! ਤੇਰਾ ਵੀ ਤਾਇਆ ਖ਼ਾਸਾ ਤਜਰਬਾ ਲੱਗਦੈ...।" ਕੰਡਕਟਰ ਨੇ ਕਿਹਾ ਤਾਂ ਕਈ ਸਵਾਰੀਆਂ ਹੱਸ ਪਈਆਂ।

"ਕੇਰਾਂ ਦੀ ਸੁਣ ਲੈ ਬਾਬਾ...!"

"ਸੁਣਾ ਮੱਲਾ...!"

"ਮੈਨੂੰ ਵੀ ਯਾਰ-ਬੇਲੀਆਂ ਨੇ ਕਾਲਜ 'ਚ ਸੈਕਲੋਜੀ ਦਿਵਾ 'ਤੀ। ਕਹਿੰਦੇ, ਪ੍ਰੋਫੈਸਰ ਬਣਜੇਂਗਾ। ਆਪਣਾ ਅੰਗਰੇਜੀ 'ਚ ਹੱਥ ਤੰਗ। ਮ੍ਹੀਨਾ ਕੁ ਤਾਂ ਇਹਦਾ ਨਾਂ ਈ ਨਾ ਪੜ੍ਹਨਾ ਆਇਆ, ਫਸਾਇਚਲੋਜੀ ਹੀ ਪੜ੍ਹਦਾ ਰਿਹਾ। ਹਾ... ਹਾ... ਹਾ...! ਆਖਰ ਛੱਡਣੀ ਪਈ।" ਲੋਲਜ਼...! ਸਵਾਰੀਆਂ ਠਹਾਕਾ ਮਾਰ ਕੇ ਹੱਸੀਆਂ।

ਬਾਬੇ ਨਾਲ ਬੈਠੀ ਕੁੜੀ ਨਹੀਂ ਹੱਸੀ। ਉਸ ਲਈ ਇਹ ਲਤੀਫਾ ਪੁਰਾਣਾ ਸੀ। ਆਪਣੇ ਸਮਾਰਟ ਫੋਨ ਤੋਂ ਨਜ਼ਰਾਂ ਹਟਾ ਕੇ ਬਾਬੇ ਵੱਲ ਦੇਖਦਿਆਂ ਕਿਹਾ, "ਜੇ ਪੈਸੇ ਨਹੀਂ ਹੈਣ ਤਾਂ ਟਿਕਟ ਮੈਂ ਲੈ ਲੈਨੀਆਂ ਬਾਬਾ ਜੀ...?"

"ਓਹ ਕਾਹਨੂੰ ਬੀਬਾ ਜੀ, ਹਾਲੇ ਤਾਂ ਇਕੰਨੀ ਹੈਗੀ ਐ ਮੇਰੇ ਕੋਲ। ਤੂੰ ਫਿਕਰ ਨਾ ਕਰ।" ਦਰਵੇਸ਼ ਦੇ ਮੂੰਹੋਂ ਇਹ ਵਾਕ ਸੁਣਕੇ ਕੁੜੀ ਦੀ ਰੂਹ ਨੂੰ ਖ਼ਬਰੈ ਕੈਸਾ ਰੂਹਾਨੀ ਸਪਰਸ਼ ਦਾ ਅਹਿਸਾਸ ਹੋਇਆ, ਉਹ ਭਾਵੁਕ ਹੋ ਗਈ। ਕਿਹੜੀ ਦੁਨੀਆ ਦਾ ਪ੍ਰਾਣੀ ਹੈ ਇਹ? ਤੇ ਉਸ ਵਿਚ ਦਿਲਚਸਪੀ ਵਧ ਗਈ।

ਇਸ ਲੋਕ ਦੇ ਲੋਕ-ਵਿਹਾਰਾਂ ਬਾਰੇ ਉਸਦੀਆਂ ਢੇਰਾਂ ਗੱਲਾਂ ਬਾਬੇ ਨਾਲ ਹੋਈਆਂ। ਹਾਲਾਂਕਿ ਇਸ ਦੌਰਾਨ ਵੀ ਸਮਾਰਟ ਫੋਨ ਦੇ ਸਕਰੀਨ 'ਤੇ ਉਸ ਦੀਆਂ ਉਂਗਲਾਂ ਲਗਾਤਾਰ ਚਲਦੀਆਂ ਰਹੀਆਂ ਸੀ।

"ਆਹ ਦੇਖ ਬੀਬਾ...।" ਬਾਬੇ ਨੇ ਆਪਣੀ ਝੋਲੀ 'ਚ ਬੜਾ ਸਾਂਭ ਕੇ ਜਿਹੇ ਰੱਖੇ ਝੋਲੇ 'ਚੋਂ ਚੇਪੀਆਂ ਵਾਲੀ ਕਾਪੀ ਕੱਢੀ ਤੇ ਖੋਲ੍ਹ ਕੇ ਪੜ੍ਹਨ ਲੱਗਿਆ,

'ਲੋਕਗੀਤ ਤਾਂ ਕਦੇ ਨਾ ਮਰਦੇ

ਸਮੇਂ ਦਾ ਸਾਗਰ ਤਰਦੇ

ਤੇ ਰੰਗ ਗੱਲਾਂ ਕਰਦੇ...।'

ਉਹ ਗੱਲਾਂ ਕਰਨ ਲੱਗਾ। ਕਰੀ ਗਿਆ... ਕਰੀ ਗਿਆ। ਲੋਕਗੀਤਾਂ ਬਾਰੇ ਖ਼ੂਬ ਗੱਲਾਂ ਕੀਤੀਆਂ। ਕਈ ਗੀਤਾਂ ਦੀਆਂ ਲਈਨਾਂ ਕੁੜੀ ਕੋਲੋਂ ਸੁਣੀਆਂ। ਆਪਣੀ ਚੇਪੀਆਂ ਵਾਲੀ ਕਾਪੀ ਵਿਚ ਨੋਟ ਵੀ ਕੀਤੀਆਂ। ਕਈ ਵਾਰੀ ਕੋਈ ਸਤਰਾਂ ਲਿਖਦਿਆਂ ਪਤਾ ਨਹੀਂ ਕੀ ਸੁਝਦਾ ਕਿ ਉਸਦੀ ਪੈਨਸਿਲ ਦਾ ਰਬੜ ਵਾਲਾ ਸਿਰਾ ਝਟ ਸਿੱਧੇ ਪਾਸੇ ਆ ਜਾਂਦਾ। ਕੁੜੀ ਕਹਿੰਦੀ, "ਤੁਸੀਂ ਤਾਂ ਕੋਈ ਗਿਆਨੀ-ਧਿਆਨੀ ਲੱਗਦੇਓਂ...?"

"ਕਾਹਦਾ ਕੁੜੀਏ ਗਿਆਨ ਵਿਵੇਕ... ਮਿੱਟੀ ਨੂੰ ਮਿੱਟੀ ਦਾ ਸੇਕ...!"

ਉਸਦਾ ਹੌਸਲਾ ਵਧ ਗਿਆ। ਕੁੜੀ ਦੇ ਪਾਈ ਹੋਈ ਕੈਪਰੀ ਵੱਲ ਗ਼ੌਰ ਨਾਲ ਦੇਖਦਿਆਂ ਉਸਦਾ ਨਾਂ ਪੁੱਛਿਆ। ਉਸਨੇ ਸਹਿਜ ਹੀ ਦੱਸ ਦਿੱਤਾ। ਕੁੜੀ ਦੇ ਹੱਥ ਵਿਚਲੀ ਸੁੰਦਰ, ਚਮਕਦੀ, ਰੰਗ-ਬਿਰੰਗੀ ਸਕਰੀਨ ਵਾਲੀ ਵਸਤ ਦੀ ਫੰਕਸ਼ਨਿੰਗ ਬਾਰੇ ਪੁੱਛਿਆ ਤਾਂ ਕੁੜੀ ਨੇ ਆਪਣੇ ਸਮਾਰਟ ਫੋਨ ਬਾਰੇ ਦੱਸਦਿਆਂ ਦੋ-ਚਾਰ ਫੰਕਸ਼ਨ ਵੀ ਦੱਸੇ। ਕੁੜੀ ਨੇ ਦੇਖਿਆ, ਇਹ ਸਭ ਜਾਣ ਕੇ ਬਾਬੇ ਦੇ ਚਿਹਰੇ 'ਤੇ 'ਸਮਾਈਲੀ' ਵਰਗੀ ਮੁਸਕਾਨ ਆ ਗਈ ਹੈ। ਉਸਨੇ ਝੱਟ ਬਾਬੇ ਨਾਲ ਸੈਲਫੀ ਲੈ ਲਈ।

"ਇਹ 'ਚ ਵਾਰ-ਵਾਰ ਟੂੰ-ਟੂੰ ਕਿਉਂ ਵੱਜ ਰਿਹੈ ਬੇਟਾ ਜੀ?" ਉਹ ਆਪਣੇ ਸੰਬੋਧਨ ਵਿਚ ਕਦੋਂ ਦਾ ਬੀਬਾ ਤੋਂ ਬੇਟਾ ਜੀ 'ਤੇ ਆ ਗਿਆ ਸੀ।

"ਨੋਟੀਫਿਕੇਸ਼ਨਜ਼ ਆਉਂਦੀਆਂ, ਬਾਬਾ ਜੀ।" ਜੈਸੇ ਕੋ ਤੈਸਾ ਕਰਦਿਆਂ ਕੁੜੀ ਵੀ ਆਪਣੇ ਸੰਬੋਧਨ 'ਚ ਜੀ ਦੀ ਵਰਤੋਂ ਨਿਸ਼ਚਤ ਕਰ ਰਹੀ ਸੀ।

"ਨੋਟੀਫਿਕੇਸ਼ਨਜ਼?"

"ਹਾਂ ਜੀ, ਇਹ ਦੇਖੋ...।" ਉਸਨੇ ਖੁਲ੍ਹੀ ਫੇਸਬੁਕ ਦਿਖਾਉਂਦਿਆਂ ਦੱਸਿਆ ਕਿ ਕਿਵੇਂ ਫਰੈਂਡ ਰਿਕੁਐਸਟ ਆਉਂਦੀ ਐ, ਕਿਵੇਂ ਫੋਟੋ ਅਪਲੋਡ ਤੇ ਕਿਵੇਂ ਪੋਸਟ ਪਾਈਦੀ ਐ... ਹੋਰ ਵੀ ਕਿੰਨਾ ਕੁਝ।

ਫੇਰ ਕਹਿੰਦੀ, "ਜੇ ਤੁਸੀਂ ਫੇਸਬੁਕ 'ਤੇ ਹੁੰਦੇ, ਮੈਂ ਫਰੈਂਡ ਰਿਕੁਐਸਟ ਜ਼ਰੂਰ ਭੇਜਦੀ। ਤੁਹਾਡੇ ਵਰਗਾ ਮੇਰਾ ਇਕ ਵੀ ਫਰੈਂਡ ਨਹੀਂ ਹੈ... ਸੱਚੀ!"

ਸੱਚਮੁਚ ਇਹ ਕੁਝ ਕਹਿੰਦਿਆਂ ਕੁੜੀ ਕਿੰਨੀ ਅਨਾਥ ਜਿਹੀ ਲੱਗ ਰਹੀ ਸੀ। ਬਾਬੇ ਨੇ ਉਸਦੇ ਮਾਸੂਮ ਚਿਹਰੇ ਵੱਲ ਦੇਖਿਆ। ਬਾਬੇ ਨੂੰ ਪਹਾੜੀ ਸ਼ਹਿਦ ਦਾ ਰੰਗ ਯਾਦ ਆ ਗਿਆ ਤੇ ਜਾਪਿਆ, ਉਸਦੇ ਅੰਦਰੋਂ ਰੰਗ ਦਾ ਇਕ ਟੁਕੜਾ ਉੱਡ ਕੇ ਸਾਹਮਣੇ ਖਿੜਕੀ ਵਿਚ ਥਿਰਕਣ ਲੱਗ ਪਿਆ ਹੈ। ਪਿੱਠਭੂਮੀ 'ਚੋਂ ਸ਼ਬਦ ਉਭਰੇ:

'ਪਾਰੁਲ ਮੇਰੀ ਬੱਚੀ, ਮੇਰਾ ਮੁਸਤਕਬਿਲ ਰੰਗੀਨ...।'

ਫੇਰ ਬਾਬੇ ਨੇ ਸਮਾਰਟ ਫੋਨ ਦੇ ਸਕਰੀਨ 'ਤੇ ਦੇਖਦਿਆਂ ਪੁੱਛਿਆ, "ਇਹ ਡੱਬੀ ਬੇਟਾ ਜੀ?"

"ਵ੍ਹਾਟ'ਜ਼ ਔਨ ਯੋਰ ਮਾਇੰਡ? ਇੱਥੇ ਲਿਖ ਕੇ ਹੀ ਤਾਂ ਦੱਸਣਾ ਹੁੰਦੈ, ਤੁਹਾਡੇ ਦਿਮਾਗ਼ 'ਚ ਕੀ ਐ?" ਲੜਕੀ ਨੇ ਉਤਸ਼ਾਹ ਨਾਲ ਦੱਸਿਆ।

"ਵਾਹ! ਖ਼ੂਬ! ਦਿਮਾਗ਼ 'ਚ ਕੀ ਐ।" ਬਾਬਾ ਬੁੜਬੜਾਇਆ, "ਕੋਈ ਦੱਸਦਾ

ਵੀ ਹੈ?"

ਕੁੜੀ ਹੁਣ ਫੇਸਬੁਕ 'ਚ ਰੁੱਝ ਗਈ। ਕਿਸੇ ਫਰੈਂਡ ਨਾਲ ਚੈਟ ਜਾਂ ਕੁਝ ਸ਼ੇਅਰ ਕਰ ਰਹੀ ਸੀ। ਉਸਦੇ ਚਿਹਰੇ ਦੇ ਭਾਵ ਪਲ-ਪਲ ਬਦਲ ਰਹੇ ਸੀ।

ਕੰਡਕਟਰ ਪਾਸ-ਹੋਲਡਰ ਪਾੜ੍ਹਿਆਂ ਨਾਲ ਉਲਝਿਆ ਹੋਇਆ ਸੀ। ਬਸ ਵਾਲਿਆਂ ਨੂੰ ਪਾੜ੍ਹੇ ਕਦਾਂਤ ਚੰਗੇ ਨ੍ਹੀਂ ਲੱਗਦੇ। ਭਾਵੇਂ ਉਨ੍ਹਾਂ ਨੇ ਅਡਵਾਂਸ ਪੈਸੇ ਭਰ ਕੇ ਪਾਸ ਬਣਵਾਏ ਹੋਏ ਹੁੰਦੇ ਨੇ। ਪਾੜ੍ਹਿਆਂ ਨਾਲ ਖਹਿਬੜਦਿਆਂ ਕੰਡਕਟਰ ਨੂੰ ਖ਼ਿਆਲ ਆਇਆ, ਬੁੱਢਾ ਵੀ ਬਗ਼ੈਰ ਟਿਕਟ ਹੈ। ਉਸਨੂੰ ਮੁਖਾਤਬ ਹੋਇਆ, "ਕੇਰਾਂ ਦੀ ਸੁਣ ਲੈ ਬਾਬਾ!"

"ਸੁਣਾ ਮੱਲਾ...!"

"ਕੇਰਾਂ ਸੁਬ੍ਹਾ-ਸਵੇਰੇ ਈ ਪੈਗੀ ਝੋਟਾ ਫਲਾਇੰਗ... ਜਵਾਕਾਂ ਦੇ ਸਕੂਲ, ਕਾਲਜ ਜਾਣ ਦਾ ਟੈਮ... ਸਾਰੇ ਕਿਹੜਾ ਟਿਕਟ ਲੈਂਦੇ ਐ, ਅਖੇ ਪਾਸ ਹੈ...। ਫੇਰ ਜੀ ਬਸ ਰੁਕਣ ਸਾਰ ਇਕਦਮ ਫਲਾਇੰਗ ਆਲ਼ੇ ਚੜ੍ਹਨ ਲੱਗੇ ਤਾਂ ਇਕ ਮੁੰਡਾ ਮੂਹਰਲੀ ਤਾਕੀ 'ਚੋਂ... ਥੁੱਕ ਮੁੱਠੀਆਂ...! ਚੈੱਕਰ ਵੀ ਭੱਜਿਆ ਪਿੱਛੇ... ਦਸ ਕੁ ਕਰਮਾਂ ਬਾਅਦ ਵਿਚਾਰਾ, ਗੋਗੜ ਸਾਂਭੇ ਕਿ ਸਾਹ... ਮਖਿਆ, ਬਾਊਜੀ, ਮੁੰਡਾ ਸਪੋਰਟਸਮੈਨ ਐ...! ਤਾਂ ਬਾਊ ਹੱਫਦਾ ਹੋਇਆ ਪਤੈ ਕੀ ਕਹਿੰਦਾ, ਹਾਂ ਬਈ, ਹੁਣ ਤਾਂ ਭਾਵੇਂ ਨੈਸ਼ਨਲ ਚੈਂਪਿਅਨ ਕਹਿ ਦਿਓ... ਹਾ... ਹਾ... ਹਾ...!"

"ਬਹੁਤ ਖ਼ੂਬ...! ਜ਼ੋਰ ਜਵਾਨੀ ਦਾ, ਮਾਣੂ ਟਾਕੀਆਂ ਅੰਬਰ ਨੂੰ ਲਾਵੇ...।" ਕਹਿੰਦਿਆਂ ਬਾਬੇ ਨੇ ਕੰਡਕਟਰ ਨੂੰ ਅਹਿਸਾਸ ਕਰਾਇਆ ਕਿ ਉਸਦੀ ਬਾਤ ਵਧੀਆ ਸੀ। ਫੇਰ ਕੰਡਕਟਰ ਪਾਸ ਵਾਲੇ ਮੁੰਡੇ ਵੱਲ ਮੂੰਹ ਕਰਕੇ ਕਹਿੰਦਾ, "ਆਪਣਾ ਪੜ੍ਹਿਆ ਵਿਚਾਰ ਲੀਂ ਕਾਕੇ, ਫਲਾਇੰਗ ਫਿਰਦੀ ਐ ਅੱਜਕਲ੍ਹ...।"

ਕੰਡਕਟਰ ਦੇ ਟਿਕਟ ਕੱਟਣ ਸਾਰ ਡਰਾਇਵਰ ਨੇ ਟੇਪ ਚਲਾ ਲਈ। ਮਿਸ ਪੂਜਾ ਦੇ ਗਾਣਿਆਂ ਦਾ ਉਸਦੇ ਕੱਦ ਨਾਲੋਂ ਵੀ ਉੱਚਾ ਸ਼ੋਰ ਬਾਬੇ ਤੇ ਉਸ ਕੁੜੀ ਵਿਚਕਾਰ ਹੋ ਰਹੀਆਂ ਗੱਲਾਂ ਦੀਆਂ ਜੜਾਂ ਵਿਚ ਬਹਿ ਗਿਆ। ਹੁਣ ਬਾਬੇ ਨੂੰ ਕੁੜੀ ਦੇ ਕੰਨ ਕੋਲ ਮੂੰਹ ਲਿਜਾ ਕੇ ਬਹੁਤ ਹੀ ਉੱਚਾ ਬੋਲਣਾ ਪੈ ਰਿਹਾ ਸੀ। ਆਖਰ ਗੱਲਾਂ ਦਾ ਸਿਲਸਿਲਾ ਟੁੱਟ ਗਿਆ।

ਭੁੱਚੋ ਮੰਡੀ, ਰਾਮਪੁਰਾ, ਤਪਾ ਲੰਘ ਗਏ।

'ਕਿਕਰਾਂ ਵੀ ਲੰਘ ਆਈ, ਬੇਰੀਆਂ ਵੀ ਲੰਘ ਆਈ...।

' ਹੰਡਿਆਇਆ ਆ ਗਿਆ। ਝੋਟਾ ਫਲਾਇੰਗ ਹਾਲੇ ਨਹੀਂ ਆਈ ਸੀ।

ਜਦ ਬਸ ਬਰਨਾਲੇ ਕਚਹਿਰੀਆਂ ਚੌਂਕ 'ਚ ਰੁਕੀ, ਬਾਬੇ ਨੇ ਖ਼ੁਦ ਨੂੰ ਪੁੱਛਿਆ, 'ਇੱਥੇ ਨਾ ਉਤਰ ਜਾਵਾਂ?'

ਫੇਰ ਸੋਚਿਆ, 'ਚਲ ਮਨਾ ਅੱਜ ਭਦੌੜ...।' ਤੇ ਫੇਰ "ਇਕ ਮਿਨਟ ਬੀਬਾ ਜੀ" ਕਹਿੰਦਿਆਂ ਉਹ ਝੱਟ ਬਸ 'ਚੋਂ ਉਤਰ ਗਿਆ ਤੇ ਪਲਾਂ 'ਚ ਪਰਤ ਵੀ ਆਇਆ।

ਕੁੜੀ ਦੀਆਂ ਅੱਖਾਂ ਵਿਚ ਸਵਾਲ ਦੇਖ ਕੇ ਕਹਿੰਦਾ, "ਇਹ ਬਰਨਾਲੇ ਦੀ ਧਰਤੀ ਐ ਬੇਟਾ ਜੀ, ਛੂਹ ਕੇ ਆਇਆਂ... ਸਿਜਦਾ ਕੀਤੈ...। ਇੱਥੇ ਤਾਂ ਮੈਂ ਉਤਰ ਵੀ ਜਾਂਦਾ। ਪਰ ਚਲੋ ਆਪਣਾ ਤਾਂਗੇ ਵਾਲਾ ਵਧੀਆ ਬੰਦੈ। ਭਲੇ ਬੰਦੇ ਦਾ ਸਾਥ ਨਸੀਬਾਂ ਨਾਲ ਮਿਲਦੈ...।"

"ਤਾਂਗੇ ਵਾਲਾ?" ਕੁੜੀ ਦੇ ਸ਼ਬਦਾਂ 'ਚੋਂ ਹੈਰਾਨੀ ਝਲਕੀ।

"ਆਹੀ, ਆਪਣਾ ਕੰਡਕਟਰ... ਰੋਡਵੇਜ਼ ਘਾਟੇ 'ਚ ਐ ਵਿਚਾਰੇ ਦੀ। ਸਰਕਾਰ

ਦਾ ਖ਼ਜ਼ਾਨਾ ਵੀ..." ਕਹਿੰਦਿਆਂ ਉਸਨੇ ਆਪਣੀ ਜੇਬ 'ਚ ਪਈ ਇਕੰਨੀ ਟੋਹ ਕੇ ਦੇਖੀ।

ਕੰਡਕਟਰ ਹੁਣ ਆਪਣੀ ਸੀਟ 'ਤੇ ਊਂਘਣ ਲੱਗਿਆ ਸੀ। ਧਨੌਲੇ ਨਹੀਂ ਰੁਕੀ ਬਸ। ਫੱਟੇ-ਚੱਕ ਟੇਪ ਗੂੰਜ ਰਹੀ ਸੀ। ਕਿਸੇ ਨਵੇਂ ਗਾਇਕ ਦੀ ਕਿੱਲੇ ਵੇਚ ਕੇ ਕੱਢੀ ਪਹਿਲੀ ਤੇ ਆਖਰੀ ਸੀ.ਡੀ. ਚੱਲ ਰਹੀ ਸੀ।

ਅੱਗੇ ਬਡਬਰ, ਮਸਤੂਆਣਾ ਸਾਹਿਬ ਸਭ ਨੌਨ-ਸਟੌਪ। ਦੋਗਾਣਿਆਂ ਦੇ ਸਰੂਰ ਤੇ ਜੋਸ਼ 'ਚ ਘੈਂਟ ਡਰਾਇਵਰ ਨੇ ਸੰਗਰੂਰਾਂ ਦੇ ਰਸਤੇ ਪਈ ਬਸ ਦੀ ਰੇਲ ਬਣਾ ਰੱਖੀ ਸੀ।

ਸੰਗਰੂਰ ਪਹੁੰਚ ਗਏ। ਨਸਵਾਰ ਦੀ ਡੱਬੀ ਜਿੱਡਾ ਕੁ, ਮਾਸੂਮ ਜਿਹਾ ਸ਼ਹਿਰ ਸੰਗਰੂਰ। ਜਿਸਨੂੰ ਅੱਧੇ ਘੰਟੇ ਵਿਚ ਪੈਦਲ ਪਾਰ ਕੀਤਾ ਜਾ ਸਕਦੈ। ਕਦੇ ਜੀਂਦ ਸਟੇਟ ਦੀ ਰਾਜਧਾਨੀ ਰਿਹਾ, ਜਿਸਦੇ ਚਾਰੇਂ ਦਰਵਾਜੇ ਕਦੋਂ ਦੇ ਢਹਾ ਦਿੱਤੇ ਗਏ ਸੀ। ਬਨਾਸਰ ਬਾਗ ਵਿਰਾਨ ਪਿਐ। ਅਨਾਰ ਬਾਗ ਵਿਚ ਹੁਣ ਕੰਕਰੀਟ ਦਾ ਜੰਗਲ ਉੱਗ ਆਇਐ।

ਬਸ, ਅੱਡੇ ਵਿਚ ਦਾਖਲ ਹੋਈ। ਅੱਡੇ ਵਿਚ ਗਿਣਤੀ ਦੇ ਲੋਕ। ਭੀੜ ਤਾਂ ਬਿਲਕੁਲ ਵੀ ਨਹੀਂ ਸੀ। ਬਾਹਰ ਵੀ ਨਾ ਤਾਂਗਾ, ਨਾ ਕੋਈ ਯੱਕਾ। ਇੱਥੇ ਤਾਂ ਸੜਕਾਂ 'ਤੇ ਧੂੰਆ ਉਡਾਉਂਦੇ ਕਾਲ਼ੇ ਭੂੰਡ ਵੀ ਨਹੀਂ ਸੀ। ਵਰਤਮਾਨ ਸਮੇਂ ਵਿਚ ਇਹ ਹੈਰਾਨੀ ਵਾਲੀ ਗੱਲ ਸੀ।

ਕੁਝ ਰਿਕਸ਼ਿਆਂ ਵਾਲੇ ਜਰੂਰ ਆਪੋ-ਆਪਣੇ ਰਿਕਸ਼ਿਆਂ 'ਤੇ ਸੁਸਤ ਜਿਹੇ ਬੈਠੇ ਸਵਾਰੀਆਂ ਦਾ ਰਾਹ ਤੱਕ ਰਹੇ ਸੀ, ਜਿਵੇਂ ਸੀਜ਼ਨ ਦੌਰਾਨ ਸੁਸਾਇਟੀ ਮੂਹਰੇ ਯੂਰੀਆ ਦੀ ਉਡੀਕ 'ਚ ਬੈਠੇ ਜੱਟ ਤੱਕ ਰਹੇ ਹੁੰਦੇ ਐ।

ਬਾਬੇ ਨੇ ਇੱਥੇ ਉਤਰਨ ਬਾਰੇ ਸੋਚਿਆ, ਪਰ ਉਤਰਿਆ ਨਾ।

ਕੁੜੀ ਨੇ ਆਪਣੇ ਬੈਗ 'ਚੋਂ ਚਿਪਸ ਕੱਢ ਲਏ। ਫੇਰ ਬਾਦਾਮ ਕੱਢ ਲਏ। ਬਾਬੇ ਨੂੰ ਵੀ ਪੇਸ਼ ਕੀਤੇ।

ਬਾਦਾਮ ਦੇਖ ਕੇ ਬਾਬਾ ਕਹਿੰਦਾ, "ਹਾਂ, ਇਹ ਠੀਕ ਐ, ਬੇਟਾ ਜੀ।"

ਬਠਿੰਡੇ ਵੱਲੋਂ ਆਉਂਦਿਆਂ ਬਰਨਾਲੇ ਤੋਂ ਬਾਅਦ ਸੰਘਣੇ ਦਰਖਤਾਂ ਕਾਰਨ ਸੁਹਾਵਣੇ ਮੌਸਮ ਦਾ ਅਹਿਸਾਸ ਹੋਣ ਲੱਗ ਪਿਆ ਸੀ। ਸੰਗਰੂਰ ਦੇ ਇਲਾਕੇ ਵਿਚ ਤਾਂ ਭਰਪੂਰ ਹਰਿਆਲੀ ਕਾਰਨ ਜ਼ਾਹਿਰ ਤੌਰ 'ਤੇ ਸ਼ੁੱਧ ਵਾਤਾਵਰਨ ਦਾ ਅਹਿਸਾਸ ਹੋ ਰਿਹਾ ਸੀ।

ਹੁਣ ਬਸ ਪਟਿਆਲੇ ਦੇ ਰਸਤੇ ਪਈ ਹੋਈ ਸੀ।

'ਚੰਨ ਮਾਹੀ ਜੇ ਚੱਲਿਓਂ ਪਟਿਆਲ਼ੇ, ਵੇਖਦਾ ਜਾਵੀਂ ਤੂੰ ਨਹਿਰਾਂ ਨਾਲੇ, ਪਾਣੀ ਵਗਦੇ ਜਿਨ੍ਹਾਂ ਵਿਚ ਕਾਲ਼ੇ...।'

ਰਾਜੇ-ਮਹਾਰਾਜਿਆਂ ਦਾ ਸ਼ਾਹੀ ਸ਼ਹਿਰ ਪਟਿਆਲਾ... ਬਾਗਾਂ, ਬਾਰਾਂਦਰੀਆਂ ਦਾ ਸ਼ਹਿਰ ਪਟਿਆਲਾ...। ਪਰ ਬਾਬੇ ਅਨੁਸਾਰ ਇਕ ਨਾਲੇ ਦੇ ਕਿਨਾਰੇ ਆਬਾਦ ਸ਼ਹਿਰ...। ਬਸ, ਅੱਡੇ 'ਚ ਵੜੀ ਹੀ ਸੀ ਕਿ ਇਕਦਮ ਕਈ ਮੁੰਡੂ ਕੋਕ, ਬਰਗਰ, ਹੌਟ ਡੋਗ ਵੇਚਣ ਲਈ ਬਸ 'ਚ ਚੜ੍ਹ ਗਏ। ਕੁੜੀ ਨੇ ਕੋਕ ਤੇ ਬਰਗਰ ਲਿਆ। ਬਾਬੇ ਨੂੰ ਰਸਮੀ ਜਿਹਾ ਵੀ ਨਾ ਪੁੱਛਿਆ। ਕੋਕ ਤੇ ਬਰਗਰ ਨਬੇੜ ਕੇ ਆਪਣੇ ਸਮਾਰਟ ਫੋਨ ਦੇ ਸਕਰੀਨ 'ਤੇ ਫੇਰ ਉਂਗਲਾਂ ਮਾਰਨ ਲੱਗ ਪਈ।

ਬਸ ਹੁਣ ਚੰਡੀਗੜ੍ਹ ਦੇ ਰਸਤੇ ਪੈ ਗਈ ਸੀ। ਸਵਾਰੀਆਂ ਊਂਘਣ ਲੱਗ ਪਈਆਂ। ਬਾਬੇ ਦੀਆਂ ਪਲਕਾਂ ਵੀ ਭਾਰੀਆਂ ਹੋਣ ਲੱਗੀਆਂ। ਕੁੜੀ ਨੂੰ ਨੀਂਦ ਆ ਗਈ। ਉਹ ਬਾਬੇ ਦੇ ਮੋਢੇ 'ਤੇ ਲੁੜ੍ਹਕ ਗਈ। ਪਤਾ ਨਹੀਂ ਕਿੱਥੋਂ ਤੇ ਕਦੋਂ ਦਾ ਤੁਰਿਆ, ਥੱਕਿਆ ਹੋਇਆ ਤਾਂ ਬਾਬਾ

ਵੀ ਸੀ ਤੇ ਸੌਂਣਾ ਵੀ ਚਾਹੁੰਦਾ ਸੀ, ਪਰ ਹੁਣ ਉਸਦੀ ਜ਼ਿੰਮੇਵਾਰੀ ਵਧ ਗਈ ਸੀ।

ਸਿਟੀ ਬਿਊਟੀਫੁਲ ਦੇ ਸਤਾਰਾਂ ਸੈਕਟਰ ਦਾ ਇੰਟਰ-ਸਟੇਟ ਬੱਸ ਅੱਡਾ। ਉਹ ਸਹਿਜੇ ਸਹਿਜੇ ਮੋਢਾ ਹਿਲਾਉਂਦਿਆਂ ਕਹਿ ਰਿਹਾ ਸੀ, "ਬੇਟਾ ਜੀ ਉੱਠੋ, ਆਪਾਂ ਚੰਡੀਗੜ੍ਹ ਪਹੁੰਚ ਗਏ ਆਂ।"

ਬਸ ਸਟੈਂਡ ਤੋਂ ਬਾਹਰ ਆ ਕੇ ਬਾਬੇ ਨੇ ਦੇਖਿਆ, ਚੁਫੇਰੇ ਭੀੜ-ਭੜੱਕਾ। ਇੱਥੇ ਵੀ ਨਾ ਤਾਂਗਾ, ਨਾ ਕੋਈ ਯੱਕਾ। ਭੂੰਡ ਜਿਹਿਆਂ ਦਾ ਹੜ੍ਹ ਆਇਆ ਹੋਇਆ। ਕਾਂਵਾਂ-ਰੌਲੀ ਪੈ ਰਹੀ ਸੀ। ਭੂੰਡਾਂ ਵਾਲੇ, ਸਵਾਰੀਆਂ ਕੋਲੋਂ ਸਮਾਨ ਖੋਹਣ ਲਈ ਅਹੁਲ ਰਹੇ ਸੀ।

ਆਪਣੀ ਸਟ੍ਹੋਲੀ ਘੜੀਸਦੀ ਕੁੜੀ ਨੇ ਇਕ ਆਟੋ ਵਾਲੇ ਨੂੰ ਇਸ਼ਾਰਾ ਕੀਤਾ। ਉਸਨੇ ਕੁੜੀ ਦਾ ਬੈਗ ਫੜ ਲਿਆ। ਉਹ ਆਟੋ ਵਿਚ ਬੈਠ ਗਈ। ਬਾਬੇ ਨੇ ਆਪਣੇ ਲੰਮੇ ਸਿਲਕੀ ਕੋਟ ਦੀ ਜੇਬ 'ਚ ਪਈ ਇਕੰਨੀ ਨੂੰ ਟੋਹੰਦਿਆਂ ਸੋਚਿਆ, ਕੁੜੀ ਰਸਮੀ ਤੌਰ 'ਤੇ ਉਸਨੂੰ ਵੀ, ਜਿੱਥੇ ਉਹਨੇ ਜਾਣੈ, ਛੱਡਣ ਲਈ ਕਹੇਗੀ, ਪਰ ਨਹੀਂ ਕਿਹਾ। ਬਾਬਾ ਉਸ ਵੱਲ ਦੇਖਦਿਆਂ ਫਿੱਕਾ ਜਿਹਾ ਮੁਸਕਰਾਇਆ। ਉਹ ਵੀ ਮੁਸਕਰਾਈ।

ਬਾਬੇ ਦੀ ਮੁਸਕਰਾਹਟ 'ਚੋਂ ਸ਼ਬਦ ਕਿਰੇ-

'ਪਾਰੁਲ ਮੇਰੀ ਬੱਚੀ

ਨਵੇਂ ਤੁਰੇ ਬੇਰਾਂ ਦੀ ਹਾਣ

ਦੁੱਧ ਦੀ ਦੰਦੀ ਕੱਚੀ

ਬਿਸਕੁਟ ਵਾਂਗੂੰ ਭੁਰ-ਭੁਰ ਪੈਂਦੀ

ਪਾਰੁਲ ਦੀ ਮੁਸਕਾਨ

ਉਸਦੀਆਂ ਅੱਖੀਆਂ ਅੰਦਰ ਝਾਕੇ

ਪਿਛਲੀ ਕੋਈ ਪਛਾਣ।'

ਪਿਛਲੀ ਕੋਈ ਪਛਾਣ ਉਸਨੂੰ ਹਾਂਟ ਕਰ ਰਹੀ ਸੀ। ਉਸ ਲੜਕੀ ਦਾ ਸਿਰ ਪਲੋਸ ਕੇ, ਅਸੀਸਾਂ ਨਾਲ ਇਕੰਨੀ ਉਸਦੀ ਹਥੇਲੀ 'ਤੇ ਧਰ ਕੇ ਵਿਦਾਅ ਕਰਨ ਦੀ ਉਸਦੀ ਇੱਛਾ 'ਤੇ ਆਟੋ ਧੂੰਆਂ ਸੁੱਟਦਾ ਹੋਇਆ ਅਹੁ ਗਿਆ... ਅਹੁ ਗਿਆ।

ਬਾਬਾ ਵੀ ਚੱਲ ਪਿਆ, ਸਤਾਰਾਂ ਸੈਕਟਰ ਵੱਲ।

ਸਤਾਰਾਂ ਦੀ ਮਾਰਕਿਟ ਵਿਚ ਪ੍ਰਵੇਸ਼ ਕਰਨ ਸਾਰ ਤਰ੍ਹਾਂ-ਤਰ੍ਹਾਂ ਦੇ ਟੈਲਕਮ ਪਾਊਡਰ, ਡਿਓ ਤੇ ਸੈਂਟਾਂ ਦੀਆਂ ਖੁਸ਼ਬੂਆਂ ਨਾਲ ਨਾਸਾਂ ਭਰ ਗਈਆਂ। ਲੋਕ ਆਪਣੇ ਆਪ 'ਚ ਮਸਤ... । ਕੋਈ ਕਿਤੋਂ ਆ ਰਿਹੈ, ਕੋਈ ਕਿਤੇ ਜਾਣ ਦੀ ਕਾਹਲੀ 'ਚ। ਇਸੇ ਤਰ੍ਹਾਂ ਤੀਵੀਂਆਂ ਵੀ। ਪਰ ਮਸਤ ਚਾਲ ਚੱਲਦੀਆਂ, ਜਿਵੇਂ ਉਨ੍ਹਾਂ ਨੇ ਕਿਤੇ ਪਹੁੰਚਣਾ ਹੀ ਨਾ ਹੋਵੇ। ਮਹਿੰਗੇ ਵਸਤਰ ਪਾਏ ਹੋਏ। ਹਾਰ-ਸ਼ਿੰਗਾਰ ਲਾਇਆ ਹੋਇਆ। ਮਸਤ ਅਲ੍ਹੜ ਮੁਟਿਆਰਾਂ। ਮੇਕ-ਅੱਪ 'ਚ ਲੁਕੀਆਂ ਨਾਰਾਂ...।

ਚਲਦੇ-ਚਲਦੇ ਬਾਬੇ ਦੀਆਂ ਨਜ਼ਰਾਂ ਅਜਿਹੀ ਕਿਸੇ ਔਰਤ ਦੇ ਮੇਕ-ਅੱਪ ਨਾਲ ਜੁੜਦੀਆਂ ਹਨ, 'ਮਨ ਦਾ ਹਿਰਨ ਅਜੇ ਤ੍ਰਿਹਾਇਆ, ਕਾਫਰ ਅੱਖੀਆਂ ਕਦੇ ਨਾ ਥੱਕੀਆਂ...।' ਅਜਿਹੇ ਸਮੇਂ ਉਹ ਆਪਣਾ ਦਿਲ ਛਾਤੀ 'ਚੋਂ ਕੱਢ ਕੇ ਅੱਖਾਂ ਦੀਆਂ ਪੁਤਲੀਆਂ ਵਿਚ ਧਰ ਲੈਂਦਾ ਹੈ...। ਰੰਗੇ-ਪੋਚੇ ਚਿਹਰਿਆਂ ਨੂੰ ਆਖਰ ਰਿਜੈਕਟ ਵੀ ਕਰ ਦਿੰਦਾ ਹੈ:

'ਭਾਵੇਂ ਨੱਕ ਮੇਰੀ ਨਾਜੋ ਦਾ ਕੁਝ ਬੇਡੌਲ੍ਹਾ,

ਗਲ 'ਚੋਂ ਝਾਕੇ ਮੁੱਠ ਹੱਡੀਆਂ ਦੀ ਨੱਖ-ਸ਼ਿਖ ਹੌਲ੍ਹਾ,

ਬਾਕੀ ਵੀ ਮੂੰਹ-ਮੱਥਾ ਸਾਰਾ,

ਮਸਾਂ ਗੁਜ਼ਾਰਾ...।'

ਬਾਬਾ ਆਪਣੀ ਹੀ ਰੌਂ ਵਿਚ ਗੁਣਗੁਣਾਉਂਦਾ ਜਾ ਰਿਹੈ।

ਚਾਨਣ 'ਚ ਚਮਕਦੀਆਂ ਸੜਕਾਂ, ਕਾਰਾਂ 'ਤੇ ਚੜ੍ਹੀਆਂ ਕਾਰਾਂ, ਵਾਹੋਦਾਹੀ ਦੌੜ ਰਹੀ ਬੇਮੁਰੱਵਤ ਖ਼ਲਕਤ। ਅਜਬ ਨਜ਼ਾਰਾ। ਬੜੀ ਮੁਸ਼ਕਲ ਨਾਲ ਸੜਕ ਪਾਰ ਕੀਤੀ। ਥੋੜ੍ਹਾ ਹੋਰ ਅੱਗੇ ਗਿਆ ਤਾਂ ਕੋਈ ਹੋਰ ਹੀ ਦੁਨੀਆ। ਰੋਸ਼ਨੀ 'ਚ ਨਹਾਏ, ਸ਼ੀਸ਼ੇ ਦੀਆਂ ਕੰਧਾਂ ਤੇ ਬੂਹਿਆਂ ਵਾਲੇ ਸ਼ੋਅਰੂਮ...।

ਇੱਥੇ ਵੀ ਲੋਕ ਕੁਝ ਫੁਰਸਤ ਵਿਚ। ਵਾਤਾਵਰਨ ਵਿਚ ਠੰਡ ਉਤਰ ਆਈ ਸੀ। ਪਰ ਲੋਕ ਉਸੇ ਤਰ੍ਹਾਂ ਆਈਸਕ੍ਰੀਮਾਂ, ਕੁਲਫੀਆਂ ਖਾ ਰਹੇ ਸੀ। ਰੰਗ-ਬਿਰੰਗੀਆਂ ਬੱਤੀਆਂ ਵਾਲੇ ਫੁਹਾਰੇ ਦੇ ਨਾਲ ਇਕ ਫੋਰ ਵ੍ਹੀਲਰ ਦੀ ਚੈਸੀਜ਼ 'ਤੇ ਬਣੇ ਸਟੇਜ 'ਤੇ ਕਿਸੇ ਕੰਪਨੀ ਦੀ ਮਸ਼ਹੂਰੀ ਕਰ ਰਹੀਆਂ ਕੁੜੀਆਂ ਕੰਨ-ਪਾੜੂ ਸੰਗੀਤ 'ਤੇ ਬੁਲ੍ਹ ਹਿਲਾ ਕੇ ਥਿਰਕ ਰਹੀਆਂ ਸਨ- 'ਲੱਕ ਟੁਐਂਟੀ ਏਟ ਕੁੜੀ ਦਾ...! ਏਟ ਕੁੜੀ ਦਾ...! ਏਟ ਕੁੜੀ ਦਾ...!'

ਬਾਬੇ ਦੀ ਹੈਰਾਨੀ ਦਾ ਕੋਈ ਪਾਰਾਵਾਰ ਨਾ ਰਿਹਾ, "ਭਲਾ ਜੀ ਇਹ ਕੀ?"

ਬਾਬੇ ਨੇ ਇਕ ਟਾਈਟ ਫਿਟਿੰਗ ਜੀਨਸ ਟੌਪ ਵਾਲੀ ਯੰਗ ਲੇਡੀ ਨੂੰ ਪੁੱਛਿਆ, "ਬੀਬਾ ਜੀ, ਇਹ ਕੀ ਹੋ ਰਿਹੈ ਭਲਾ?" ਕੰਨ-ਪਾੜੂ ਸੰਗੀਤ ਦੀ ਲੈਅ 'ਤੇ ਥਿਰਕ ਰਹੀ ਯੰਗ ਲੇਡੀ ਨੇ ਉਸ ਵੱਲ ਇਸ ਤਰ੍ਹਾਂ ਦੇਖਿਆ ਕਿ ਉਸਨੂੰ ਜਾਂ ਤਾਂ ਕੁਝ ਸੁਣਿਆ ਨਹੀਂ ਜਾਂ ਉਸਦੇ ਮਨੋਰੰਜਨ ਵਿਚ ਖਲਲ ਪੈ ਗਿਆ ਹੈ। ਬਾਬੇ ਨੇ ਮੂੰਹ ਉਸਦੇ ਕੰਨ ਦੇ ਬਿਲਕੁਲ ਨੇੜੇ ਲਿਜਾ ਕੇ ਫੇਰ ਉਹੀ ਸਵਾਲ ਦੁਹਰਾਇਆ ਤਾਂ ਯੰਗ ਲੇਡੀ ਨੇ ਫਿਲਵਕਤ ਥਿਰਕਣਾ ਮੁਲਤਵੀ ਕਰਕੇ ਬਾਬੇ ਵੱਲ ਜ਼ਰਾ ਧਿਆਨ ਨਾਲ ਦੇਖਿਆ।

ਬਾਬੇ ਦੇ ਇਕਹਿਰੇ ਬਦਨ ਵਿਚ ਮਾਰੂਥਲ, ਝਰਨੇ, ਨਦੀਆਂ, ਸਮੁੰਦਰ, ਰਾਂਗਲੀਆਂ ਜੂਹਾਂ, ਜਿਉਂਦੇ ਜਾਗਦੇ ਸੱਭਿਆਚਾਰ, ਪੰਛੀਆਂ ਦੀ ਰੁਣਝੁਣ ਵਾਂਗ ਰੁਮਕਦੇ ਵਿਚਰਦੇ ਪ੍ਰਤੀਤ ਹੋ ਰਹੇ ਸੀ। ਯੰਗ ਲੇਡੀ ਨੇ ਉਸਦੇ ਨੂਰੋ-ਨੂਰ ਚਮਕਦੇ ਚੌੜੇ ਮੱਥੇ, ਸੰਘਣੀ ਲੰਮੀ ਦਾੜ੍ਹੀ ਤੇ ਫੇਰ ਲੰਮੇ ਸਿਲਕੀ ਕੋਟ ਤੋਂ ਲੈ ਕੇ ਗਿੱਟਿਆਂ ਤੋਂ ਜ਼ਰਾ ਉੱਚੇ ਖੁੱਲ੍ਹੇ ਪਜਾਮੇ ਤੇ ਪਾਲਸ਼ ਨੂੰ ਤਰਸਦੇ ਬੂਟਾਂ 'ਤੇ ਨਜ਼ਰ ਦੌੜਾ ਕੇ ਡਾਂਟਿਆ, "ਸ਼ਟਅੱਪ!"

"ਭਲਾ ਜੀ ਮੈਂ ਤਾਂ ਪੁੱਛਿਆ ਈ ਐ।" ਬਾਬੇ ਨੇ ਫਿੱਕੀ ਜਿਹੀ ਮੁਸਕਰਾਹਟ ਬੁਲ੍ਹਾਂ 'ਤੇ ਲਿਆਉਣ ਦੀ ਕੋਸ਼ਿਸ਼ ਕਰਦਿਆਂ ਕਿਹਾ, "ਥੈਂਕ ਯੂ...!" ਤੇ ਪਾਲਸ਼ ਨੂੰ ਤਰਸਦੇ ਬੂਟਾਂ ਵਿਚਲੇ ਆਪਣੇ ਮੈਲ਼ ਜੰਮੇ ਪੈਰਾਂ ਵੱਲ ਦੇਖਣ ਲੱਗਾ। ਇਨ੍ਹਾਂ ਪੈਰਾਂ ਨੂੰ ਸਾਰੀ ਹਯਾਤੀ ਲੰਮੇ ਲੰਮੇਰੇ ਪੈਂਡੇ ਗਾਹੁਣ ਦੇ ਖਾਬ ਆਏ ਸਨ।

ਉਹ ਇਸ ਸ਼ੋਰ ਤੋਂ ਦੂਰ ਬ੍ਰਿਜ ਮਾਰਕਿਟ ਵੱਲ ਚੱਲ ਪਿਆ। ਉੱਥੇ ਲੋਕਾਂ ਨੇ ਰਬੜੀ, ਰਸਮਲਾਈ, ਦਹੀਂ-ਭੱਲੇ, ਗੋਲਗੱਪਿਆਂ 'ਤੇ ਹੱਲਾ ਬੋਲਿਆ ਹੋਇਆ ਸੀ। ਜਿਵੇਂ ਕਿ ਅਜ਼ਲਾਂ ਤੋਂ ਭੁੱਖੇ ਹੋਣ।

ਉੱਥੋਂ ਫੇਰ ਕਿਤਾਬਾਂ ਵਾਲੀਆਂ ਦੋ ਵੱਡੀਆਂ ਦੁਕਾਨਾਂ ਦੇ ਸ਼ੋਅਕੇਸਾਂ ਵਿਚ ਸਜਾਈਆਂ ਕਿਤਾਬਾਂ 'ਤੇ ਨਜ਼ਰ ਮਾਰਦਾ ਹੋਇਆ ਖੁਲ੍ਹੀ ਥਾਂ ਵਿਚ ਆ ਗਿਆ। ਸਾਹਮਣੇ ਜਗਦੀਆਂ-ਬੁਝਦੀਆਂ ਰੰਗੀਨ ਬੱਤੀਆਂ ਵਾਲੇ ਇਕ ਫੁਹਾਰੇ ਦੇ ਨੇੜੇ ਉਸਨੂੰ ਚਿੜੀਆਂ ਦਾ

ਚੰਬਾ ਨਜ਼ਰੀਂ ਪਿਆ। ਉਨ੍ਹਾਂ ਦਾ ਕੋਮਲ ਮਖਮਲੀ ਹਾਸਾ ਕਿਮਾਮ ਦੀ ਖ਼ੁਸ਼ਬੂ ਵਾਂਗ ਹਵਾ ਵਿਚ ਘੁਲ਼ ਰਿਹਾ ਸੀ।

ਉਸਦੇ ਪੈਰ, ਜਿਨ੍ਹਾਂ ਨੂੰ ਸਾਰੀ ਹਯਾਤੀ ਲੰਮੇ ਲੰਮੇਰੇ ਪੈਂਡੇ ਗਾਹੁਣ ਦੇ ਖ਼ਾਬ ਆਏ ਸਨ, ਖ਼ੁਦ-ਬ-ਖ਼ੁਦ ਉੱਧਰ ਤੁਰ ਪਏ। ਬਾਬੇ ਨੂੰ ਆਸ ਸੀ, ਇਸ ਆਧੁਨਿਕ ਸ਼ਹਿਰ ਵਿਚ ਉਹ ਨਵੇਂ-ਨਰੋਏ ਤੇ ਆਧੁਨਿਕ ਚੇਤਨਾ ਵਾਲੇ 'ਲੋਕ' ਦੇ ਰੂਬਰੂ ਹੋਵੇਗਾ। ਪਿੱਠਭੂਮੀ ਵਿਚ ਸਹਿਜ-ਸਹਿਜ ਮੋਹ-ਭਿੱਜੀ ਆਵਾਜ਼ ਉਭਰ ਰਹੀ ਸੀ- 'ਪਾਰੁਲ ਮੇਰੀ ਬੱਚੀ...।'

ਉਹ ਚਹਿਚਹਾ ਰਹੇ ਚਿੜੀਆਂ ਦੇ ਚੰਬੇ ਵੱਲ ਟਿਕਟਿਕੀ ਬੰਨ੍ਹ ਕੇ ਦੇਖਣ ਲੱਗਾ। ਨਿੱਜ ਨੂੰ ਭੁੱਲ-ਵਿਸਾਰ ਕੇ ਕਿਤੇ ਗੁਆਚ ਗਿਆ। ਪਿੱਠਭੂਮੀ ਵਿਚ ਗੂੰਜ ਰਹੇ ਸ਼ਬਦ ਅਗਰਭੂਮੀ ਵਿਚ ਆ ਕੇ ਵਾਤਾਵਰਨ ਵਿਚ ਮਹਿਕਾਂ ਵਾਂਗ ਤਿਰ ਰਹੇ ਮਖਮਲੀ ਹਾਸੇ ਵਿਚ ਘੁਲ਼ ਗਏ।

ਅੰਗਰੇਜ਼ੀ, ਪੰਜਾਬੀ, ਹਿੰਦੀ ਜਾਂ ਮਿਕਸ, ਜੋ ਵੀ ਉਹ ਕੁੜੀਆਂ ਬੋਲ ਰਹੀਆਂ ਸੀ, ਉਹ ਸਮਝਦਾ ਸੀ। ਆਪਣੇ ਸ਼ਬਦ-ਭੰਡਾਰ ਨੂੰ ਸਤਰੰਗੀ ਛੱਬ ਬਖ਼ਸ਼ ਕੇ ਉਸ ਵਿਚ ਹੋਰ ਵੀ ਇਜ਼ਾਫਾ ਕਰਨ ਦੇ ਲਾਲਚ ਵਿਚ ਸਹਿਜ ਹੀ ਉਸਦਾ ਹੱਥ ਆਪਣੇ ਮੋਢੇ 'ਤੇ ਟੰਗੇ ਝੋਲ਼ੇ ਵਿਚ ਚਲਿਆ ਗਿਆ।

ਉਸਦੇ ਆਪਣੇ ਸਜਾਏ, ਸੰਵਾਰੇ ਬਹੁਤ ਸਾਰੇ ਸ਼ਬਦ, ਨਜ਼ਮਾਂ, ਲੋਕਗੀਤ, ਬੋਲੀਆਂ, ਆਪੂੰ ਝੋਲ਼ੇ 'ਚੋਂ ਬਾਹਰ ਆ ਕੇ ਵਾਤਾਵਰਨ ਵਿਚ ਘੁਲ਼ੇ ਮਖਮਲੀ ਹਾਸੇ ਵਿਚ ਸ਼ਾਮਲ ਹੋ ਗਏ। ਇਕ ਕੁੜੀ ਦੀ ਸ਼ਕਲ ਉਸਨੂੰ ਜਾਣੀ-ਪਹਿਚਾਣੀ ਲੱਗੀ। ਉਹ ਭਾਵੁਕ ਹੋ ਗਿਆ। ਦੂਜਾ ਹੱਥ ਆਪਣੇ ਲੰਮੇ ਸਿਲਕੀ ਕੋਟ ਦੀ ਜੇਬ ਵਿਚ ਚਲਿਆ ਗਿਆ। ਉਸਨੇ ਆਪਣੀਆਂ ਲੰਮੀਆਂ, ਪਤਲੀਆਂ ਉਂਗਲਾਂ ਦੇ ਪੋਟਿਆਂ ਨਾਲ ਇਕੰਨੀ ਨੂੰ ਛੂਹ ਕੇ ਮਹਿਸੂਸ ਕੀਤਾ। ਜਿਉਂਦੀ ਜਾਗਦੀ, ਸਾਹ ਲੈਂਦੀ ਇਕੰਨੀ...।

ਉਸਦੇ ਭਾਵੁਕ ਮਨ ਨੇ ਚਾਹਿਆ, ਇਹ ਇਕੰਨੀ ਖਿੜਖਿੜਾ ਕੇ ਕਾਵਿਆਤਮਕ ਹਾਸਾ ਹੱਸ ਰਹੀ ਉਸ ਕਵਿਤਾ ਵਰਗੀ ਲੜਕੀ ਦੀ ਅਮਾਨਤ ਹੈ, ਉਸ ਦੀ ਹਥੇਲੀ 'ਤੇ ਧਰ ਕੇ ਉਸਦਾ ਸਿਰ ਪਲ਼ੋਸ ਦੇਵੇ...। ਉਸਦੇ ਪੈਰ ਹੋਰ ਅੱਗੇ ਵਧੇ, ਚਿੜੀਆਂ ਦੇ ਚੰਬੇ ਵੱਲ।

ਇਸੇ ਦੌਰਾਨ ਚੰਬੇ ਵਿਚ ਪਹਿਲਾਂ ਸਹਿਮ ਪਸਰਿਆ, ਫਿਰ ਚੁੱਪ ਵਰਤੀ। ਫਿਰ ਸਹਿਮੀ ਹੋਈ ਖੁਸਰ-ਫੁਸਰ। ਇਕ ਚਿੜੀ ਬਾਕੀ ਚਿੜੀਆਂ ਨੂੰ ਮੁਖਾਤਿਬ ਹੋਈ, ਪਰ ਬਾਬੇ ਨੂੰ ਸੁਣਿਆ ਨਹੀਂ ਕਿ ਉਨ੍ਹਾਂ ਨੇ ਕੀ ਗੱਲਬਾਤ ਕੀਤੀ।

ਉਸ ਚਿੜੀ ਨੇ, ਜਿਸਦੀ ਹਥੇਲੀ 'ਤੇ ਉਹ ਇਕੰਨੀ ਧਰ ਕੇ ਸਿਰ ਪਲੋਸਣਾ ਚਾਹੁੰਦਾ ਸੀ, ਝੱਟ ਆਪਣੀ ਜੀਨਸ ਦੀ ਜੇਬ 'ਚੋਂ ਸਮਾਰਟ ਫੋਨ ਕੱਢ ਲਿਆ ਤੇ ਸਟੌਪ ਵਾਚ ਵਾਂਗ ਉਸਦੇ ਸਕਰੀਨ 'ਤੇ ਦੇਖ ਕੇ ਗਿਣਨ ਲੱਗੀ- ਵਨ, ਟੂ, ਥ੍ਰੀ, ਫੋਰ... ਤੇ 'ਮਹਿਲਾ ਸੈਕਸੁਅਲ ਹਰਾਸਮੈਂਟ ਕਾਨੂੰਨ' ਅਨੁਸਾਰ ਲਗਾਤਾਰ ਘੂਰਨ ਦਾ ਘੱਟੋ-ਘੱਟ ਸਮਾਂ ਬੀਤਣ ਸਾਰ ਝੱਟ ਉਹਨੇ ਮਹਿਲਾ ਹੈਲਪ ਲਾਇਨ ਨੰਬਰ 'ਵਨ-ਜ਼ੀਰੋ-ਨਾਇਨ-ਵਨ' ਡਾਇਲ ਕਰ ਦਿੱਤਾ।

ਲੜਕੀ ਕੁਝ ਬੋਲ ਵੀ ਰਹੀ ਸੀ। ਚੰਬੇ ਵਿਚੋਂ ਦੋ-ਤਿੰਨ ਹੋਰ ਚਿੜੀਆਂ ਵੀ ਉੱਚਾ ਉੱਚਾ ਚਹਿਚਹਾਈਆਂ। ਸ਼ੋਰ ਸੁਣ ਕੇ ਆਲੇ-ਦੁਆਲਿਓਂ, ਆਪਣੇ ਆਪ ਵਿਚ ਗੁਆਚੇ, ਇਕ ਦੂਜੇ ਦੀ ਬਾਂਹ ਵਿਚ ਬਾਂਹ ਪਾਈ ਫਿਰ ਰਹੇ ਜੋੜੇ ਵੀ ਉੱਥੇ ਜੁੜਨ ਲੱਗੇ। ਜਿਸ ਲੰਮੀ, ਚਿੱਟੀ ਦਾੜ੍ਹੀ ਨੂੰ ਸਲਾਮ ਕਰਨਾ ਬਣਦਾ ਸੀ, ਉਸਨੂੰ ਪੁੱਟਣ ਦੀ ਇੱਛਾ ਵੀ ਕਈਆਂ ਦੀ ਹੋਈ, ਪਰ ਕੁਝ ਲੋਕਾਂ ਨੇ ਬਿਚ-ਬਚਾਅ ਕਰਕੇ ਅਜਿਹਾ ਨਾ ਹੋਣ ਦਿੱਤਾ।

ਬਾਬੇ ਦਾ ਧਿਆਨ ਉਦੋਂ ਭੰਗ ਹੋਇਆ ਜਦ ਪੁਲੀਸ ਦੀਆਂ ਸਾਇਰਨ ਵਜਾਉਂਦੀਆਂ ਜਿਪਸੀਆਂ ਨੇ ਆ ਕੇ ਉਸਨੂੰ ਘੇਰ ਲਿਆ। ਚੰਡੀਗੜ੍ਹ ਪੁਲੀਸ ਦੀ ਏਨੀ ਫੁਰਤੀ ਬਾਰੇ ਸੁਣਿਆ ਤਾਂ ਸੀ ਪਰ ਅੱਜ ਦੇਖ ਵੀ ਲਿਆ।

ਕਮਾਂਡੋਆਂ ਵਾਂਗ ਟੁੱਟ ਕੇ ਪਏ ਪੁਲੀਸ-ਬਹਾਦਰਾਂ ਨੇ ਹਾਲੇ ਬਾਬੇ ਨੂੰ ਨੱਪਿਆ ਹੀ ਸੀ ਕਿ ਮੀਡਿਏ ਦੀ ਧਾੜ! ਦੇ ਫਲੈਸ਼ਾਂ 'ਤੇ ਫਲੈਸ਼ਾਂ। ਲੋਕਾਂ ਦੇ ਮੋਬਾਇਲਾਂ ਵਿਚਲੇ ਕੈਮਰੇ ਤਾਂ ਸਮਝੋ ਹਮੇਸ਼ਾ ਔਨ ਹੀ ਰਹਿੰਦੇ ਨੇ।

ਟੀ.ਵੀ. ਵਾਲਿਆਂ ਦੇ ਮੂਵੀ ਕੈਮਰੇ ਵੀ ਫਟਾਫਟ ਔਨ। ਓ.ਬੀ. ਵੈਨਾਂ। ਝੱਟ ਲਾਇਵ ਟੈਲੀਕਾਸਟ- ਏਕ ਲੜਕੀ ਕੀ ਸੂਝਬੂਝ ਸੇ...! ਸਾਵਧਾਨ ਹੋ ਜਾਈਏ... ਐਸਾ ਹੀ ਕੋਈ ਦਰਿੰਦਾ ਆਪਕੇ ਆਸਪਾਸ ਭੀ ਹੋ ਸਕਤਾ ਹੈ...! ਯੇ ਦੇਖੀਏ ਇਸ ਭੇੜੀਏ ਕਾ ਚਿਹਰਾ... ਪਹਿਚਾਨੀਏ ਇਸੇ...! ਯਾਦ ਕੀਜੀਏ... ਦਿੱਲੀ ਗੈਂਗਰੇਪ...! ਜ਼ਰਾ ਸੋਚੀਏ, ਕਿਤਨੇ ਦਿਨ ਹੂਏ ਹੈਂ 'ਮਹਿਲਾ ਸੈਕਸੂਅਲ ਹਰਾਸਮੈਂਟ ਕਾਨੂੰਨ' ਕੋ ਪਾਸ ਹੂਏ...! ਏਕ ਔਰ ਕੇਸ...!

ਵਿਚੇ ਕਿਸੇ ਕਾਹਲ਼ੇ ਤੇ ਜੋਸ਼ੀਲੇ ਚਸ਼ਮਦੀਦ ਤੇ ਉਸ ਲੜਕੀ ਦੀ ਬਾਇਟ- ਮੈਂ ਆਪਣੇ ਮੋਬਾਇਲ 'ਚ ਰਿਕੌਰਡ ਕੀਤੈ, ਯੂ ਨੋ, ਇਹ ਮੈਨੂੰ ਘੂਰ ਰਿਹਾ ਸੀ। ਆਈ ਮੀਨ, ਇਸਨੇ ਕੁਝ ਕੱਢਣ ਲਈ ਆਪਣੇ ਝੋਲ਼ੇ ਤੇ ਕੋਟ ਦੀ ਜੇਬ 'ਚ ਹੱਥ ਵੀ ਪਾਇਆ ਸੀ। ਐਂਡ.. ਥੈਂਕ ਗੌਡ! ਮੈਂ ਉਦੋਂ ਤਕ ਪੁਲੀਸ ਨੂੰ ਫੋਨ... ਯੂ ਨੋ...।

ਪੁਲੀਸ ਉਸਦੇ ਝੋਲ਼ੇ 'ਤੇ ਝਪਟ ਪਈ। ਸਮਾਨ ਜ਼ਮੀਨ 'ਤੇ ਉਲੱਦ ਦਿੱਤਾ। ਇਕ ਚੇਪੀਆਂ ਵਾਲੀ ਕਾਪੀ, ਲੇਵੀ, ਇਕ ਹੋਲਡਰ ਪੈੱਨ, ਇਕ ਚੈਲਪਾਰਕ ਦੀ ਰੋਇਲ ਬਲਿਊ ਸਿਆਹੀ ਦੀ ਦਵਾਤ, ਇਕ ਪੈਨਸਿਲ, ਜਿਸਦੇ ਦੂਜੇ ਸਿਰੇ 'ਤੇ ਮਿਟਾਉਣ ਲਈ ਇਰੇਜ਼ਰ ਰਬੜ ਤੇ ਇਕ ਬਲੇਡ।

ਬਲੇਡ, ਪੈਨਸਿਲ, ਹੋਲਡਰ ਪੈੱਨ ਤੇ ਸਿਆਹੀ ਦੀ ਦਵਾਤ ਲਈ ਸਟੋਰੀਆਂ ਸੰਭਵ ਸਨ। ਪਰ ਚੇਪੀਆਂ ਵਾਲੀ ਕਾਪੀ? ਚੇਪੀਆਂ 'ਤੇ ਲਿਖੀ ਜਾਂ ਚੇਪੀਆਂ ਹੇਠ ਲੁਕੀ ਹੋਈ ਇਬਾਰਤ ਨੂੰ ਮੀਡੀਆ ਨੇ ਪੁਲੀਸ ਦੀ ਮੱਥਾ-ਪੱਚੀ ਦਾ ਕਾਰਨ ਬਣਾ ਦਿੱਤਾ ਸੀ। ਚੇਪੀਆਂ ਵਾਲੀ ਕਾਪੀ ਵਿਚਲੇ ਵਾਰ-ਵਾਰ ਲਿਖੇ, ਮਿਟਾਏ ਤੇ ਫੇਰ ਲਿਖੇ ਕੋਡ ਵਰਡਾਂ ਨੂੰ ਸਮਝਣਾ ਬਹੁਤ ਜ਼ਰੂਰੀ ਸੀ। ਮੌਕਾ-ਏ-ਵਾਰਦਾਤ 'ਤੇ ਹੀ ਫੋਰੈਂਸਿਕ ਐਕਸਪਰਟ ਸੱਦ ਲਏ ਗਏ। ਉਹ ਡੀਕੋਡ ਕਰਨ ਲੱਗੇ।

ਆਧੁਨਿਕਤਾ ਦੀ ਦੌੜ 'ਚ ਪਏ ਹਫ ਰਹੇ ਕਿਸੇ ਵੀ ਦੌੜਾਕ ਨੂੰ ਅਹਿਸਾਸ ਵੀ ਨਹੀਂ ਸੀ ਕਿ ਇਕ ਓਦਰਿਆ ਮਨੁੱਖ, ਬਹੁਤ ਪਿਛਾਂਹ ਰਹਿ ਗਏ, ਜਾਂ ਬਹੁਤ ਅਗਾਂਹ ਆ ਗਏ ਜ਼ਮਾਨੇ ਦੀ ਗਵਾਹੀ ਦੇਣ ਆਇਆ ਹੈ।

ਹਰ ਚੈਨਲ ਨੇ ਆਪੋ-ਆਪਣੀ ਸਟੋਰੀ ਲਾਇਨ ਚੁਣ ਲਈ ਸੀ। ਕੋਈ ਚੈਨਲ ਬਲੇਡ ਕਾਰਨ ਇਸਦਾ ਲਿੰਕ ਕਦੇ ਦਿੱਲੀ ਵਿਚ ਵਾਪਰੇ ਬਲੇਡ ਕਾਂਡ ਨਾਲ ਜੋੜ ਰਿਹਾ ਸੀ, ਜਿਸ ਵਿਚ ਕੋਈ ਸਿਰਫਿਰਿਆ ਲੜਕੀਆਂ ਦੇ ਚਿਹਰਿਆਂ 'ਤੇ ਬਲੇਡ ਮਾਰ ਕੇ ਗ਼ਾਇਬ ਹੋ ਜਾਇਆ ਕਰਦਾ ਸੀ।

ਇਕ ਨੇ ਚੈਲਪਾਰਕ ਰੋਇਲ ਬਲਿਊ ਇੰਕ ਨੂੰ ਹੀ ਤਿਜਾਬ ਸਿੱਧ ਕਰਨ ਵਿਚ ਆਪਣੀ ਪੂਰੀ ਵਾਹ ਲਾ ਰੱਖੀ ਸੀ ਤਾਂ ਕਿਸੇ ਹੋਰ ਚੈਨਲ ਨੇ ਹੋਲਡਰ ਪੈੱਨ, ਪੈਨਸਿਲ ਬਾਰੇ ਵੀ ਅਜਬ-ਗਜਬ ਸਟੋਰੀਆਂ ਚਲਾ ਦਿੱਤੀਆਂ ਸਨ। ਕਈ ਇਹ ਦੱਸਦਿਆਂ ਪਸੀਨਾ-ਪਸੀਨਾ ਹੋ ਰਹੇ ਸੀ ਕਿ ਅਜਿਹਾ ਇਤਿਹਾਸ ਵਿਚ ਪਹਿਲਾਂ ਕਦ-ਕਦ ਹੋਇਐ।

ਇਤਿਹਾਸ-ਪੁਰੁਸ਼, ਇਲਮਾਂ-ਹੁਨਰਾਂ ਵਾਲਾ ਇਹ ਲਟਬਾਵਰਾ, ਜੋ ਹਰ ਵਰਤਮਾਨ ਦਾ ਹਾਣੀ ਹੈ ਤੇ ਇਕ ਅਜਿਹੀ ਸ਼ਖਸੀਅਤ, ਜਿਸ ਬਾਰੇ ਸੱਚ ਹੈ ਕਿ ਰੱਜ ਕੇ ਝੂਠ ਤੇ ਰੱਜ ਕੇ ਸੱਚ ਬੋਲਿਆ ਜਾ ਸਕਦੈ। ਤੇ ਅੱਜ, ਇੱਥੇ ਕਿੱਸਾ ਹੀ ਕੁਝ ਹੋਰ ਸੀ। ਇੱਥੇ ਤਾਂ ਜਿੰਨਾ ਵੀ ਕਹੀਏ ਓਨੇ ਅਮੀਰ ਵਿਰਸੇ ਦਾ ਵਾਰਿਸ, ਇਹ ਸਮਾਂ, ਆਪਣੇ ਸੱਭਿਆਚਾਰਕ ਦਿਵਾਲੀਏਪਨ ਦਾ ਇਤਿਹਾਸ ਲਿਖ ਰਿਹਾ ਸੀ।

'ਦੇਖੀਏ...! ਜ਼ਰਾ ਪਹਿਚਾਨੀਏ... ਪਹਿਚਾਨੀਏ ਇਸ ਸ਼ਖਸ ਕੋ...!' ਆਪਣੀ ਅਸਲ ਪਹਿਚਾਣ ਗੁਆ ਚੁੱਕਾ ਵਕਤ ਚੀਕ ਰਿਹਾ ਸੀ।

ਮੈਂ ਦੇਖ ਵੀ ਰਿਹਾ ਸਾਂ ਤੇ ਪਹਿਚਾਨਣ ਦੀ ਕੋਸ਼ਿਸ਼ ਵੀ ਕਰ ਰਿਹਾ ਸਾਂ ਕਿ ਇਹ ਜਾਣੀ-ਪਹਿਚਾਣੀ ਜਿਹੀ ਸ਼ਖਸੀਅਤ ਆਖਰ ਹੈ ਕੌਣ? ਨਿਸ਼ਚਤ ਕੁਝ ਵੀ ਨਹੀਂ ਕਿਹਾ ਜਾ ਸਕਦਾ। ਇਹ ਵੀ ਨਹੀਂ ਕਿ ਮੀਡੀਆ ਇਸ ਸਟੋਰੀ 'ਤੇ ਕਿੰਨੀ ਕੁ ਦੇਰ ਖੇਡ ਸਕਦੈ। ਜ਼ਾਹਿਰ ਹੈ ਜਦ ਤਕ ਸਟੋਰੀ ਆਪਣੀ ਮੌਤ ਖ਼ੁਦ ਨਹੀਂ ਮਰ ਜਾਂਦੀ ਜਾਂ ਨਵੀਂ ਸਟੋਰੀ ਨਹੀਂ ਮਿਲ ਜਾਂਦੀ, ਉਦੋਂ ਤਕ ਸਨਸਨੀ ਤੇ ਸਸਪੈਂਸ ਬਣਾਈ ਰੱਖਣੈ।

ਇਸੇ ਦੌਰਾਨ ਪੁਲੀਸ ਦੇ ਸਭ ਤੋਂ ਵੱਡੇ ਅਫਸਰ ਨੂੰ ਵੀ ਖ਼ਬਰ ਹੋ ਗਈ ਸੀ ਤੇ ਉਹ ਵੀ ਮੌਕੇ 'ਤੇ ਪਹੁੰਚ ਗਿਆ। ਆਉਣ ਸਾਰ ਪੀ.ਸੀ.ਆਰ. ਵਾਲਿਆਂ ਨੂੰ ਟੁੱਟ ਕੇ ਪਿਆ। ਬਹੁਤ ਗੰਦੀਆਂ ਗਾਲ੍ਹਾਂ ਕੱਢੀਆਂ, ਜਿਵੇਂ- 'ਇੱਥੇ ਕੀ ਲੱਸੀ 'ਚ...ਘੋਲ ਰਹੇ ਓਂ?' ਟੀ.ਵੀ. ਚੈਨਲ ਲੱਸੀ 'ਚ ਘੋਲੇ ਜਾਣ ਵਾਲੇ ਅਸ਼ਲੀਲ ਸ਼ਬਦ ਨੂੰ ਆਪੋ-ਆਪਣੇ ਢੰਗ ਨਾਲ 'ਬੀਪ' ਵਜਾ ਕੇ ਦਰਸ਼ਕਾਂ ਨੂੰ ਪਰੋਸ ਰਹੇ ਸੀ। ਲੱਸੀ ਹਰ ਥਾਂ ਉਹੀ ਸੀ।

ਡਾਂਟ ਖਾਣ ਸਾਰ ਪੀ.ਸੀ.ਆਰ. ਵਾਲੇ ਟੀ.ਵੀ. ਕੈਮਰਿਆਂ ਦਾ ਮੋਹ ਤਿਆਗ ਕੇ ਤੇ ਲੱਸੀ ਵਿਚ ਘੋਲ਼ਣਾ ਬੰਦ ਕਰਕੇ ਫਟਾਫਟ ਬਜ਼ੁਰਗ ਨੂੰ ਚੁੱਕ ਕੇ ਥਾਣੇ ਲੈ ਗਏ।

"ਇਹ ਕਿਹੜੀ ਥਾਂ ਐ ਜੀ?" ਨੀਮ ਹਨੇਰੇ ਬੰਦ ਕਮਰੇ 'ਚ ਚੁਫੇਰੇ ਦੇਖ ਕੇ ਬਾਬੇ ਨੇ ਪੁੱਛਿਆ।

"ਹਵਾਲਾਤ!"

"ਇਸ ਹਵਾਲਾਤ 'ਚ ਕਿਉਂ ਲਿਆਂਦਾ ਗਿਐ ਮੈਨੂੰ?" ਸਦਾ-ਨਿਮਰ ਬਾਬਾ ਕੜਕ ਕੇ ਬੋਲਿਆ।

"ਕਿਉਂ?"

"ਇਹ ਮੇਰੇ ਸੁਫ਼ਨਿਆਂ ਨਾਲੋਂ ਸੌੜੀ ਐ।"

"ਸੌੜੀ ਐ?" ਐੱਲ.ਓ.ਐੱਲ...! ਹੈਰਾਨੀ ਨਹੀਂ ਕਿ ਨੀਮ ਹਨੇਰੇ ਬੰਦ ਕਮਰੇ ਵਿਚ ਠਹਾਕਾ-ਮਾਰ ਹਾਸਾ ਜ਼ਬਰਦਸਤ ਡਰਾਉਣਾ ਮਹਿਸੂਸ ਹੋਇਆ।

ਪੁਲੀਸ ਦੀ ਸਪੈਸ਼ਲ ਸੈੱਲ 'ਚ ਜੋ ਕੁਝ ਬਾਬੇ ਨਾਲ ਹੋਇਆ, ਉਸਦਾ ਤਸੱਵਰ ਵੀ ਨਾਮੁਮਕਿਨ ਹੈ:

'ਥੱਕਾ ਟੁੱਟਾ ਇਕ ਮੁਸਾਫਰ
ਭੁੱਖਾ ਤੇ ਤ੍ਰਿਹਾਇਆ
ਲੰਮੀ ਵਾਟ ਮਾਰ ਕੇ ਕਿੱਥੋਂ
ਚੱਲ ਸਾਡੇ ਵਿਹੜੇ ਆਇਆ...।'

ਬਿਨਾਂ ਬਾਂਹਾਂ ਵਾਲੀ ਲੱਕੜੀ ਦੀ ਐਂਟੀਕ ਜਿਹੀ ਕੁਰਸੀ 'ਤੇ ਬਾਬੇ ਨੂੰ ਬਿਠਾਇਆ ਹੋਇਐ। ਉਹੋ ਜਿਹੀ ਇਕ ਕੁਰਸੀ ਸਾਹਮਣੇ ਪਈ ਐ। ਬਾਬੇ ਦੇ ਸਿਰ 'ਤੇ, ਜ਼ਰਾ ਉਪਰ ਪੁੱਠੇ ਲਟਕ ਰਹੇ ਲੋਹੇ ਦੇ ਬੱਠਲ 'ਚ ਦੋ ਸੌ ਵਾਟ ਦਾ ਮੈਲ਼ਾ ਜਿਹਾ ਪੀਲ਼ਾ ਬਲਬ ਜਗ ਰਿਹੈ।

ਵੱਡਾ ਸਾਹਬ ਉਸ ਖਾਲੀ ਕੁਰਸੀ ਦੀ ਪਿੱਠ ਫੜ ਕੇ ਖੜ੍ਹੈ। ਖ਼ੁਦ 'ਤੇ ਜਬਤ ਰੱਖਿਦਿਆਂ, ਖ਼ੁਦ ਨੂੰ ਮਨ ਹੀ ਮਨ ਕਹਿ ਰਿਹੈ, 'ਨਹੀਂ, ਨਹੀਂ ਤੈਂ ਬਿਲਕੁਲ ਸ਼ਾਂਤ ਰਹਿਣੈ ਅਮਨਪ੍ਰੀਤ ਸਿੰਘ...। ਕੋਈ ਹੱਥ, ਕੋਈ ਲੱਤ, ਕੋਈ ਹਥਿਆਰ ਨ੍ਹੀਂ ਵਰਤਣਾ ਅੱਜ... ਬਿਲਕੁਲ ਵੀ ਹਿੰਸਾ ਨਹੀਂ... ਆਪਣਾ ਵਚਨ ਪੁਗਾਉਣੈ... ਸੋ ਇਕਦਮ ਸ਼ਾਂਤ... ਅਹਿੰਸਾ ਦਾ ਪੁਜਾਰੀ... ਦੇਖੀਂ ਗ੍ਰੇਟ ਫੀਲਿੰਗ ਆਊਗੀ...।'

ਕਿਉਂਕਿ ਸਾਹਬ ਨੂੰ ਉਸਦਾ ਸਾਹਬ ਆਦੇਸ਼ ਦੇ ਕੇ ਗਿਆ ਸੀ, "ਕੇਸ ਮੀਡੀਆ ਦੀਆਂ ਨਜ਼ਰਾਂ 'ਚ ਆ ਚੁੱਕੈ, ਕਿਸੇ ਤਰ੍ਹਾਂ ਦਾ ਕੁੱਟ-ਕੁੱਟਈਆ ਨਹੀਂ, ਬੁੱਢਾ ਮਰ ਸਕਦੈ...।"

"ਅਜਿਹੇ ਲੋਕ ਕਦੇ ਮਰਿਆ ਨ੍ਹੀਂ ਕਰਦੇ ਜਨਾਬ...!" ਸਿਪਾਹੀ ਬਹਾਦਰ ਸਿੰਘ ਨੇ ਸਲੂਟ ਮਾਰਦਿਆਂ ਵੱਡੇ ਸਾਹਬ ਮੂਹਰੇ ਵੀ ਆਪਣੀ ਹਾਜ਼ਰੀ ਦਰਜ ਕਰਾ ਦਿੱਤੀ ਸੀ।

ਵੱਡਾ ਸਾਹਬ, ਜਿਸ ਬਾਰੇ ਮਸ਼ਹੂਰ ਹੈ ਕਿ ਉਹਦਾ ਮਿੱਧਿਆ ਤਾਂ ਘਾਹ ਨ੍ਹੀਂ ਹਰਾ ਹੁੰਦਾ, ਹਾਲੇ ਵੀ ਆਪਣੇ ਸੁਭਾਅ ਤੇ ਸਟਾਇਲ ਨੂੰ ਸਵਿੱਚ ਓਵਰ ਕਰਕੇ ਸ਼ਾਂਤ, ਸਾਊ ਤੇ ਧੀਰਜਵਾਨ ਬਣਨ ਦੀ ਕੋਸ਼ਿਸ਼ ਕਰ ਰਿਹੈ। ਉਸ ਦੀਆਂ ਉਂਗਲਾਂ ਦਾ ਪ੍ਰੈਸ਼ਰ ਐਂਟੀਕ ਕੁਰਸੀ ਦੀ ਪਿੱਠ, ਜੋ ਉਸਨੇ ਫੜੀ ਹੋਈ ਐ, 'ਤੇ ਲਗਾਤਾਰ ਘਟ-ਵਧ ਰਿਹੈ। ਦੁਚਿੱਤੀ... ਹਾਲੇ ਵੀ।

ਉਸਦੇ ਸੱਜੇ ਪਾਸੇ ਖੜ੍ਹਾ ਸਿਪਾਹੀ, ਜਿਸਦਾ ਨਾਂ ਬਹਾਦਰ ਸਿੰਘ ਹੈ, ਨੂੰ ਗੋਗੜ ਸਿੰਘ ਵੀ ਕਿਹਾ ਜਾਂਦੈ ਕਿਉਂਕਿ ਉਸਦੀ ਗੋਗੜ ਵੱਡੇ ਸਾਹਬ ਤੋਂ ਜ਼ਰਾ ਵੱਡੀ ਹੈ। ਉਹ ਵੱਡੇ ਸਾਹਬ ਵੱਲ ਦੇਖਦੈ ਤੇ ਫੇਰ ਆਪਣੀ ਖਿਸਕੀ ਹੋਈ ਪੈਂਟ ਉਤਾਂਹ ਖਿੱਚਦੈ, ਜੋ ਵੱਡੀ ਗੋਗੜ ਕਾਰਨ ਫੇਰ ਤਿਲ੍ਹਕ ਜਾਂਦੀ ਐ। ਬਾਬੇ ਨੂੰ ਬਿਨਾਂ ਕੁਝ ਸੋਚਣ ਸਮਝਣ ਦਾ ਮੌਕਾ ਦਿੱਤਿਆਂ, ਉਹ ਬਿਨਾਂ ਕਿਸੇ ਭੂਮਿਕਾ ਤੋਂ ਸ਼ੁਰੂ ਹੋ ਜਾਂਦੈ, "ਕਿੱਥੋਂ ਆਇਐਂ ਬੁੜ੍ਹਿਆ?"

"ਕਰਾਚੀ ਤੋਂ ਆਇਆਂ ਜੀ।"

"ਕਰਾਚੀ ਤੋਂ? ਵੀਜ਼ਾ ਤਾਂ ਤੇਰਾ ਲਾਹੌਰ ਦਾ ਸੀ?"

"ਨਹੀਂ ਜੀ, ਗਿਆ ਤਾਂ ਮੈਂ ਲਾਹੌਰ ਈ ਤੀ ਜੀ।"

"ਫੇਰ ਕਰਾਚੀ ਕਿਵੇਂ ਪਹੁੰਚਿਆ?"

"ਮੋਢਿਆਂ 'ਤੇ ਲੈ ਕੇ ਘਰ, ਮੁੱਠੀਆਂ ਅੰਦਰ ਭਰ ਕੇ ਜਾਨ...!"

"ਮਤਲਬ?"

"ਤੁਸੀਂ ਨ੍ਹੀਂ ਸਮਝ ਸਕਦੇ ਜੀ... ਉਂਝ ਲਾਹੌਰ ਤੋਂ ਜੀ, ਫੇਰ ਮੈਂ ਕਰਾਚੀ ਚਲਿਆ ਗਿਆ ਤੀ...।"

"ਕਰਾਚੀ ਚਲਿਆ ਗਿਆ ਤੀ...? ਤੀ...?"

"ਹਾਂ ਜੀ, ਲੋਕਗੀਤ ਇਕੱਤਰ ਕਰਨ...।"

"ਲੋਕਗੀਤ...?" ਲੋਲਜ਼...!

"ਕੈਸੇ-ਕੈਸੇ ਕੋਡਵਰਡ ਬਣਾ ਰੱਖੇ ਨੇ ਸਾਹਬ ਬਹਾਦਰ! ਬਾਬਿਓ, ਮੈਨੂੰ ਤਾਂ ਸੁਣਕੇ ਈ ਹਾਸਾ ਆਉਂਦੈ... ਬੜੀ ਜ਼ੋਰ ਦਾ... ਸੱਚੀਂ, ਮਸੇਂ ਰੋਕਿਐ, ਜਨਾਬ!" ਪਰ ਰੁਕਿਆ ਕੁਝ ਵੀ ਨਹੀਂ ਸੀ। ਸਿਪਾਹੀ ਬਹਾਦਰ ਸਿੰਘ ਬਿਨਾਂ ਬ੍ਰੇਕ ਹੱਸੀ ਜਾ ਰਿਹਾ ਸੀ ਤੇ ਹਿੱਲਦੀ ਗੋਗੜ ਨੇ

ਬ੍ਰੇਕ ਫੇਲ੍ਹ ਹੋਏ ਟਰੱਕ ਵਾਂਗ ਉਸਨੂੰ ਵਖਤ ਪਾ ਰੱਖਿਆ ਸੀ। ਗੋਗੜ ਸਾਂਭੇ ਕਿ ਸਾਹ...?

ਸਾਹਬ ਬਹਾਦਰ ਵੀ ਲੋਲਜ਼...! ਮਤਲਬ ਠਹਾਕਾ ਮਾਰ ਕੇ ਹੱਸਿਆ।

"ਕਰਾਚੀ ਤਾਂ ਫੇਰ ਜਾਣਾ ਈ ਹੋਇਆ ਸਾਹਬ ਬਹਾਦਰ...। ਐਟਮ-ਉਟਮ ਬੰਬ ਸਸਤੇ ਮਿਲ ਜਾਂਦੇ ਹੋਣੇ ਉੱਧਰ। ਸੁਣਿਐ, ਪਾਕਿਸਤਾਨ ਕੋਲ਼ ਤਾਂ ਹੈਣ ਈ ਬਹੁਤ। ਜੁਆਕ ਵੀ ਉੱਥੇ ਬੰਟੇ ਨ੍ਹੀਂ ਖੇਡਦੇ ਜਨਾਬ, ਬੰਬਾਂ ਨਾਲ ਈ ਖੇਡਦੇ ਨੇ ਅੰਟ-ਪਿੱਲਾ... ਇੰਝ...!" ਬਹਾਦਰ ਸਿੰਘ ਨੇ ਖੱਬੇ ਹੱਥ ਦੀ ਵੱਡੀ ਉਂਗਲੀ ਨੂੰ ਸੱਜੇ ਹੱਥ ਦੀਆਂ ਉਂਗਲਾਂ ਤੇ ਅੰਗੂਠੇ ਵਿਚਾਲੇ ਲੈ ਕੇ ਬੰਟੇ ਖੇਡਣ ਵਾਂਗ ਕਰਦਿਆਂ ਕਿਹਾ।

ਸਾਹਬ ਬਹਾਦਰ ਉਸ ਵੱਲ ਕੌੜਾ ਜਿਹਾ ਝਾਕਿਆ ਤਾਂ ਸਿਪਾਹੀ ਨੇ ਸਲੂਟ ਮਾਰ ਕੇ ਅਟੈਨਸ਼ਨ ਹੁੰਦਿਆਂ ਕਿਹਾ, "ਜਨਾਬ...!"

ਬਾਬਾ ਸੋਚ ਰਿਹੈ ਕਿ ਲਾਹੌਰ ਹੋਵੇ ਭਾਵੇਂ ਕਰਾਚੀ, ਅਜਿਹੀ ਕੋਈ ਸਮੱਸਿਆ ਪਹਿਲਾਂ ਤਾਂ ਉਹਨੂੰ ਕਿਤੇ ਵੀ ਨਹੀਂ ਆਈ ਸੀ।

ਦੂਜਾ ਸਿਪਾਹੀ ਜੋ ਪਿੱਛੇ ਖੜ੍ਹਾ ਸੀ, ਨੇ, "ਬੋਲ ਬਾਣੀ ਤੋਂ ਤਾਂ ਬਾਬਾ ਸੰਗਰੂਰ ਵੱਲ ਦਾ ਲੱਗਦਾ ਏ, ਜਨਾਬ...।" ਕਹਿੰਦਿਆਂ ਕੋਲ ਖੜ੍ਹੇ ਵੱਡੇ ਸਾਹਬ ਵੱਲ ਅਰਥਪੂਰਨ ਨਜ਼ਰਾਂ ਨਾਲ ਤੱਕਿਆ। ਵੱਡੇ ਸਾਹਬ ਨੇ ਵੀ ਉਸੇ ਤਰ੍ਹਾਂ ਦੀਆਂ ਨਜ਼ਰਾਂ ਨਾਲ ਜਵਾਬ ਦਿੱਤਾ।

"ਆਹੋ ਜਨਾਬ, ਮਾਲਵੇ ਆਲ਼ੇ ਮੇਰੇ ਸਾਲ਼ੇ, ਉਂਝ ਵੀ ਬਓ ਤਕੜੇ ਖਾੜਕੂ ਹੁੰਦੇ ਨੇ...।" ਬਹਾਦਰ ਸਿੰਘ ਨੇ ਫੇਰ ਆਪਣਾ ਗਿਆਨ ਪੇਸ਼ ਕੀਤਾ।

ਫੇਰ ਵੱਡੇ ਸਾਹਬ ਤੇ ਉਸਨੇ ਇਕੱਠਿਆਂ ਹੀ ਸਵਾਲੀਆ ਨਜ਼ਰਾਂ ਨਾਲ ਬਾਬੇ ਵੱਲ ਤੱਕਿਆ। ਬਾਬਾ ਤਾਂ ਬਸ ਬੌਂਦਲ ਚੁੱਕਾ ਸੀ। ਫਿਰ ਵੀ ਸਵਾਲ ਸਮਝ ਕੇ ਜਵਾਬ ਦਿੱਤਾ, "ਹੁਣ ਤਾਂ ਮੈਂ ਪੱਟੀ ਤੋਂ ਆ ਰਿਹਾਂ, ਬੇਟਾ ਜੀ।"

"ਪੱਟੀ ਤੋਂ?"

"ਹਾਂ ਜੀ, ਆਪਣੀ ਕਲਮ ਤੇ ਆਪਣੀ ਫੱਟੀ, ਆਪਣੇ ਕਰਮਾਂ ਦੇ ਵਿਚ ਪੱਟੀ...।"

"ਮਤਲਬ ਤਰਨਤਾਰਨ ਇਲਾਕਾ? ਕੌਣ ਏ ਉੱਥੇ ਤੇਰਾ?"

"ਉੱਥੇ ਜੀ, ਮੇਰਾ ਖ਼ਾਸ ਮਿੱਤਰ ਐ।"

"ਖ਼ਾਸ ਮਿੱਤਰ? ਕੀ ਨਾਂ ਐ ਉਹਦਾ?"

ਬਾਬੇ ਨੇ ਆਪਣੇ ਪੱਟੀ ਵਾਲੇ ਮਿੱਤਰ ਦਾ ਨਾਂ ਦੱਸਿਆ ਤਾਂ, "ਬਹਾਦਰ, ਕਰ ਉਹਦਾ ਨਾਂ ਨੋਟ!" ਕਹਿੰਦਿਆਂ ਵੱਡਾ ਸਾਹਬ ਗੱਜਿਆ।

ਫਿਰ ਵੱਡੇ ਸਾਹਬ ਤੇ ਬਹਾਦਰ ਸਿੰਘ ਨੇ ਇਕ ਦੂਜੇ ਵੱਲ ਜਿਸ ਤਰ੍ਹਾਂ ਤੱਕਿਆ ਉਨ੍ਹਾਂ ਨੂੰ ਨਿਸ਼ਚੇ ਹੀ ਸ਼ੱਕੀ ਨਜ਼ਰਾਂ ਕਿਹਾ ਜਾ ਸਕਦਾ ਸੀ। ਅੱਜਕਲ੍ਹ ਤਾਂ ਘੱਟ ਵਰਤੀਆਂ ਜਾਂਦੀਆਂ, ਕਾਲ਼ੇ ਸਮਿਆਂ 'ਚ ਅਜਿਹੀਆਂ ਨਜ਼ਰਾਂ ਅੰਤਮ ਕਾਰਵਾਈ ਦਾ ਇਸ਼ਾਰਾ ਹੋਇਆ ਕਰਦੀਆਂ ਸੀ।

"ਕਰਾਚੀ, ਲਾਹੌਰ, ਪੱਟੀ, ਭਦੌੜ, ਬਰਨਾਲਾ...! ਸਾਹਬ ਬਹਾਦਰ, ਇਸ ਤੋਂ ਪਹਿਲਾਂ ਕਿ ਇਹ ਕਹੇ, ਮੈਂ ਭਿੰਡਰਾਂਵਾਲਾ ਹਾਂ, ਮੈਨੂੰ ਦਿਓ ਹੁਕਮ...!" ਬਹਾਦਰ ਸਿੰਘ ਬਹਾਦਰੀ ਦਿਖਾਉਣ ਲਈ ਬਾਂਹਾਂ ਚਾੜ੍ਹਨ ਲੱਗਾ।

ਵੱਡੇ ਸਾਹਬ ਨੇ ਸਿਪਾਹੀ ਨੂੰ ਸ਼ਾਂਤ ਰਹਿਣ ਦੇ ਇਸ਼ਾਰੇ ਨਾਲ ਬਾਹਰ ਭੇਜ ਦਿੱਤਾ। ਆਪ ਐਂਟੀਕ ਕੁਰਸੀ 'ਤੇ ਬਹਿ ਗਿਆ। ਬਾਬਾ ਤਾਂ ਹੌਸਲੇ ਦਾ ਭੰਡਾਰ ਸੀ। ਜ਼ਰਾ ਮੌਕਾ ਮਿਲਿਆ ਨਹੀਂ ਕਿ ਉਸਦਾ ਹੱਥ ਝੱਟ ਜੇਬ 'ਚ ਚਲਿਆ ਗਿਆ। ਇਕੰਨੀ ਨੂੰ ਟੋਹੰਦਿਆਂ ਬੋਲਿਆ, "ਬੇਟਾ ਜੀ, ਸੁਣਿਐ ਅੱਜਕਲ੍ਹ ਪੁਲੀਸ ਰਿਸ਼ਵਤ ਵੀ ਲੈਂਦੀ ਐ? ਮੇਰੇ ਕੋਲ਼ ਤਾਂ ਇਹ ਇਕੰਨੀ...।"

"ਸ਼ਟਅੱਪ!" ਬਾਬੇ ਵੱਲੋਂ ਆਪਣੀ ਗੱਲ ਪੂਰੀ ਕਰਨ ਤੋਂ ਪਹਿਲਾਂ ਹੀ ਵੱਡੇ ਸਾਹਬ ਨੇ ਡੰਡਾ ਜ਼ੋਰ ਨਾਲ ਐਂਟੀਕ ਕੁਰਸੀ ਦੇ ਹੱਥੇ 'ਤੇ ਮਾਰਦਿਆਂ 'ਸ਼ਟਅੱਪ' ਇੰਝ ਬੋਲਿਆ, ਜਿਵੇਂ ਕਹਿ ਰਿਹਾ ਹੋਵੇ, 'ਇਕੰਨੀਆਂ-ਦੁਅੰਨੀਆਂ ਨਾਲ ਟਰਕਾਉਣਾ ਚਾਹੁੰਦੈਂ...?' ਤੇ ਇਕੰਨੀ ਕਾਫੀ ਚਿਰ ਠੰਡੇ ਫਰਸ਼ 'ਤੇ ਗੋਲ਼-ਗੋਲ਼ ਘੁੰਮ ਕੇ ਰੁੜ੍ਹਦੀ ਹੋਈ ਇਕ ਖੂੰਜੇ 'ਚ ਜਾ ਕੇ ਰੁਕ ਗਈ ਸੀ।

ਟੁੱਟਣ-ਚਟਕਣ ਦੀ ਕੋਈ ਆਵਾਜ਼ ਤਾਂ ਨਹੀਂ ਆਈ, ਪਰ ਲੱਗਿਆ, ਇਸ ਤਰ੍ਹਾਂ ਦੇ ਰੁੱਖੇ ਤੇ ਬੇਅਦਬੀ ਵਾਲੇ ਸਲੂਕ ਨਾਲ ਬਾਬੇ ਦਾ ਦਿਲ ਟੁੱਟ ਗਿਐ। ਵੱਡੇ ਸਾਹਬ ਨੂੰ ਵੀ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਉਹ ਸ਼ਾਂਤ ਤੇ ਸਤਿਕਾਰ ਵਾਲੇ ਲਹਿਜੇ ਵਿਚ ਪੁੱਛਣ ਲੱਗਾ, "ਬਾਬਾ ਜੀ...?" ਤੇ ਫੇਰ ਠੰਡੇ ਫਰਸ਼ 'ਤੇ ਪਏ ਝੋਲੇ ਵੱਲ ਦੇਖਿਆ, ਜਿਸ ਵਿਚ ਬਹੁਤ ਵੱਡਾ ਪਿਤਰੀ ਖਜ਼ਾਨਾ ਸੀ, ਜਿਸ ਪਿਤਰੀ ਖਜ਼ਾਨੇ ਬਾਰੇ ਪਹਿਲਾਂ ਕਦੇ ਕਿਸੇ ਨੇ ਸੋਚਿਆ ਵੀ ਨਹੀਂ ਸੀ।

ਜ਼ਰਾ ਰੁਕ ਕੇ ਕੁਝ ਸੋਚਦਿਆਂ ਤੇ ਝੋਲੇ ਵੱਲ ਦੇਖਦਿਆਂ ਬੋਲਿਆ, "ਚਲ ਮੰਨ ਲਿਆ ਬਈ ਇਹ ਹੋਲਡਰ ਪੈੱਨ ਤੇ ਚੈਲਪਾਰਕ ਦੀ ਸਿਆਹੀ ਤਾਂ ਲਿਖਣ ਵਾਸਤੇ ਹੈ, ਪਰ ਇਹ ਬਲੇਡ ਤੇ ਲੇਵੀ ਵਰਗੀ ਚੀਜ਼? ਪਲੀਜ਼...!"

ਸਵਾਲ ਸੁਣ ਕੇ ਬਾਬੇ ਦੇ ਚਿਹਰੇ 'ਤੇ ਰੌਣਕ ਆ ਗਈ ਤੇ, "ਦੱਸਦਾਂ, ਹੁਣੇ ਦੱਸਦਾਂ ਬੇਟਾ ਜੀ।" ਕਹਿੰਦਿਆਂ ਬਾਬੇ ਨੇ ਠੰਡੇ ਫਰਸ਼ 'ਤੇ ਪਿਆ ਆਪਣਾ ਝੋਲ਼ਾ ਤਪਾਕ ਨਾਲ ਚੁੱਕ ਲਿਆ। ਬੁੱਢਾ ਤਾਂ ਇਕਦਮ ਕਾਇਮ, ਕਿਵੇਂ ਸਹਿਮਿਆ-ਸੁੰਗੜਿਆ ਬੈਠਾ ਸੀ...!

ਝੋਲੇ 'ਚੋਂ ਚੇਪੀਆਂ ਵਾਲੀ ਕਾਪੀ ਕੱਢਦਿਆਂ ਬੋਲਿਆ, "ਦੱਸਾਂਗਾ, ਸਭ ਕੁਝ ਦੱਸਾਂਗਾ। ਪਹਿਲਾਂ ਅਹਿ ਸੁਣਿਓ ਜ਼ਰਾ, ਇਕ ਛੋਟਾ ਜਿਹਾ ਪੀਸ ਹੈ...। ਆਪਣੇ ਸੁਝਾਅ ਵੀ ਦੇਣਾ...।"

ਪੀਸ ਕੀ, ਚੰਗਾ ਭਲਾ ਥਾਨ ਸੁਣਾ ਕੇ ਬਾਬਾ ਪੁੱਛਦਾ, "ਕਿਵੇਂ ਲੱਗਾ? ਜ਼ਰਾ ਆਪਣੀ ਕੀਮਤੀ ਰਾਇ ਤਾਂ ਦਿਓ।" ਤੇ ਪੈਨਸਿਲ ਕੱਢ ਕੇ ਬੜੀ ਬੇਸਬਰੀ ਨਾਲ ਆਪਣੇ ਪਿਆਰੇ ਸ੍ਰੋਤੇ ਵੱਲ ਦੇਖਣ ਲੱਗਾ।

ਵੱਡਾ ਸਾਹਬ ਅਜੀਬ ਸਥਿਤੀ ਵਿਚ ਫਸਿਆ ਮਹਿਸੂਸ ਕਰ ਰਿਹਾ ਸੀ। ਉਸਨੇ ਖਿਝ ਕੇ ਆਪਣਾ ਸਿਰ ਫੜ ਲਿਆ।

"ਦੱਸੋ, ਨਿਧੜਕ ਦੱਸੋ ਬੇਟਾ ਜੀ, ਮੈਨੂੰ ਚੰਗਾ ਲੱਗੇਗਾ।" ਕੁਝ ਦੇਰ ਪਹਿਲਾਂ ਤਕ ਸਹਿਮੇ-ਸੁੰਗੜੇ ਬੈਠੇ ਬਾਬੇ ਦੀ ਦਾੜ੍ਹੀ ਦਾ ਜਲੌਅ ਹੁਣ ਦੇਖਣ ਵਾਲਾ ਸੀ ਤੇ ਉਹ ਇਉਂ ਲੱਗ ਰਿਹਾ ਸੀ, ਜਿਵੇਂ ਥਾਣੇ 'ਚ ਨਹੀਂ, ਕਿਸੇ ਪਬਲਿਸ਼ਰ ਦੇ ਦਫਤਰ ਵਿਚ ਬੈਠਾ ਆਪਣੀ ਕਿਤਾਬ ਦੇ ਪਰੂਫ ਪੜ੍ਹ ਰਿਹਾ ਹੋਵੇ।

"ਚੰਗਾ ਤਾਂ ਬਾਬਾ ਜੀ ਮੈਨੂੰ ਵੀ ਲੱਗੇਗਾ ਜੇ ਤੁਸੀਂ ਦੱਸ ਦੇਵੋਂ ਕਿ ਇਹ ਬਲੇਡ ਤੇ ਲੇਵੀ ਵਰਗੀ ਚੀਜ਼ ਕਿਉਂ ਲਈਂ ਫਿਰਦੇ ਓਂ...?" ਉਸਨੇ ਦੰਦੀਆਂ ਪੀਹੰਦਿਆਂ ਤੇ ਖੁਦ 'ਤੇ ਫੁੱਲ ਕੰਟਰੋਲ ਰੱਖਦਿਆਂ ਇਕ-ਇਕ ਸ਼ਬਦ ਚੱਬ-ਚੱਬ ਕੇ ਬੋਲਿਆ।

"ਮੇਰਾ ਪੀਸ ਸੁਣ ਕੇ ਜਦੋਂ ਕੋਈ ਸੁਝਾਅ ਦਿੰਦਾ ਹੈ ਬੇਟਾ ਜੀ, ਮੈਂ ਚੇਪੀ 'ਤੇ ਲਿਖਿਆ ਉਹ ਸੁਝਾਅ ਕਾਪੀ 'ਚ ਸੰਬੰਧਤ ਥਾਂ 'ਤੇ ਚਿਪਕਾ ਦਿੰਦਾ ਹਾਂ, ਪਰ ਛੇਤੀ ਹੀ ਉਸਨੂੰ ਬਲੇਡ ਨਾਲ ਉਖਾੜ ਵੀ ਦਿੰਦਾ ਹਾਂ... ਨਵੇਂ ਸੁਝਾਅ ਲਈ ਥਾਂ ਤਾਂ ਬਣਾਉਣੀ ਹੋਈ ਨਾ...।"

ਇਹ ਰਾਜ਼ ਦੱਸਦਿਆਂ ਬਾਬੇ ਦੀ ਦਾੜ੍ਹੀ ਦੇ ਨਾਲ-ਨਾਲ ਉਸਦੀਆਂ ਅੱਖਾਂ ਵੀ ਮੁਸਕਰਾ ਰਹੀਆਂ ਸੀ ਤੇ ਬੁਲ੍ਹਾਂ 'ਤੇ ਖੇਡ ਰਿਹਾ ਸੀ ਗ਼ਮਗੀਨ ਹਾਸਾ, ਮੌਲਿਆ ਹੋਇਆ।

ਯਕਦਮ ਮੈਨੂੰ ਇਕ ਖ਼ੁਸ਼ਫਹਿਮਾ ਆਭਾਸ ਜਿਹਾ ਹੋਇਆ। ਇਹ ਭਰਮ ਵੀ ਹੋ ਸਕਦੈ ਤੇ ਸੱਚ ਵੀ ਕਿ ਨੈ ਜਾਣੀਏਂ ਕਿੰਝ ਇਹ ਅਣਹੋਣੀ ਵਾਪਰੀ, ਨੀਮ ਹਨੇਰੇ ਬੰਦ ਕਮਰੇ ਵਿਚ ਵੱਡਾ ਸਾਹਬ ਬਾਬੇ ਦੇ ਪੈਰੀਂ ਪਿਆ ਹੋਇਐ ਤੇ ਆਪਣੇ ਹੰਝੂਆਂ ਨਾਲ ਉਸਦੇ ਪੈਰਾਂ 'ਤੇ ਤਹਿ ਬਣ ਕੇ ਜੰਮੀ ਹੋਈ ਮੈਲ ਲਾਹ ਰਿਹੈ... ਤੇ ਜੌਹਰੀ ਤੇ ਮਦਾਰੀ ਦੇ ਭੇਦ ਤੋਂ ਨਾਵਾਕਫ ਲੋਕਾਂ ਕੋਲ ਦੀ, ਬਾਬਾ ਉਨ੍ਹਾਂ ਨੂੰ ਮੁਆਫ ਕਰਕੇ, ਉਦਾਸ ਲੰਘਿਆ ਜਾ ਰਿਹੈ...।

ਜੇ ਅਜਿਹਾ ਹੁੰਦਾ ਤਾਂ ਕਿੰਨਾ ਚੰਗਾ ਹੁੰਦਾ। ਪਰ ਖ਼ੁਸ਼ਫਹਿਮੀਆਂ ਕਿੰਨਾ ਕੁ ਚਿਰ ਪਾਲੀਆਂ ਜਾ ਸਕਦੀਆਂ ਨੇ। ਚਾਣਚੱਕ ਮੇਰਾ ਭਰਮ ਟੁੱਟਿਆ। ਮੈਂ ਦੇਖਿਆ, ਵੱਡਾ ਸਾਹਬ ਸਵਿੱਚ ਬੋਰਡ ਕੋਲ ਖੜ੍ਹਾ ਬਾਬੇ ਦੇ ਸਿਰ 'ਤੇ ਪੁੱਠੇ ਲਟਕ ਰਹੇ ਲੋਹੇ ਦੇ ਬੱਠਲ 'ਚ ਜਗਦੇ ਦੋ ਸੌ ਵਾਟ ਦੇ ਮੈਲ਼ੇ ਜਿਹੇ, ਪੀਲ਼ੇ ਬਲਬ ਨੂੰ ਜਗਾ, ਬੁਝਾ ਰਿਹੈ।

ਹਰ ਮੌਕੇ ਤੇ ਮਾਹੌਲ ਦਾ ਆਪਣਾ ਇਕ ਢੁਕਵਾਂ ਸੰਗੀਤ ਹੁੰਦੈ। ਉਸ ਸਮੇਂ ਜਿਹੜਾ ਸੰਗੀਤ ਮੇਰੇ ਕੰਨਾਂ ਥਾਂਈਂ ਦਿਲ ਦੀਆਂ ਗਹਿਰਾਈਆਂ 'ਚ ਉਤਰ ਰਿਹਾ ਸੀ, ਉਸ ਵਿਚ ਸਾਰੰਗੀ, ਹਰਮੋਨੀਅਮ ਜਾਂ ਕੋਈ ਲੋਕ ਸਾਜ਼ ਨਹੀਂ ਬਲਕਿ ਕਿਸੇ ਬਿਰਹਨ ਦੀ ਲੰਮੀ ਹੂਕ ਸੁਣਾਈ ਦੇ ਰਹੀ ਸੀ। ਸਿਰਫ ਹੂਕ... ਹੋਰ ਕੁਝ ਨਹੀਂ। ਜਿਵੇਂ ਸੀਸਾ ਘੁਲ਼ ਕੇ ਕੰਨਾਂ 'ਚ ਪੈ ਰਿਹਾ ਹੋਵੇ। ਜ਼ਰਾ ਸੋਚੋ, ਪਿੱਠਭੂਮੀ 'ਚੋਂ ਉਦੋਂ ਕਿਸ ਲੋਕਗੀਤ ਦੇ ਬੋਲ ਉਭਰੇ ਹੋਣੇ?

ਮੇਰੇ ਵਰਗੇ ਗਲੋਬਲ ਪਿੰਡ ਦੇ ਵਾਸੀ ਦੀ ਕਲਪਨਾ ਤੋਂ ਅੱਗੇ ਦੀ ਕੋਈ ਗੱਲ-ਬਾਤ ਵੀ ਹੋ ਸਕਦੀ ਸੀ। ਸੋ ਮੈਂ ਫੇਰ ਨੈੱਟ ਟਰਾਈ ਕੀਤਾ। ਆਭਾਸੀ ਸੰਸਾਰ ਤੋਂ ਹੀ ਸਹੀ, ਬਈ ਪਤਾ ਤਾਂ ਚੱਲੇ, ਯਥਾਰਥ ਕੀ ਹੈ? ਅਸਲ ਕਹਾਣੀ ਕੀ ਹੈ?

ਫੇਸਬੁਕ ਖੁੱਲ੍ਹ ਗਈ। ਅਣਗਿਣਤ ਲਾਇਕਾਂ, ਕੁਮੈਂਟਾਂ ਤੇ ਸ਼ੇਅਰਾਂ ਨਾਲ ਲੱਦ ਚੁੱਕੀ ਇਹ ਪੋਸਟ 'ਪੰਜਾਬੀ ਸਾਹਿਤ ਸਭਾ ਫੇਸਬੁਕ' ਵੱਲੋਂ ਪਾਈ ਹੋਈ ਸੀ, 'ਦਵਿੰਦਰ ਸਤਿਆਰਥੀ ਨਵੇਂ ਬਣੇ 'ਮਹਿਲਾ ਸੈਕਸੂਅਲ ਹਰਾਸਮੈਂਟ ਕਾਨੂੰਨ' ਤਹਿਤ ਗਿਰਫਤਾਰ...!' ਤੇ ਇਸ ਪੋਸਟ ਨਾਲ ਵ੍ਹਾਟਸਐਪ 'ਤੇ ਵਾਇਰਲ ਹੋ ਚੁੱਕੀ, ਕਿਸੇ ਸੋਹਣੀ ਕੁੜੀ ਵੱਲੋਂ ਉਨ੍ਹਾਂ ਨਾਲ ਖਿੱਚੀ ਹੋਈ ਸੈਲਫੀ ਅਟੈਚ ਕੀਤੀ ਹੋਈ ਸੀ। ਸੈਲਫੀ 'ਤੇ ਫੋਟੋਸ਼ੌਪ ਨਾਲ 'ਪੌਰਾਣ ਪਾਤਰ' ਤੇ ਨਾਲ 'ਐੱਲ.ਓ.ਐੱਲ...!' ਲਿਖਿਆ ਹੋਇਆ ਸੀ।

ਪੋਸਟ 'ਚ ਅੱਗੇ ਵੇਰਵਾ ਸੀ- 'ਸੁਣਿਐ ਕਿਸੇ ਕੁੜੀ ਦੇ ਪਹਿਰਾਵੇ ਮਤਲਬ ਉਸਦੇ ਡਿਜ਼ਾਇਨਰ ਵਸਤਰਾਂ ਦੇ ਨਾਂਵਾਂ ਬਾਰੇ ਜਾਣਕਾਰੀ ਚਾਹੁੰਦਾ ਸੀ ਤੇ ਉਸਦੇ ਮੋਬਾਇਲ 'ਚ ਗੂੰਜ ਰਹੇ ਸੁਪਰ ਫਾਸਟ ਸੰਗੀਤ 'ਚੋਂ ਲੋਕ ਗੀਤ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ... ਐੱਲ.ਓ.ਐੱਲ.!'

'ਓ ਤੇਰੀ...!' ਮੈਂ ਵੀ ਠਹਾਕਾ ਮਾਰ ਕੇ ਹੱਸਣਾ ਚਾਹਿਆ... ਪਰ... ਮੇਰਾ ਹਾਸਾ ਤਾਂ ਰੁਦਨ ਵਿਚ ਤਬਦੀਲ ਹੁੰਦਾ ਜਾ ਰਿਹਾ ਸੀ... ।❑❑

{ਮਕਾਨ ਨੰਬਰ 420, ਸੈਕਟਰ-16, ਹਿਸਾਰ-125005 ਫੋਨ 094162-35210}

ਸਮਝਦੇ ਤਾਂ ਹਾਂ... : ਕਹਾਣੀ : ਗਗਨਦੀਪ ਸ਼ਰਮਾ

'ਐਂਡ ਆਫ਼ ਏ ਲੌਂਗ ਟ੍ਰਿਪ। ਜਸਟ ਰੀਚਡ ਹੋਮ। ਫੀਲਿੰਗ ਵਾਓ'[1], ਜਿੰਨੀ ਦੇਰ 'ਚ ਡੋਰ ਬੈੱਲ ਸੁਣ ਕੇ ਕੋਈ ਦਰਵਾਜ਼ਾ ਖੋਲ੍ਹੇ, ਅਰਾਧਿਆ ਨੇ ਫੇਸਬੁੱਕ 'ਤੇ ਸਟੇਟਸ ਅਪਡੇਟ ਕਰ ਦਿੱਤਾ ਹੈ। ਇਸ ਵੇਲੇ ਉਸਦੇ ਮੌਮ-ਡੈਡ ਤਾਂ ਆਪੋ-ਆਪਣੇ ਆਫ਼ਿਸ ਗਏ ਹੋਣੇ, ਨੈਨਾ ਹੀ ਘਰ ਹੋਣੀ। ਚਲੋ ਇਹ ਵੀ ਚੰਗਾ ਹੈ, ਮੌਮ ਨੇ ਫੁੱਲ ਟਾਈਮ ਕੰਮ ਵਾਲੀ ਰੱਖ ਲਈ। ਪਹਿਲਾਂ ਤਾਂ ਅਰਾਧਿਆ ਟੂਰਿੰਗ ਤੋਂ ਮੁੜਦੀ ਸੀ ਤਾਂ ਕੋਈ ਦਰਵਾਜ਼ਾ ਖੋਲ੍ਹਣ ਵਾਲਾ ਵੀ ਨਹੀਂ ਸੀ ਹੁੰਦਾ। ਸੌਫਟਵੇਅਰ ਇੰਡਸਟਰੀ ਵਿਚ ਟੂਰਿੰਗ ਦਾ ਕੰਮ ਹੈ ਵੀ ਬਹੁਤ ਜ਼ਿਆਦਾ।

'ਨਮਸਤੇ ਦੀਦੀ', ਨੈਨਾ ਨੇ ਦਰਵਾਜ਼ਾ ਖੋਲ੍ਹਿਆ ਹੈ। 'ਹਾਏ ਨੈਨਾ', ਅਰਾਧਿਆ ਜਵਾਬ ਦੇ ਕੇ ਫਟਾ-ਫਟ ਆਪਣੇ ਕਮਰੇ ਵਿਚ ਆ ਗਈ ਹੈ। ਬੈਗ ਬੈਡ 'ਤੇ ਸੁੱਟਿਆ ਹੈ ਤੇ ਆਪ ਸ਼ੀਸ਼ੇ ਮੂਹਰੇ ਆ ਖੜ੍ਹੀ ਹੈ।

ਮੋਬਾਇਲ 'ਤੇ ਟਕ-ਟਕ ਲਗਾਤਾਰ ਵੱਜੀ ਜਾ ਰਹੀ ਹੈ, ਘੜੀ ਦੀ ਟਿਕ ਟਿਕ ਵਾਂਗ। ਅਰਾਧਿਆ ਨੂੰ ਪਤਾ ਹੈ ਇਹ ਸਭ ਫੇਸਬੁੱਕ ਦੇ ਨੋਟੀਫਿਕੇਸ਼ਨ ਹੀ ਨੇ। ਅੱਜਕੱਲ੍ਹ ਫੇਸਬੁੱਕ 'ਤੇ ਉਸਦੀ ਫੌਲੋਇੰਗ ਏਨੀ ਵਧ ਗਈ ਹੈ ਕਿ ਲੋਕ ਪੂਰਾ ਟ੍ਰੈਕ ਰੱਖਦੇ ਨੇ ਉਸਦਾ ਕਦੋਂ ਕਿੱਥੇ ਹੈ, ਕਦੋਂ ਕਿੱਥੇ ਪਹੁੰਚ ਗਈ ਤੇ ਕਦੋਂ ਕਿੱਥੇ ਮੁੜ ਆਈ। ਉਸਨੇ ਮੋਬਾਇਲ ਚੁੱਕ ਕੇ ਦੋਬਾਰਾ ਫੇਸਬੁੱਕ ਖੋਲ੍ਹੀ ਹੈ। ਓ ਮਾਈ ਗੌਡ। ਅਠਾਰਾਂ ਲਾਈਕਸ ਤੇ ਬਾਰਾਂ ਕੁਮੈਂਟਸ। ਹਾਲੇ ਦੋ ਮਿੰਟ ਨਹੀਂ ਹੋਏ ਸਟੇਟਸ ਅਪਡੇਟ ਕੀਤੇ ਨੂੰ। ਕਿੰਨੀ ਪੌਪੂਲਰ ਹੈ ਅਰਾਧਿਆ, ਸੋਸ਼ਲ ਮੀਡੀਆ 'ਤੇ। ਹੁਣ ਇਹ ਸਾਰੇ ਉਸਦੇ ਪੂਨੇ ਦੇ ਟੂਰ ਦੀਆਂ ਫੋਟੋਆਂ ਉਡੀਕਦੇ ਹੋਣੇ। ਟੂਰ ਆਫ਼ੀਸ਼ੀਅਲ ਹੋਵੇ ਜਾਂ ਪਰਸਨਲ, ਉਹ ਫੋਟੋਆਂ ਬੇਹੱਦ ਖਿੱਚਦੀ ਹੈ। ਪੋਰਟ੍ਰੇਟ, ਪੋਜ਼, ਲੈਂਡਸਕੇਪ ਤੇ ਸੈਲਫੀ ਸਭ ਚੱਲਦਾ ਹੈ। ਜ਼ਿਆਦਾਤਰ ਫੋਟੋਆਂ ਤਾਂ ਅਰਾਧਿਆ ਖਿੱਚਦੇ ਸਾਰ ਹੀ ਅਪਲੋਡ ਕਰ ਦਿੰਦੀ ਹੈ। ਕੁਮੈਂਟਸ ਵੀ ਢੇਰਾਂ ਦੇ ਢੇਰ ਆਉਂਦੇ ਨੇ। ਦੋ ਸੌ ਕੁਮੈਂਟਸ ਆ ਜਾਣਾ ਤਾਂ ਆਮ ਜਿਹੀ ਗੱਲ ਹੈ। ਇਕ ਵਾਰ ਤਾਂ ਚਾਰ ਸੌ ਤੋਂ ਉੱਪਰ ਕੁਮੈਂਟਸ ਹੋ ਗਏ ਸੀ। ਤੇ ਲਾਈਕਸ - ਓ ਓ ਲਾਈਕਸ ਦਾ ਤਾਂ ਪੁੱਛੋ ਹੀ ਨਾ। ਬੱਸ ਪੁੱਛੋ ਹੀ ਨਾ।

ਟਕ...ਟਕ...ਟਕ...ਨੋਟੀਫਿਕੇਸ਼ਨਜ਼ ਚੱਲੀ ਜਾ ਰਹੇ ਨੇ।ਵਾਓ। ਪੈਂਤੀ ਕੁਮੈਂਟਸ, ਇਕਵੰਜਾ ਲਾਈਕਸ। 'ਵੈਲਕਮ ਬੈਕ ਬੇਬੀ, ਐਨਜੁਆਏ ਦ ਡੇਅ'[2], ਮੌਮ ਨੇ ਆਫ਼ਿਸ 'ਚੋਂ ਹੀ ਸਵਾਗਤ ਕਰ ਦਿੱਤੈ ਅਰਾਧਿਆ ਦਾ। ਹੋਰ ਕਰਨ ਵੀ ਕੀ ਵਿਚਾਰੇ। ਪ੍ਰਾਈਵੇਟ ਬੈਂਕਾਂ ਦੀ ਨੌਕਰੀ ਕੋਈ ਸਰਕਾਰੀ ਵਰਗੀ ਤਾਂ ਹੈ ਨਹੀਂ। ਉਹ ਵੀ ਰਿਜਨਲ ਆਫ਼ਿਸ ਵਿਚ। ਸੱਤ ਵਜੇ ਤੋਂ ਪਹਿਲਾਂ ਨਿਕਲ ਨਹੀਂ ਪਾਉਂਦੇ ਕਦੇ। ਸਾਰਾ ਦਿਨ ਕੰਪਿਊਟਰ 'ਤੇ ਗਾਹਕ ਦਾ ਕੰਮ ਕਰੀ ਜਾਓ। ਆਪਣੀ ਫੇਸਬੁੱਕ ਵੀ ਨਹੀਂ ਵੇਖ ਪਾਉਂਦਾ ਬੰਦਾ। ਈਮੇਲ ਦੀ ਤਾਂ ਗੱਲ ਹੀ ਛੱਡੋ। ਇਹ ਤਾਂ ਸ਼ੁਕਰ ਹੈ ਸਮਾਰਟ ਫ਼ੋਨ ਆ ਗਏ, ਮੌਮ ਨੂੰ ਫੇਸਬੁੱਕ ਵੇਖਣ ਨੂੰ ਮਿਲ ਜਾਂਦੀ ਹੈ, ਨਹੀਂ ਤਾਂ ਬੰਦਾ ਕੱਟਿਆ ਹੀ ਜਾਵੇ ਪੂਰੇ ਸੰਸਾਰ ਤੋਂ, ਪੁਰਾਣੇ ਸਮਿਆਂ ਵਾਂਗ, ਅਰਾਧਿਆ ਨੇ ਸੋਚਿਐ।

ਉਸਦੇ ਡੈਡ ਵੀ ਤਾਂ ਕੱਟੇ ਹੀ ਰਹਿੰਦੇ ਨੇ ਸੰਸਾਰ ਤੋਂ ਵੈਸੇ। ਰੀਅਲ-ਐਸਟੇਟ[3] ਦਾ ਬਿਜ਼ਨਸ, ਉਫ਼। ਕਿਸੇ ਵੀ ਟਾਈਮ ਗਾਹਕ ਦਾ ਫ਼ੋਨ ਆ ਜਾਂਦਾ। ਆਪਣੇ ਲਈ ਕੋਈ ਸਮਾਂ ਹੀ ਨਹੀਂ। ਬੰਦਾ ਏਨਾ ਬਿਜ਼ਨਸ-ਮਾਈਂਡਡ ਹੋ ਕੇ ਕਿਵੇਂ ਜੀਅ ਸਕਦਾ। ਨੋ ਫੇਸਬੁੱਕਿੰਗ, ਨਥਿੰਗ ਐਟ ਆਲ[4]। ਅਜੀਬ ਹੀ ਨੇ ਪਾਪਾ ਵੀ, ਇਹ ਸੋਚ ਹੱਸ ਪਈ ਹੈ ਅਰਾਧਿਆ।

---

[1]'ਇਕ ਲੰਬਾ ਟੂਰ ਪੂਰਾ ਹੋਇਆ। ਘਰ ਬੱਸ ਪਰਤੀ ਹੀ ਹਾਂ। ਬਹੁਤ ਆਨੰਦਿਤ ਮਹਿਸੂਸ ਕਰ ਰਹੀ ਹਾਂ' [2]'ਜੀ ਆਇਆਂ ਨੂੰ, ਧੀਏ। ਦਿਨ ਦਾ ਆਨੰਦ ਲੈ', [3] ਜ਼ਮੀਨ-ਜਾਇਦਾਦ, [4]'ਫੇਸਬੁੱਕ ਲਈ ਕੋਈ ਸਮਾਂ ਹੀ ਨਹੀਂ, ਕਿਸੇ ਚੀਜ਼ ਲਈ ਵੀ ਸਮਾਂ ਨਹੀਂ',

ਹਮਮਮਮ, ਵੈਸੇ ਪੈਸੇ ਖ਼ੂਬ ਕਮਾ ਲੈਂਦੇ ਨੇ। ਸਟੇਟਸ ਪੂਰਾ ਹੈ ਜਨਾਬ ਦਾ। ਅੱਸੀ ਲੱਖ ਦੀ ਖ਼ਰੀਦੀ ਪ੍ਰੋਪਰਟੀ ਦਿਨਾਂ 'ਚ ਸਵਾ ਕਰੋੜ ਦੀ ਵੇਚ ਦਿੱਤੀ ਪਿਛਲੇ ਹਫ਼ਤੇ। ਤਾਂ ਹੀ ਤਾਂ ਬੀ ਐਮ ਡਬਲਿਊ ਦਾ ਖ਼ਰਚਾ ਝੱਲ ਪਾਉਂਦੇ ਨੇ। ਵਰਨਾ ਅਰਾਧਿਆ ਕੋਲੋਂ ਤਾਂ ਆਈ-ਟਵੰਟੀ ਹੀ ਮਸਾਂ ਰੱਖ ਹੁੰਦੀ। ਉਸਦੀ ਮੌਮ ਵੀ ਹੌਂਡਾ ਸਿਟੀ ਤੋਂ ਉੱਪਰ ਨਹੀਂ ਉੱਠ ਸਕੀ। 'ਪਰ ਡੈਡ! ਵੈੱਲ ਡੈਡ ਇਜ਼ ਮਾਰਵਿਲਸ,[5] ਬੀ ਐਮ ਡਬਲਿਊ ਐਕਸ ਵਨ। ਵਾਓ' ਸੋਚਦੇ-ਸੋਚਦੇ ਐਕਸਾਈਟਡ ਹੋ ਗਈ ਹੈ ਅਰਾਧਿਆ।

ਡੈਡ ਦਾ ਸਟੇਟਸ ਅਰਾਧਿਆ ਦੇ ਸਿਰ 'ਤੇ ਚੜ੍ਹਿਆ ਹੋਇਆ ਸੀ, ਤਾਂ ਹੀ ਤਾਂ ਉਹ ਕਿਸੇ ਬਿਲੀਅਨੇਅਰ ਤੋਂ ਘੱਟ ਲਾਈਫ ਪਾਰਟਨਰ ਨਹੀਂ ਸੀ ਚਾਹੁੰਦੀ। ਉਸਨੇ ਤਾਂ ਆਪ ਹੀ ਲੱਭਣਾ ਸੀ ਮੁੰਡਾ। ਕੋਈ ਮਾਲਦਾਰ ਅਸਾਮੀ। ਕੀ ਪਤਾ ਫੇਸਬੁੱਕ ਤੋਂ ਹੀ ਮਿਲ ਜਾਂਦਾ ਕੋਈ। ਪਰ ਜਦ ਡੈਡ ਨੇ ਆਪਣੇ ਬਿਜ਼ਨਸ ਪਾਰਟਨਰ ਮਿਸਟਰ ਸਹੋਤਾ ਦੇ ਬੇਟੇ ਬਾਰੇ ਗੱਲ ਕੀਤੀ, ਤਾਂ ਮਨ੍ਹਾ ਨਹੀਂ ਸੀ ਕਰ ਪਾਈ ਅਰਾਧਿਆ। ਆਖ਼ਿਰ ਆਪਣੇ ਪਾਪਾ ਦੇ ਬਿਜ਼ਨਸ ਦਾ ਇਕਲੌਤਾ ਵਾਰਿਸ ਹੈ। ਫੇਰ ਕੈਂਬ੍ਰਿਜ ਤੋਂ ਪੜ੍ਹਿਆ। ਪੂਰਾ ਸਟਾਈਲਿਸ਼। ਹੈਂਡਸਮ ਹੰਕ[6]। ਉਹਨਾਂ ਵਾਂਗ ਹੀ ਚੰਡੀਗੜ੍ਹ ਦਾ ਰਹਿਣ ਵਾਲਾ। ਰਾਜ ਸਹੋਤਾ ਦੀ ਫੇਸਬੁੱਕ ਪ੍ਰੋਫਾਈਲ ਨਾਲ ਦੀ ਨਾਲ ਹੀ ਖੋਲ੍ਹ ਲਈ ਸੀ ਉਸਨੇ। ਅਰਾਧਿਆ ਬੜੀ ਅਪਸੈਟ ਹੋਈ ਸੀ ਇਹ ਵੇਖ ਕੇ ਕਿ ਰਾਜ ਨੇ ਆਪਣੀ ਪ੍ਰੋਫਾਈਲ ਨੂੰ ਅਪਡੇਟ ਹੀ ਨਹੀਂ ਕੀਤਾ ਸੀ ਚਿਰ ਤੋਂ। ਉਹ ਘਬਰਾ ਗਈ ਸੀ, ਕਿਤੇ ਇਉਂ ਨਾ ਹੋਵੇ ਕਿ ਰਾਜ ਫੇਸਬੁੱਕ 'ਤੇ ਐਕਟਿਵ ਹੀ ਨਾ ਹੋਵੇ। ਇਹੋ ਜਿਹੇ ਬੰਦੇ ਨਾਲ ਕਿਵੇਂ ਜੰਮੇਗੀ ਅਰਾਧਿਆ ਦੀ। ਪਰ ਫੇਰ ਜਦ ਡੈਡ ਨੇ ਮਿਸਟਰ ਸਹੋਤਾ ਦੀ ਪੂਰੀ ਪ੍ਰਾਪਰਟੀ ਤੇ ਬੈਂਕ ਬੈਲੈਂਸ ਵਾਲੀ ਗੱਲ ਨੂੰ ਵਿਸਥਾਰਿਆ ਸੀ, ਤਾਂ ਹੋਰ ਸਭ ਕੁਝ ਭੁੱਲ ਗਈ ਸੀ ਅਰਾਧਿਆ। ਉਸਨੇ ਡੈਡ ਨੂੰ 'ਹਾਂ' ਕਰ ਦਿੱਤੀ ਸੀ। ਥੋੜ੍ਹੇ ਦਿਨ ਬਾਅਦ ਦੋਵੇਂ ਪਰਿਵਾਰਾਂ ਨੇ ਇਕ ਗੈੱਟ-ਟੂਗੈਦਰ[7] ਰੱਖੀ ਸੀ ਤਾਜ ਹੋਟਲ ਦੇ ਹਾਲ ਵਿਚ ਤੇ ਗੱਲ ਫਾਰਮਲ ਹੋ ਗਈ ਸੀ।

'ਜੂਸ ਤੇ ਸੈਂਡਵਿਚ ਲੈ ਲਵੋ ਦੀਦੀ', ਬੈੱਡ ਦੇ ਸਾਈਡ ਟੇਬਲ 'ਤੇ ਟ੍ਰੇਅ ਰੱਖ ਗਈ ਹੈ ਨੈਨਾ। ਇਸਨੂੰ ਵੀ ਅਰਾਧਿਆ ਦਾ ਟੇਸਟ ਬਿਲਕੁਲ ਪਤਾ ਚੱਲ ਗਿਆ ਹੈ ਹੁਣ। ਪਹਿਲਾਂ-ਪਹਿਲਾਂ ਤਾਂ ਕੋਲਡ ਡਰਿੰਕ ਨਾਲ ਕੁਝ ਫ੍ਰਾਈਡ ਬਣਾ ਲਿਆਉਂਦੀ ਸੀ। ਪਰ ਉਹ ਕਿੰਨੀ ਫਿਗਰ-ਕੌਂਸ਼ੀਅਸ[8] ਹੈ, ਇਸਨੂੰ ਛੇਤੀ ਸਮਝ ਆ ਗਈ। ਕੋਲਡ ਡਰਿੰਕ ਤਾਂ ਪੀ ਹੀ ਨਹੀਂ ਸਕਦੀ ਅਰਾਧਿਆ। ਏਨੀਆਂ ਕੈਲਰੀਜ਼। ਊਪਸ। ਟੈਟਰਾ ਪੈਕ ਵਾਲਾ ਜੂਸ ਠੀਕ ਰਹਿੰਦਾ ਹੈ। ਨਾਲੇ ਫਰਾਈਡ, ਨੋ ਵੇਅ[9]। ਸੈਂਡਵਿਚ ਠੀਕ ਲਗਦਾ ਹੈ ਉਸਨੂੰ। ਐਨਰਜੀ ਵੀ ਮਿਲ ਜਾਂਦੀ ਹੈ, ਤੇ ਫੈਟ ਦੀ ਚਿੰਤਾ ਵੀ ਨਹੀਂ।

ਅਰਾਧਿਆ ਬੈੱਡ 'ਤੇ ਆ ਬੈਠੀ ਹੈ। ਸੈਂਡਵਿਚ ਖਾਂਦੇ-ਖਾਂਦੇ ਫੇਸਬੁੱਕ ਫਰੋਲੀ ਜਾ ਰਹੀ ਹੈ ਉਹ। ਉਸਨੇ ਆਪਣੇ ਹੋਰ ਦੋਸਤਾਂ ਦੀਆਂ ਪੋਸਟਸ ਵੇਖਣੀਆਂ ਸ਼ੁਰੂ ਕੀਤੀਆਂ ਹਨ। ਮਜ਼ਾ ਆ ਰਿਹਾ ਹੈ। ਕਿੰਨੀ ਕਮਾਲ ਦੀ ਚੀਜ਼ ਬਣਾਈ ਹੈ ਮਾਰਕ ਜ਼ੁਕਰਬਰਗ ਨੇ। 'ਥੈਂਕ ਯੂ, ਮਾਰਕ। ਥੈਂਕ ਯੂ ਸੋ ਮਚ', ਆਪ-ਮੁਹਾਰੇ ਹੀ ਅਰਾਧਿਆ ਦੇ ਮੂੰਹ 'ਚੋਂ ਨਿਕਲਿਆ ਹੈ। ਸਚਮੁੱਚ ਕਿੰਨਾ ਜੁੜ ਗਿਆ ਹੈ ਬੰਦਾ ਦੁਨੀਆਂ ਨਾਲ, ਆਪਣੇ ਕਮਰੇ 'ਚ ਬੈਠਿਆਂ ਹੀ ਪੂਰੀ ਦੁਨੀਆਂ ਵਿਚ ਫੈਲੇ ਆਪਣੇ ਦੋਸਤਾਂ-ਮਿੱਤਰਾਂ ਦੇ ਨੇੜੇ-ਨੇੜੇ।

ਜੂਸ ਪੀਂਦੇ-ਪੀਂਦੇ ਹੀ ਅਰਾਧਿਆ ਨੇ ਸੈਲਫ਼ੀ ਕਲਿੱਕ ਕੀਤੀ ਹੈ। ਨਾਲ ਦੀ ਨਾਲ ਫੇਸਬੁੱਕ 'ਤੇ ਪੋਸਟ ਕਰ ਦਿੱਤੀ ਹੈ। ਥੱਲੇ ਨੋਟ ਵੀ ਲਿਖ ਦਿੱਤਾ ਹੈ, 'ਇਨ ਮਾਈ ਰੂਮ, ਯੈਟ ਕਨੈਕਟਡ ਵਿਦ ਦ ਵਰਲਡ। ਟਰੂਅ, ਮੌਡਰਨ ਮੈਨ ਇਜ਼ ਨੈਵਰ ਅਲੋਨ'[10]।

---

[5]ਡੈਡੀ ਤਾਂ ਕਮਾਲ ਨੇ ਬੱਸ,
[6]ਸੋਹਣਾ-ਸੁਨੱਖਾ ਮੁੰਡਾ, [7]ਮਿਲਣੀ, [8]ਸਰੀਰਕ ਦਿੱਖ ਬਾਰੇ ਚੇਤੰਨ, [9]ਫਰਾਈਡ ਤਾਂ ਕਿਸੇ ਹਾਲ ਵਿਚ ਵੀ ਨਹੀਂ,
[10]ਆਪਣੇ ਕਮਰੇ ਵਿਚ ਹਾਂ, ਪਰ ਫੇਰ ਵੀ ਪੂਰੀ ਦੁਨੀਆਂ ਨਾਲ ਜੁੜੀ ਹੋਈ। ਸੱਚਮੁੱਚ, ਆਧੁਨਿਕ ਮਨੁੱਖ ਕਿਸੇ ਵੀ ਹਾਲ ਵਿਚ ਇਕੱਲਾ ਨਹੀਂ ਹੈ

ਪਹਿਲਾਂ ਫੇਸਬੁੱਕ 'ਤੇ ਜ਼ਿਆਦਾ ਐਕਟਿਵ ਨਹੀਂ ਸੀ ਅਰਾਧਿਆ। ਉਸਨੂੰ ਬੜਾ ਇਕੱਲਾ-ਇਕੱਲਾ ਮਹਿਸੂਸ ਹੋਇਆ ਕਰਦਾ ਸੀ ਉਦੋਂ। ਪੰਜ ਦਿਨ ਮਗਰੋਂ ਵੀਕ-ਐਂਡ ਆਉਣਾ, ਤਾਂ ਕਿਤੇ ਜਾ ਕੇ ਥੋੜ੍ਹੀ ਮਸਤੀ ਮਾਰਨੀ। ਉਸਦੀਆਂ ਕੁਲੀਗ ਅੰਜਨਾ ਤੇ ਸਮ੍ਰਿਤੀ ਉਦੋਂ ਤੋਂ ਹੀ ਫੇਸਬੁੱਕ-ਫ੍ਰੀਕ[11] ਸਨ। ਉਹ ਹਰ ਵੇਲੇ ਕਨੈਕਟਡ ਰਹਿੰਦੀਆਂ। ਬੜੀਆਂ ਖੁਸ਼ ਵੀ। ਅਰਾਧਿਆ ਵੀ ਹੌਲੀ-ਹੌਲੀ ਆਪਣੀ ਫੇਸਬੁੱਕ ਐਕਟਿਵਿਟੀ ਵਧਾਉਂਦੀ ਗਈ। ਹੁਣ ਤਾਂ ਇਹ ਹਾਲਤ ਹੈ ਕਿ ਜੇ ਅੰਜਨਾ ਨੂੰ ਪੰਜਾਹ ਲਾਈਕਸ ਮਿਲਦੀਆਂ ਨੇ ਤੇ ਸਮ੍ਰਿਤੀ ਨੂੰ ਸੱਤਰ, ਤਾਂ ਅਰਾਧਿਆ ਨੂੰ ਤਿੰਨ-ਚਾਰ ਸੌ ਲਾਈਕਸ ਤਾਂ ਆਮ ਜਿਹੀ ਗੱਲ ਹੈ। ਉਸਨੇ ਆਪਣੀਆਂ ਸਭ ਕੁਲੀਗਸ ਤੇ ਫ੍ਰੈਂਡਜ਼ ਨੂੰ ਪਿੱਛੇ ਛੱਡ ਦਿੱਤਾ ਹੈ। ਛੱਡੇ ਵੀ ਕਿਉਂ ਨਾ, ਹਰ ਗੱਲ ਅਪਡੇਟ ਵੀ ਤਾਂ ਨਾਲ ਦੀ ਨਾਲ ਕਰਦੀ ਹੈ ਉਹ ਫੇਸਬੁੱਕ 'ਤੇ।

ਅਸਲ ਜ਼ਿੰਦਗੀ ਵਿਚ ਜ਼ਿਆਦਾ ਦੋਸਤ ਨਹੀਂ ਹਨ ਅਰਾਧਿਆ ਦੇ। ਮੌਮ-ਡੈਡ ਦੀ 'ਕੱਲੀ ਬੇਟੀ। ਫ਼ਿਰ ਨਿਊਕਲੀਅਰ ਫੈਮਿਲੀ। ਮੌਮ-ਡੈਡ ਦੋਵਾਂ ਦੇ ਫੁੱਲ-ਡੇ ਆਫ਼ਿਸ। ਛੋਟੇ ਹੁੰਦਿਆਂ ਤੋਂ ਉਸਦਾ ਜ਼ਿਆਦਾ ਸਮਾਂ ਮੇਡਜ਼ ਨਾਲ ਹੀ ਨਿਕਲਦਾ। ਖਾਣੇ ਲਈ ਮੇਡ। ਉਸਦੀ ਸਾਂਭ-ਸੰਭਾਲ ਲਈ ਮੇਡ। ਸਫ਼ਾਈ ਲਈ ਮੇਡ। ਉਸਦੀ ਕੋਈ ਖ਼ਾਸ ਸ਼ੇਅਰਿੰਗ ਵੀ ਨਹੀਂ ਸੀ ਕਿਸੇ ਨਾਲ। ਪਰ ਹੁਣ, ਨੋ ਪਰੋਬਲਮ, ਫੇਸਬੁੱਕ ਹੈ ਨਾ।

ਕਿੰਨੇ ਸਾਰੇ ਮੁੰਡੇ ਉਸਨੂੰ ਕਲੋਜ਼ਲੀ ਫੌਲੋਅ ਕਰਦੇ ਨੇ ਫੇਸਬੁੱਕ 'ਤੇ। ਬਹੁਤਿਆਂ ਨੂੰ ਤਾਂ ਮਿਲੀ ਵੀ ਨਹੀਂ ਉਹ ਕਦੀ। ਫੇਸਬੁੱਕ ਫ੍ਰੈਂਡ ਹੈ ਬੱਸ। ਪਹਿਲਾਂ-ਪਹਿਲ ਡਰ ਲੱਗਦਾ ਸੀ, ਕਿਤੇ ਕੋਈ ਫ਼ਾਇਦਾ ਚੁੱਕਣ ਦੀ ਹੀ ਨਾ ਸੋਚਦਾ ਹੋਵੇ। ਪਰ ਹੁਣ ਉਹ ਸਮਝ ਗਈ ਹੈ, ਬਿਨਾਂ ਕੁੜੀ ਦੀ ਇੱਛਾ ਦੇ, ਕਿਸੇ ਕੁੜੀ ਦਾ ਫ਼ਾਇਦਾ ਨਹੀਂ ਚੁੱਕ ਸਕਦਾ ਕੋਈ। ਜਦ ਵੀ ਕੋਈ ਫੇਸਬੁੱਕ ਫ੍ਰੈਂਡ ਉਸਨੂੰ ਮਿਲਣ ਦੀ ਰਿਕੁਐਸਟ ਕਰਦਾ, ਉਹ ਸਾਫ਼ ਮਨ੍ਹਾ ਕਰ ਦਿੰਦੀ। ਨੋ ਇਮੋਸ਼ਨਜ਼ ਟੂ ਬੀ ਇਨਵੌਲਵਡ[13]। ਬਸ ਫ਼ਨ ਕਰੋ, ਰਿਲੈਕਸਡ[14] ਰਹੋ।

ਅਰਾਧਿਆ ਨੂੰ ਆਪਣੇ ਫਿਔਂਸੇ[15] 'ਤੇ ਬੜੀ ਚਿੜ੍ਹ ਆਉਂਦੀ ਸੀ ਕਈ ਵਾਰ। ਉਹ ਕਦੇ ਉਸਦੀਆਂ ਫੇਸਬੁੱਕ ਪੋਸਟਸ 'ਤੇ ਕੁਮੈਂਟ ਨਹੀਂ ਸੀ ਕਰਦਾ। ਕਰੇ ਵੀ ਕਿਵੇਂ, ਦੋ-ਦੋ ਹਫ਼ਤੇ ਤਾਂ ਦੇਖਦਾ ਨਹੀਂ ਖੋਲ੍ਹ ਕੇ ਫੇਸਬੁੱਕ। ਫ਼ੋਨ ਵੀ ਦਿਨ ਵਿਚ ਇਕ-ਅੱਧ ਵਾਰ ਮਸਾਂ ਕਰਦਾ ਹੈ ਅਰਾਧਿਆ ਨੂੰ। ਛੇ ਮਹੀਨੇ ਹੋ ਚੱਲੇ ਐਂਗੇਜ[16] ਹੋਇਆਂ ਨੂੰ, ਹਾਲੇ ਤੱਕ ਕੋਈ ਬੌਂਡਿੰਗ[17] ਨਹੀਂ ਬਣ ਪਾਈ ਅਰਾਧਿਆ ਦੀ ਉਸ ਨਾਲ। ਪਹਿਲਾਂ ਤਾਂ ਅਰਾਧਿਆ ਡਰ ਗਈ ਸੀ ਕਿ ਪੂਰੀ ਜ਼ਿੰਦਗੀ ਕਿਵੇਂ ਨਿਕਲੇਗੀ ਜੇ ਇਹੀ ਹਾਲ ਰਿਹਾ ਤਾਂ। ਫਿਰ ਉਸਨੇ ਦਿਮਾਗ਼ ਨੂੰ ਠੰਢਾ ਕੀਤਾ। ਹਸਬੈਂਡ ਹੀ ਹੋਵੇਗਾ ਨਾ। ਹਰ ਵੇਲੇ ਨਾਲ ਥੋੜ੍ਹਾ ਰਹੇਗਾ। ਕੀ ਫ਼ਰਕ ਪੈਂਦੈ? ਵੈਸੇ ਵੀ ਹੁਣ ਉਹ ਟਾਈਮ ਤਾਂ ਹੈ ਨਹੀਂ ਕਿ ਵਾਈਫ਼ ਦਾ ਹੋਰ ਕੋਈ ਕਨੈਕਸ਼ਨ ਹੀ ਨਾ ਹੋਵੇ, ਹੁਣ ਤਾਂ ਫੁੱਲੀ-ਕਨੈਕਟਡ ਵਰਲਡ[18] ਹੈ। ਸੋ ਨੋ ਪਰੋਬਲਮ। ਫੇਰ ਰਾਜ ਦੀ ਅਮੀਰੀ ਦਾ ਕੋਈ ਤਾਂ ਪ੍ਰਾਈਸ ਦੇਣਾ ਹੀ ਪਵੇਗਾ ਨਾ, ਸੋਚਦੇ-ਸੋਚਦੇ ਮੁਸਕਰਾ ਪਈ ਹੈ ਅਰਾਧਿਆ।

ਅਰਾਧਿਆ ਨੂੰ ਥੋੜ੍ਹੀ ਥਕਾਵਟ ਮਹਿਸੂਸ ਹੋਈ ਹੈ। ਉਸਨੇ ਨੈਨਾ ਨੂੰ ਆਵਾਜ਼ ਲਗਾ ਕੇ ਉਸਨੂੰ ਟ੍ਰੇਅ ਵਾਪਸ ਕਰ ਦਿੱਤੀ ਹੈ ਤੇ ਡਿਸਟਰਬ ਨਾ ਕਰਨ ਲਈ ਕਿਹਾ ਹੈ। ਫੇਸਬੁੱਕ 'ਤੇ ਸਟੇਟਸ ਅਪਡੇਟ ਕੀਤਾ ਹੈ, 'ਫੀਲਿੰਗ ਏ ਲਿਟਲ ਟਾਇਰਡ, ਟਾਈਮ ਫੌਰ ਏ ਨੈਪ'[19], ਤੇ ਬੈੱਡ 'ਤੇ ਟੇਢੀ ਹੋ ਗਈ ਹੈ।

0 0 0

---

[11]ਫੇਸਬੁੱਕ ਦੇ ਆਦੀ, [12]ਕੰਮ ਵਾਲੀਆਂ, [13]ਭਾਵੁਕ ਹੋਣ ਦੀ ਕੋਈ ਲੋੜ ਹੀ ਨਹੀਂ, [14]ਆਰਾਮ ਵਿਚ, [15]ਮੰਗੇਤਰ, [16]ਮੰਗਣੀ, [17]ਸਾਂਝ, [18]ਪੂਰੀ ਤਰ੍ਹਾਂ ਜੁੜੀ ਹੋਈ ਦੁਨੀਆਂ, [19]'ਥੋੜ੍ਹੀ ਜਿਹੀ ਥਕਾਵਟ ਮਹਿਸੂਸ ਹੋ ਰਹੀ ਹੈ। ਸੌਂਵਾਂਗੀ ਥੋੜ੍ਹੀ ਦੇਰ'

'ਯਾਰੀ ਚੰਡੀਗੜ੍ਹ ਵਾਲੀਏ ਨੀਂ ਤੇਰੀ, ਕਰਾ ਗਈ ਹੱਥ ਯਾਰ ਦੇ ਖੜ੍ਹੇ', ਬੁਲੇਟ ਦੀ ਸਪੀਡ ਦੇ ਨਾਲ-ਨਾਲ ਪਰਮਵੀਰ ਦੀ ਅਵਾਜ਼ ਵੀ ਉੱਚੀ ਹੋ ਗਈ ਹੈ। 'ਬਾਪੂ ਦੇ ਹੁੰਦਿਆਂ ਯਾਰਾਂ ਦੇ ਹੱਥ ਕੀ ਖੜ੍ਹੇ ਹੋਣਗੇ', ਪਰਮਵੀਰ ਪੂਰਾ ਮਸਤ ਹੋਇਆ ਆਪਣੇ-ਆਪ ਨਾਲ ਹੀ ਗੱਲਾਂ ਕਰੀਂ ਜਾ ਰਿਹਾ ਹੈ। ਮਾਲ-ਮੂਲ ਖਾਧੇ ਬਿਨਾਂ ਫਲੈਟ 'ਚੋਂ ਨਹੀਂ ਨਿਕਲਦਾ ਪਰਮਵੀਰ। ਬਿਨਾਂ ਖਾਧੇ-ਪੀਤੇ ਸਰੂਰ ਜਿਹਾ ਹੀ ਨਹੀਂ ਆਉਂਦਾ। ਖੜ੍ਹਾ ਹੀ ਨਹੀਂ ਹੁੰਦਾ ਸਰੀਰ। 'ਕੇਰਾਂ ਕੰਮ ਓਕੇ ਕੀਤਾ ਹੋਵੇ, ਫੇਰ ਤਾਂ ਬੱਸ ਨਜ਼ਾਰੇ ਨੇ। ਬੁੱਲੇ ਲੁੱਟਦਾ ਹੈ ਫੇਰ ਤਾਂ ਪਰਮਵੀਰ।

ਪਰਮਵੀਰ ਕੋਲ ਹੁਣ ਕੰਮ ਕੋਈ ਖ਼ਾਸ ਨਹੀਂ ਇਥੇ। ਅਬੋਹਰੋਂ ਲਾਅ ਕਰਨ ਆਇਆ ਸੀ ਚੰਡੀਗੜ੍ਹ। ਲਾਅ ਤਾਂ ਨਿਬੇੜ ਦਿੱਤਾ। ਬਾਪੂ ਨੂੰ ਕਹਿ ਦਿੱਤਾ ਬਈ ਅੱਗੇ ਐਲ ਐਲ ਐਮ 'ਚ ਦਾਖ਼ਲਾ ਲੈ ਲਿਐ। ਬਾਪੂ ਕਿਹੜਾ ਦੇਖਣ ਆਉਂਦੈ ਇਥੇ। ਨਾਲੇ ਉਸ ਨੂੰ ਅਗਲੀ ਪੜ੍ਹਾਈ ਜਾਂ ਕੰਮ ਦੀ ਲੋੜ ਵੀ ਕੀ ਹੈ ਉਂਝ! ਅਬੋਹਰ ਸ਼ਹਿਰ 'ਚ ਬਜ਼ੁਰਗਾਂ ਦੇ ਪਚਵੰਜਾ ਕੀਲਿਆਂ ਦਾ ਕੱਲਾ-ਕੱਲਾ ਵਾਰਿਸ। ਜ਼ਮੀਨ ਅੱਧੀ ਠੇਕੇ 'ਤੇ ਹੈ, ਅੱਧੀ ਬਾਪੂ ਆਪ ਵਾਹ ਲੈਂਦੈ। ਦਾਦਿਆਂ-ਪੜਦਾਦਿਆਂ ਨੇ ਬੜੀ ਮਿਹਨਤ ਕਰ ਕੇ ਜ਼ਮੀਨ ਕਮਾਈ ਹੋਣੀ, ਤਾਂ ਜੋ ਅਗਲੀਆਂ ਪੀੜ੍ਹੀਆਂ ਮੌਜ ਕਰ ਸਕਣ। ਤੇ ਪਰਮਵੀਰ ਦੱਬ ਕੇ ਮੌਜ ਕਰਦੈ। ਇਕ ਬੋਲੈਰੋ ਰੱਖੀ ਹੈ, ਇਕ ਬੁਲੇਟ। ਜਿਵੇਂ ਦਾ ਪ੍ਰੋਗਰਾਮ ਹੋਵੇ ਦਿਨ ਦਾ, ਉਵੇਂ ਦਾ ਗੱਡਾ ਹੱਕ ਲੈਂਦੈ। ਕਦੇ ਕਿਸੇ ਹਾਈ-ਫਾਈ ਨੱਢੀ ਨੂੰ ਘੁਮਾਉਣਾ ਹੋਵੇ, ਤਾਂ ਬੋਲੈਰੋ ਕੱਢ ਲਊ। ਕਦੇ ਯਾਰਾਂ-ਮਿੱਤਰਾਂ ਕੋਲ ਹੀ ਬਹਿਣਾ ਹੋਵੇ ਜਾਂ ਕਿਸੇ ਹੀਰ ਨੇ ਮੋਟਰ-ਸਾਈਕਲ ਦੀ ਸਵਾਰੀ ਦੀ ਇੱਛਾ ਰੱਖੀ ਹੋਵੇ, ਤਾਂ ਬੁਲੇਟ 'ਤੇ ਕਾਠੀ ਪਾ ਲੈਂਦੈ।

ਦੁਗ-ਦੁਗ ਕਰਦਾ ਪਰਮਵੀਰ ਦਾ ਬੁਲੇਟ ਮਿਰਜ਼ੇ ਦੀ ਸਟੇਸ਼ਨਰੀ ਵਾਲੀ ਦੁਕਾਨ 'ਤੇ ਰੁਕ ਗਿਐ। ਲਾਅ ਵਾਲੇ ਜਮਾਤੀ ਰੰਜਨ ਭਗਤ ਉਰਫ਼ ਮਿਰਜ਼ੇ ਦੀ ਦੁਕਾਨ ਉਹਨਾਂ ਦੀ ਢਾਣੀ ਦਾ ਪੱਕਾ ਟਿਕਾਣਾ ਹੈ ਦਿਨ ਵੇਲੇ। ਸਾਰੇ ਕੰਮ ਸੈੱਟ ਆ ਜਾਂਦੇ ਨੇ ਏਥੇ। ਮਿਰਜ਼ੇ ਨੂੰ ਕਹਿ ਕੇ ਇਕ ਵੱਖਰਾ ਕੈਬਿਨ ਬਣਵਾ ਲਿਆ ਸੀ ਪਰਮਵੀਰ ਹੁਰਾਂ ਨੇ ਦੁਕਾਨ ਅੰਦਰ। ਮਿਰਜ਼ਾ ਤਾਂ ਟੇਢ ਜਿਹੀ ਵੱਟਦਾ ਸੀ, ਪਰ ਪਰਮਵੀਰ ਨੇ ਪੈਸੇ ਪੱਲਿਓਂ ਖਰਚਣ ਦਾ ਲਾਲਚ ਦੇ ਦਿੱਤਾ। ਕੰਮ ਵੀ ਬੜੇ ਆਉਂਦਾ ਹੈ ਇਹ ਕੈਬਿਨ ਉਹਨਾਂ ਦੇ। ਅੰਦਰ ਵੜ ਕੇ ਨਾਗਣੀ ਦੇ ਡੰਗ ਵੀ ਖਾ ਲੈਂਦੇ, ਸੂਟਾ-ਸਾਟਾ ਵੀ ਮਾਰ ਲੈਂਦੇ। ਪੈਗ-ਸ਼ੈਗ ਵੀ ਅੰਦਰੇ ਚੱਲਦੇ ਸ਼ਾਮ ਕੁ ਵੇਲੇ।

ਮਿਰਜ਼ੇ ਦੀ ਸਟੇਸ਼ਨਰੀ ਦੀ ਦੁਕਾਨ ਯੂਨੀਵਰਸਿਟੀ ਦੇ ਬਿਲਕੁਲ ਬਾਹਰਵਾਰ ਹੈ। ਯੂਨੀਵਰਸਿਟੀ ਵਿਚ ਪੜ੍ਹਦੇ ਬਹੁਤੇ ਮੁੰਡੇ-ਕੁੜੀਆਂ ਕੋਲ ਪ੍ਰੋਜੈਕਟ ਬਣਾਉਣ ਦਾ ਸਮਾਂ ਨਹੀਂ ਹੁੰਦਾ। ਮਿਰਜ਼ਾ ਉਹਨਾਂ ਨਾਲ ਸੌਦਾ ਕਰ ਲੈਂਦਾ ਤੇ ਉਹਨਾਂ ਨੂੰ ਪ੍ਰੋਜੈਕਟ ਦਾ ਜੁਗਾੜ ਕਰ ਦਿੰਦਾ। ਕਮਾਈ ਮੋਟੀ ਹੈ, ਇਸ ਕੰਮ ਵਿਚ।

ਪਰਮਵੀਰ ਹੁਰਾਂ ਨੇ ਵੀ ਐਵੇਂ ਹੀ ਹੈਡ-ਆਫ਼ਿਸ ਨਹੀਂ ਸੀ ਬਣਾਇਆ ਮਿਰਜ਼ੇ ਦੀ ਦੁਕਾਨ ਨੂੰ। ਉਹ ਗਿਆਰਾਂ ਵਜਦੇ ਨੂੰ ਕੈਮ-ਕੂਮ ਹੋ ਕੇ ਉਥੇ ਜਾ ਵਜਦੇ। ਲੰਘਦੀਆਂ ਵੜਦੀਆਂ ਨੱਢੀਆਂ ਵੇਖਦੇ। ਜਿਹੜੀਆਂ ਵੀ ਪ੍ਰੋਜੈਕਟ-ਪ੍ਰੋਜੁਕਟ ਬਣਵਾਉਣ ਆਉਂਦੀਆਂ, ਉਹਨਾਂ ਨੂੰ ਢੰਗ ਨਾਲ ਟੋਹ ਲੈਂਦੇ। ਜਿਹੜੀ ਕੋਈ ਟੇਢੀ ਜਾਪਦੀ ਜਾਂ ਸੈੱਟ ਨਾ ਆਉਂਦੀ ਲੱਗਦੀ, ਉਸ ਤੋਂ ਦੁਬਕ ਜਾਂਦੇ। ਜਿਹੜੀ ਲਾਈਨ 'ਤੇ ਆਉਣ ਵਾਲੀ ਲੱਗਦੀ, ਉਸ ਦੇ ਸਟੈਂਡਰਡ ਦਾ ਹਿਸਾਬ-ਕਿਤਾਬ ਲਾਉਂਦੇ ਤੇ ਜਿਸ ਕਿਸੇ ਦੇ ਸੂਤ ਆਉਂਦੀ, ਗਾਟ੍ਹੀ ਪਾ ਲੈਂਦਾ। ਪਰਮਵੀਰ ਦਾ ਤਾਂ ਸਿਸਟਮ ਐਸਾ ਲੋਟ ਆਇਆ ਸੀ ਕਿ ਬੱਸ ਨਜ਼ਾਰੇ ਆਏ ਪਏ

ਸਨ। ਕਦੇ ਸ਼ਿਮਲੇ, ਕਦੇ ਕਸੌਲੀ, ਕਦੇ ਚੈਲ, ਕਦੇ ਮੋਰਨੀ, ਕਦੇ ਚੰਡੀਗੜ੍ਹ ਹੀ ਕਿਸੇ ਹੋਟਲ ਵਿਚ... ਤੇ ਜੇ ਕਿਤੇ ਗੱਲ ਬਾਹਲੀ ਹੀ ਸੈੱਟ ਬੈਠ ਜਾਂਦੀ ਫਿਰ ਆਪਣੇ ਫਲੈਟ 'ਤੇ ਹੀ...

'ਆ ਜੋ ਮਹਾਰਾਜ ਪ੍ਰਧਾਨ ਜੀ। ਕੀ ਗੱਲ ਅੱਜ ਲੋਕਲ ਦਾ ਹੀ ਪ੍ਰੋਗਰਾਮ ਲੱਗਦੈ ਜਿਹੜਾ ਬੁਲੇਟ 'ਤੇ ਸਵਾਰ ਹੋਏ ਹੋਂ', ਮਿਰਜ਼ੇ ਨੇ ਉਸਨੂੰ ਵੇਖਦਿਆਂ ਸਾਰ ਹੇਕ ਲਾਈ ਹੈ।

'ਓ ਬੱਸ ਐਂ ਹੀ ਸਮਝ ਲੈ ਬਾਈ ਮਿਰਜ਼ਿਆ। ਕੋਈ ਖ਼ਾਸ ਪ੍ਰੋਗਰਾਮ ਨਹੀਂ ਅੱਜ। ਤੁਸੀਂ ਦੱਸੋ ਜੇ ਕੋਈ ਹੈ ਗੱਲਬਾਤ ਤਾਂ', ਦੁਕਾਨ ਮੂਹਰਿਓਂ ਲੰਘੇ ਜਾ ਰਹੇ ਕੁੜੀਆਂ ਦੇ ਝੁੰਡ ਨੂੰ ਸੁਣਾ ਕੇ ਬੋਲਿਐ ਪਰਮਵੀਰ।

ਮਿਰਜ਼ਾ ਬਿਨਾਂ ਕੋਈ ਜਵਾਬ ਦਿੱਤਿਆਂ ਗਾਹਕ ਮੁੰਡਿਆਂ ਤੋਂ ਪੈਸੇ ਫੜਨ ਲੱਗ ਪਿਐ। ਪਰਮਵੀਰ ਸਿੱਧਾ ਕੈਬਿਨ ਅੰਦਰ ਜਾ ਵੜਿਐ। ਆਸ਼ੂ, ਰਮਨ ਤੇ ਬੱਗਾ ਪਹਿਲੋਂ ਹੀ ਅੰਦਰ ਧੂਣੀ ਧੁਖਾਈ ਬੈਠੇ ਨੇ।

'ਆ ਜਾ ਸਰਦਾਰਾ, ਲੰਘ ਆ। ਕਿਵੇਂ ਤੁਰਿਆ ਅੰਦਰ ਨੂੰ ਆਉਨੈਂ ਤੇ ਅੱਖਾਂ ਬਾਹਰ ਗੱਡੀਆਂ ਨੇ। ਕੀ ਗੱਲ, ਕੋਈ ਪ੍ਰਬੰਧ ਹੋਇਆ ਨਹੀਂ ਲੱਗਦਾ ਅੱਜ ਦਾ', ਬੱਗੇ ਨੇ ਪਰਮਵੀਰ ਦਾ ਸਵਾਗਤ ਕੀਤਾ ਹੈ।

'ਓ ਲਗਦਿਓ ਪ੍ਰਬੰਧ ਦਿਓ, ਤੁਸੀਂ ਯਾਰ ਸਵੇਰ ਦਾ ਕੋਟਾ ਤਾਂ ਪੂਰਾ ਕਰਕੇ ਆਇਆ ਕਰੋ ਘਰੋਂ। ਇਥੇ ਅੰਦਰ ਧੂਫਾਂ ਬਾਲੀਆਂ ਨੇ ਸਵੇਰੇ-ਸਵੇਰੇ। ਕੋਈ ਮਾਲ ਨਾ ਭਜਾ ਦਿਓ ਐਵੇਂ', ਆਸ਼ੂ ਦੇ ਹੱਥ ਵਾਲੀ ਸਿਗਰਟ ਫੜ ਕੇ ਸੂਟਾ ਖਿੱਚਦਿਆਂ ਬੋਲਿਆ ਹੈ ਪਰਮਵੀਰ।

'ਤੂੰ ਠਹਿਰਿਆ ਭਰਾਵਾ ਸਰਦਾਰ ਬੰਦਾ। ਟੌਹਰ ਨਾਲ ਆਉਨੈਂ। ਗਿਆਰਾਂ ਵਜੇ ਤੋਂ ਪਹਿਲਾਂ ਪੈਰ ਨਹੀਂ ਧਰਦਾ ਅੰਦਰ। ਅਸੀਂ ਤਾਂ ਮ੍ਰਾਤੜ੍ਹ ਬੰਦੇ ਹਾਂ। ਦਸ ਵਜੇ ਮਿਰਜ਼ੇ ਦੇ ਦੁਕਾਨ ਖੋਲ੍ਹਣ ਤੋਂ ਪਹਿਲਾਂ ਬਾਹਰ ਖੜ੍ਹੇ ਹੋਈਦੈ। ਤੇਰੇ ਨਾਲ ਸਾਡਾ ਕੀ ਮੁਕਾਬਲਾ', ਪਰਮਵੀਰ ਲਈ ਵੱਡੀ ਕੁਰਸੀ ਵਿਹਲੀ ਕਰ ਕੇ ਦੂਜੀ 'ਤੇ ਹੁੰਦਿਆਂ ਰਮਨ ਬੋਲਿਆ ਹੈ।

'ਯੇ ਦੁਨੀਆਂ, ਯੇ ਦੁਨੀਆਂ ਪਿੱਤਲ ਦੀ, ਬੇਬੀ ਡੌਲ ਮੈਂ ਸੋਨੇ ਦੀ', ਇਸ ਤੋਂ ਪਹਿਲਾਂ ਕਿ ਪਰਮਵੀਰ ਕੋਈ ਜਵਾਬ ਦਿੰਦਾ, ਉਸਦਾ ਮੋਬਾਈਲ ਬੋਲ ਪਿਆ ਹੈ।

'ਲੈ ਓ ਸਰਦਾਰਾ, ਆ ਗਈ ਕੋਈ ਬੇਬੀ ਡੌਲ ਤੇਰੇ ਕੋਲ ਤਾਂ', ਆਸ਼ੂ ਦੀਆਂ ਵਾਛਾਂ ਖਿੜੀਆਂ ਨੇ।

ਜੀਨ 'ਚੋਂ ਨਵਾਂ ਆਈ ਫ਼ੋਨ ਸਿਕਸ ਕੱਢਿਆ ਹੈ ਪਰਮਵੀਰ ਨੇ। 'ਉਹ ਐਵੇਂ ਨਾ ਮੁੱਛਾਂ ਨੂੰ ਤੇਲ ਲਾਉਣ ਲੱਗ ਪਿਆ ਕਰੋ, ਵਿਹਲੜੋ। ਬਾਪੂ ਦਾ ਫ਼ੋਨ ਐ', ਆਖਦਿਆਂ ਪਰਮਵੀਰ ਨੇ ਫ਼ੋਨ ਚੁੱਕਿਆ ਹੈ ਤੇ ਬਾਹਰ ਵੱਲ ਨੂੰ ਹੋ ਤੁਰਿਆ ਹੈ।

'ਹੈਲੋ! ਸਾਸਰੀਕਾਲ ਡੈਡੀ। ਕੀ ਗੱਲ ਅੱਜ ਸਵੇਰੇ ਸਵੇਰੇ ਕਿਵੇਂ ਯਾਦ ਕਰ ਲਿਆ'।

'ਉਹ ਗੱਲ ਨਿੱਬੜ ਤਾਂ ਗਈ ਸੀ ਆਪਣੀ, ਡੈਡੀ। ਮੈਂ ਕਹਿ ਤਾਂ ਗਿਆ ਸੀ ਬਈ ਉਹ ਕੁੜੀ ਠੀਕ ਹੈ ਮੈਨੂੰ'।

'ਨਹੀਂ ਪਾਉਂਦਾ ਕੋਈ ਪੰਗਾ। ਕੋਈ ਪੰਗਾ ਨਹੀਂ ਪਾਉਂਦਾ। ਤੂੰ ਭੋਰਾ ਨਾ ਘਾਬਰ, ਡੈਡੀ। ਬੱਸ ਚੱਕ ਦੇ ਘੜੇ ਤੋਂ ਕੌਲਾ। ਗੱਲ ਐਨ ਪੱਕੀ ਐ ਮੇਰੇ ਕੰਨੀਓਂ। ਤੂੰ ਦਿਨ ਪੱਕਾ ਕਰ ਕੇ ਦੱਸ, ਜਿੱਦਣ ਪੱਕ-ਠੱਕ ਕਰਨੀ ਐਂ। ਮੈਂ ਆਇਆ ਲੈ', ਪਰਮਵੀਰ ਨੇ ਫ਼ੋਨ ਬੰਦ ਕਰ

ਦਿੱਤਾ ਹੈ ਤੇ ਅੰਦਰ ਵੱਲ ਮੁੜ ਆਇਆ ਹੈ।

'ਕੀ ਗੱਲ ਸਰਦਾਰਾ, ਕੋਈ ਖ਼ਾਸ ਈ ਕਹਾਣੀ ਲੱਗਦੀ ਐ, ਜਿਹੜਾ ਪਰ੍ਹਾਂ ਚਲਿਆ ਗਿਆ ਬਾਪੂ ਦਾ ਫ਼ੋਨ ਲੈ ਕੇ', ਆਸ਼ੂ ਨੇ ਸੂਟਾ ਖਿੱਚਦਿਆਂ ਕਿਹਾ ਹੈ।

'ਗੱਲ ਨੂੰ ਉਥੇ ਕਿਹੜਾ ਬਾਪੂ ਨੂੰ ਖਜ਼ਾਨਾ ਥਿਆ ਗਿਆ ਕੋਈ। ਉਹ ਤਾਂ ਐਵੇਂ ਵਿਆਹ-ਸ਼ਾਦੀ ਵਾਲੀ ਗੱਲ ਚੱਲਦੀ ਐ ਆਪਣੀ', ਕੁਰਸੀ ਮੱਲਦਿਆਂ ਬੋਲਿਆ ਹੈ ਪਰਮਵੀਰ।

'ਉਹੀ ਸਕੂਲ ਮਾਸਟਰਨੀ ਵਾਲੀ ਗੱਲ ਪੱਕੀ ਕਰ ਰਿਹੈਂ ਸਰਦਾਰਾ?' ਰਮਨ ਨੇ ਉਚੇਚ ਨਾਲ ਪੁੱਛਿਆ ਹੈ।

'ਓ ਆਹੋ ਯਾਰ। ਦੱਸਿਆ ਤਾਂ ਸੀ ਤੁਹਾਨੂੰ। ਕੁੜੀ ਐੱਮ ਏ, ਬੀ ਐੱਡ ਐ। ਸਰਕਾਰੀ ਸਕੂਲ 'ਚ ਮਾਸਟਰਨੀ ਲੱਗੀ ਐ। ਬਾਪੂ ਨੂੰ ਸਮਝ ਨਹੀਂ ਆ ਰਹੀ ਬਈ ਮੈਂ ਐਡੇ ਬੜੇ ਸ਼ਹਿਰ 'ਚ ਰਹਿ ਕੇ ਕੋਈ ਹਾਈ-ਫ਼ਾਈ ਕੁੜੀ ਕਿਉਂ ਨਹੀਂ ਟੋਲ੍ਹਦਾ। ਆਖ਼ਿਰ ਕਿਉਂ ਮੈਂ ਉਸਦੇ ਬਾਰੇ ਹਾਂ ਕਰ ਦਿੱਤੀ ਬਾਪੂ ਨੂੰ। ਹੁਣ ਬਾਪੂ ਵਿਚਾਰੇ ਨੂੰ ਕੀ ਪਤਾ, ਡੱਡਾਂ ਕਿਹੜੇ ਵੇਲੇ ਪਾਣੀ ਪੀਂਦੀਆਂ ਨੇ', ਰਮਨ ਦੇ ਪੱਟ 'ਤੇ ਹੱਥ ਮਾਰ ਉੱਚੀ-ਉੱਚੀ ਹੱਸਿਆ ਹੈ ਪਰਮਵੀਰ।

'ਤੇਰੀਆਂ ਡੱਡਾਂ ਦਾ ਤਾਂ ਯਾਰ ਸਾਨੂੰ ਵੀ ਪਤਾ ਨਹੀਂ ਲੱਗਦਾ, ਕਿਹੜੇ ਵੇਲੇ ਪਾਣੀ ਪੀ ਜਾਂਦੀਆਂ ਨੇ', ਬੱਗੇ ਨੇ ਪਰਮਵੀਰ ਦੀ ਹਾਸੀ ਨੂੰ ਬੋਚਿਆ ਹੈ।

'ਉਂ ਦੱਸ ਤਾਂ ਸਹੀ ਬਈ ਸਰਦਾਰਾ, ਮਾਸਟਰਨੀ ਵਾਲੀ ਕਹਾਣੀ ਆਖ਼ਿਰ ਹੈ ਕੀ। ਨਾਲੇ ਤੂੰ ਕਹਿੰਨਾਂ ਹੁੰਨੈਂ ਬਈ ਹੁਣ ਚੰਡੀਗੜ੍ਹ ਤੋਂ ਥੱਲੇ ਨਹੀਂ ਉੱਤਰਨਾ ਸਾਰੀ ਉਮਰ। ਕੁੜੀ ਵੀ ਜੀਨ ਜਾਂ ਸਕਰਟ ਆਲ਼ੀ ਤੋਂ ਘੱਟ ਨਹੀਂ ਪਸੰਦ ਆਉਂਦੀ ਤੈਨੂੰ। ਫ਼ਿਰ ਆਹ ਮਾਸਟਰਨੀ ਆਲ਼ਾ ਚੱਕਰ ਕੀ ਐ, ਸਾਨੂੰ ਤਾਂ ਸਮਝਾ ਦੇ ਯਾਰ', ਆਸ਼ੂ ਨੇ ਸਿਗਰਟ ਨੂੰ ਪੈਰ ਥੱਲੇ ਮਸਲਦਿਆਂ ਸਵਾਲ ਕੀਤਾ ਹੈ।

'ਤੂੰ ਵੀ ਮ੍ਹਾਤੜ ਈ ਰਿਹਾ ਯਾਰ ਆਸ਼ੂ। ਤੇਰੇ ਪੱਲੇ ਈ ਨਹੀਂ ਪਈ ਗੱਲ ਅਜੇ! ਓ ਮਾਮਾ, ਮੇਰੀਆਂ ਗੱਲਾਂ ਦੋਏ ਪੱਕੀਆਂ ਨੇ। ਰਹਿਣਾ ਵੀ ਚੰਡੀਗੜ੍ਹ ਤੋਂ ਥੱਲੇ ਦੇ ਸ਼ਹਿਰ 'ਚ ਨਹੀਂ ਆਪਾਂ ਤੇ ਕੁੜੀ ਵੀ ਸਕਰਟ ਤੋਂ ਥੱਲੇ ਵਾਲੀ ਨਹੀਂ ਪਸੰਦ ਯਾਰਾਂ ਨੂੰ। ਪਰ ਗੱਲ ਇਹ ਵੀ ਤਾਂ ਸਮਝ ਬਈ ਇਹ ਸਹੇਲੀ ਬਣਾਉਣ ਬਾਰੇ ਗੱਲ ਨਹੀਂ ਹੋ ਰਹੀ। ਇਹ ਤਾਂ ਝਾਂਜਰਾਂ ਤੇ ਨੱਥ ਪਾਉਣ ਆਲ਼ੀ ਬਾਰੇ ਗੱਲ ਹੋ ਰਹੀ ਐ। ਆਪਾਂ ਉਹਨੂੰ ਪਿੰਡ ਲਿਆਉਣੈ, ਆਪਣੀ ਹਵੇਲੀ ਵਿਚ। ਜਦੋਂ ਕਦੇ ਪੰਦਰੀ-ਵੀਹੀਂ ਦਿਨੀਂ ਜਾਇਆ ਕਰਾਂਗੇ, ਵਿਚਾਰੀ ਸੇਵਾ ਕਰੂ। ਹੋਰ ਆਪਾਂ ਰੋਜ਼ ਕਿਤੇ ਉਹਤੋਂ ਧਾਰਾਂ ਲੈਣੀਆਂ ਨੇ। ਰੋਜ਼ ਦੀਆਂ ਧਾਰਾਂ ਦਾ ਹੱਲ ਤਾਂ ਇਥੇ ਹੋਈ ਜਾਣੈਂ ਆਪਣਾ। ਸਕਰਟਾਂ ਵਾਲੀਆਂ ਇਥੇ ਲੱਭ ਦੇ ਤੂੰ ਜਿੰਨੀਆਂ ਲੱਭਣੀਆਂ ਬਾਈ ਸਿਆਂ। ਯਾਰ ਕਿਤੇ ਭੱਜਦੇ ਨੇ', ਦੋਵੇਂ ਹੱਥਾਂ ਦੀ ਜੋਟੀ ਬਣਾ ਕੇ ਸਿਰ ਦੇ ਪਿੱਛੇ ਟਿਕਾਉਂਦਿਆਂ ਸ਼ਰਾਰਤੀ ਰੌਂਅ ਵਿਚ ਆ ਗਿਐ ਪਰਮਵੀਰ।

'ਤੇਰੀ ਆਹ ਗੱਲ ਤਾਂ ਮੇਰੀ ਵੀ ਸਮਝ ਤੋਂ ਬਾਹਰ ਐ ਯਾਰ। ਘਰ-ਪਰਿਵਾਰ ਤੋਂ ਬਿਨਾਂ ਤਾਂ ਜਮ੍ਹਾਂ ਈ 'ਕੱਲਾ ਹੋ ਜਾਂਦੈ ਬੰਦਾ। ਬਾਪੂ-ਬੇਬੇ ਨੇ ਵੀ ਸਦਾ ਨਹੀਂ ਬੈਠੇ ਰਹਿਣਾ। ਜੇ ਘਰ ਵਾਲੀ ਉਥੇ ਹੋਈ ਤੇ ਤੂੰ ਇਥੇ, ਤਾਂ ਕਾਹਦੀ ਜ਼ਿੰਦਗੀ ਐ ਯਾਰ। ਯਾਰ-ਬੇਲੀ ਤਾਂ ਊਂ ਈ ਵਕਤੀ ਹੁੰਦੇ ਨੇ। ਜਮ੍ਹਾਂ ਈ 'ਕੱਲਾ ਰਹਿ ਜੇਂਗਾ ਸਰਦਾਰਾ, ਜਮ੍ਹਾਂ ਈ 'ਕੱਲਾ', ਰਮਨ ਜਿਵੇਂ ਭੈਭੀਤ ਹੋ ਗਿਆ ਹੋਵੇ ਪਰਮਵੀਰ ਦੀ ਗੱਲ ਸੁਣ ਕੇ।

ਪਰਮਵੀਰ ਉੱਠ ਕੇ ਖੜ੍ਹਾ ਹੋ ਗਿਐ। ਹੱਥ ਰਮਨ ਦੇ ਮੋਢੇ 'ਤੇ ਰੱਖਦਿਆਂ ਬੋਲਿਐ, 'ਲੈ, ਰਹਿ ਜੂੰਗਾ 'ਕੱਲਾ ਮੈਂ। ਹੋਰ ਨ੍ਹੀਂ ਕੁਝ। ਆਹ ਬੱਗੇ ਆਲ਼ੀ ਨਾਗਣੀ, ਆਸ਼ੂ ਆਲ਼ੀ ਬੈਨਸਨ, ਤੇਰੇ ਆਲ਼ੀ ਬਲੈਂਡਰ, ਇਹ ਕਿਤੇ 'ਕੱਲਾ ਛੱਡ ਦੇਣਗੀਆਂ ਆਪਾਂ ਨੂੰ। ਨਾਲੇ ਫੇਰ ਚੰਡੀਗੜ੍ਹ ਤਾਂ ਪਰੀਆਂ ਦਾ ਸ਼ਹਿਰ ਐ। ਇਥੇ ਤਾਂ ਆਹ ਸਕਰਟਾਂ ਆਲ਼ੀਆਂ ਈ ਨਹੀਂ 'ਕੱਲਾ ਰਹਿਣ ਦਿੰਦੀਆਂ ਬੰਦੇ ਨੂੰ। ਬੱਸ ਜੇਬ 'ਚ ਮਾਲ ਚਾਹੀਦੈ, ਉਹ ਬਾਪੂ ਦੀ ਕਿਰਪਾ ਨਾਲ ਆਪਣੇ ਕੋਲ ਮੁੱਕਦਾ ਨਹੀਂ। ਓ ਨਾਲੇ ਫੇਰ ਅਬੋਹਰ ਕਿਹੜਾ ਪਰਦੇਸ ਐ। ਗੱਡੀਆਂ ਕੋਲ ਨੇ ਆਪਣੇ। ਜਦੋਂ ਜੀਅ ਕੀਤਾ ਜਾ ਕੇ ਆਪਣੀ ਨੱਥ ਆਲ਼ੀ ਦਾ ਬਟਨ ਦੱਬ 'ਤਾ। ਸਾਰੀ ਦੁਨੀਆਂ ਤਾਂ ਜੇਬ 'ਚ ਐ ਆਪਣੀ, 'ਕੱਲੇ ਨਹੀਂ ਰਹਿੰਦੇ ਸਰਦਾਰ, ਤੂੰ ਘਾਬਰ ਨਾ ਰਮਨ ਸਿਆਂ। ਤੂੰ ਆਹ ਅਲਮਾਰੀ 'ਚੋਂ ਆਪਣੀ ਬਲੈਂਡਰ ਕੱਢ 'ਕੇਰਾਂ, ਅੱਜ ਤਾਂ ਦਿਨੇ ਈ ਸਰੀਰ ਤੋੜ 'ਤਾ ਆਹ ਭਾਰੀਆਂ-ਭਾਰੀਆਂ ਗੱਲਾਂ ਨੇ'।

0 0 0

'ਮੌਮ, ਮੇਰੇ ਕੋਲ ਤੁਹਾਡੀਆਂ ਇਹਨਾਂ ਭਾਰੀਆਂ-ਭਾਰੀਆਂ ਗੱਲਾਂ ਦਾ ਕੋਈ ਜਵਾਬ ਨਹੀਂ। ਮੈਂ ਦੱਸ ਦਿੱਤਾ ਨਾ ਤੁਹਾਨੂੰ ਕਿ ਮੈਂ ਆਪੇ ਹੀ ਸੰਭਾਲ ਲਵਾਂਗੀ ਸਭ ਕੁਝ। ਵੈਸੇ ਵੀ ਤੁਹਾਡੇ ਤੇ ਡੈਡ ਕੋਲ ਟਾਈਮ ਹੀ ਕਿੱਥੇ ਹੈ ਮੇਰੇ ਲਈ! ਡੈਡ ਨੂੰ ਤਾਂ ਮੇਰੇ ਕੋਲ ਬੈਠਿਆਂ ਨੂੰ ਹਫ਼ਤੇ ਤੋਂ ਵੱਧ ਹੋ ਚੁੱਕੈ। ਆਹ ਵੇਖ ਲਵੋ, ਡਿਨਰ 'ਤੇ ਵੀ ਆਪਾਂ ਦੋਵੇਂ ਹੀ ਹਾਂ ਬੱਸ। ਸਾਰਾ-ਸਾਰਾ ਦਿਨ ਤਾਂ ਇਕੱਲੀ ਰਹਿੰਦੀ ਹਾਂ ਮੈਂ', ਰਾਜ ਨਾਲ ਬੌਂਡਿੰਗ ਨਾ ਬਣ ਸਕਣ ਬਾਰੇ ਮੌਮ ਦੇ ਸਵਾਲ ਤੋਂ ਬਿਫ਼ਰ ਗਈ ਹੈ ਅਰਾਧਿਆ।

'ਆਈ ਨੋ, ਬੇਟਾ। ਪਰ ਹੁਣ ਕਰ ਵੀ ਕੀ ਸਕਦੇ ਹਾਂ ਆਪਾਂ। ਘਰ ਦਾ ਖ਼ਰਚ ਵੀ ਤਾਂ ਵੇਖ। ਤਿੰਨ-ਤਿੰਨ ਕਾਰਾਂ ਦਾ ਫਿਊਲ। ਦੋ ਕਾਰਾਂ ਦੀ ਈ ਐਮ ਆਈ। ਛੇ ਫ਼ੋਨਾਂ ਦੇ ਬਿਲ। ਘਰ ਦੀ ਈ ਐਮ ਆਈ। ਸ਼ੌਪਿੰਗ। ਟ੍ਰੈਵਲ। ਨੈਟਵਰਕਿੰਗ। ਵਟ-ਨੌਟ[20]। ਤੇਰੀ ਤੇ ਮੇਰੀ ਸੈਲਰੀ 'ਚੋਂ ਤਾਂ ਆਪਣੇ ਦੋਵਾਂ ਦੇ ਖ਼ਰਚ ਹੀ ਨਿਕਲਦੇ ਨੇ। ਬਾਕੀ ਸਭ ਭਾਰ ਤਾਂ ਤੇਰੇ ਡੈਡ 'ਤੇ ਹੀ ਹੈ। ਏਨਾ ਕੰਮ ਕਰਦੇ ਨੇ ਤਦੇ ਹੀ ਤਾਂ ਆਪਾਂ ਖੁੱਲ੍ਹ ਕੇ ਜੀਅ ਪਾਉਂਦੀਆਂ ਹਾਂ। ਨਾਲੇ ਤੂੰ ਤੇ ਇਕੱਲੀ, ਕਮ ਔਨ...... ਯੂ ਹੈਵ ਏ ਹਿਊਜ ਲਿਸਟ ਆਫ਼ ਫੇਸਬੁੱਕ ਫ੍ਰੈਂਡਜ਼, ਮਾਈ ਗਰਲ'[21], ਮੌਮ ਨੇ ਅਰਾਧਿਆ ਦੀ ਗੱਲ੍ਹ 'ਤੇ ਪੋਲਾ ਜਿਹਾ ਮਾਰਦਿਆਂ ਕਿਹਾ ਹੈ।

ਡਿਨਰ ਦਾ ਸਾਰਾ ਸਮਾਨ ਨੈਨਾ ਮੇਜ਼ 'ਤੇ ਸਜਾ ਗਈ ਹੈ।

ਬੈਠੇ-ਬੈਠੇ ਅਰਾਧਿਆ ਨੇ ਡਾਈਨਿੰਗ 'ਤੇ ਪਏ ਸਾਰੇ ਸਮਾਨ ਦੀ ਫੋਟੋ ਖਿੱਚੀ ਹੈ। ਫੇਸਬੁੱਕ 'ਤੇ ਅਪਲੋਡ ਕਰਦਿਆਂ ਉਸਨੇ ਥੱਲੇ ਪੂਰੀ ਮਸਤੀ ਨਾਲ ਲਿਖ ਦਿੱਤਾ ਹੈ, 'ਲੈਵਿਸ਼ ਡਿਨਰ ਵਿਦ ਮੌਮ। ਹੋਮ ਇਜ਼ ਹੋਮ। ਵਾਓ'[22]। ਮੌਮ ਵੱਲ ਮੂੰਹ ਕਰਦਿਆਂ ਉਹ ਇੱਕੋਦਮ ਖ਼ੁਸ਼ੀ ਦੇ ਰੌਂਅ ਵਿਚ ਪਰਤ ਆਈ ਹੈ, 'ਉਹ ਤਾਂ ਹੈ ਹੀ, ਮੌਮ। ਫੇਸਬੁੱਕ 'ਤੇ ਤਾਂ ਪੂਰੀ ਏਂਜਲ[23] ਹੈ ਤੁਹਾਡੀ ਬੱਚੀ। ਉਥੇ ਤਾਂ ਮੇਰੀ ਸਿਰਫ਼ ਬ੍ਰਾਈਟ-ਸਾਈਡ[24] ਹੀ ਦਿਸਦੀ ਹੈ'।

'ਤੂੰ ਤਾਂ ਮੈਨੂੰ ਵੀ ਆਦਤ ਪਾ ਦਿੱਤੀ ਫੇਸਬੁੱਕ ਦੀ, ਅਰਾਧਿਆ। ਅੱਜ ਮੇਰੇ ਬੌਸ ਨੇ ਵੀ ਮੈਨੂੰ ਫ੍ਰੈਂਡ ਰਿਕੁਐਸਟ ਭੇਜੀ ਹੈ, ਯੂ ਨੋ', ਮੌਮ ਵੀ ਚੁਲਬੁਲੇ ਅੰਦਾਜ਼ ਵਿਚ ਪਰਤ ਆਏ ਨੇ।

'ਓ ਹੋਅ...... ਦੈਟ ਇਜ਼ ਗ੍ਰੇਟ। ਕਰੋ ਕਰੋ ਐਕਸੈਪਟ। ਨੈਕਸਟ ਪਿਕ[25] ਬੌਸ ਨਾਲ ਡੇਟ ਦੀ ਹੀ ਦਿਖੇ ਹੁਣ ਮੈਨੂੰ', ਮੌਮ ਦੇ ਪੱਟ 'ਤੇ ਹੱਥ ਮਾਰਦਿਆਂ ਬੋਲੀ ਹੈ ਅਰਾਧਿਆ। 'ਓ, ਸ਼ੱਟ ਅਪ ਯੂ ਨੌਟੀ ਗਰਲ'[26], ਮੌਮ ਜਿਵੇਂ ਝੇਂਪ ਗਈ ਹੈ ਅਰਾਧਿਆ ਦੀ ਗੱਲ ਤੋਂ।

0 0 0

---

[20]ਕੀ ਨਹੀਂ, [21]ਤੇਰੇ ਫੇਸਬੁੱਕ ਵਾਲੇ ਦੋਸਤਾਂ ਦੀ ਲੰਬੀ ਸੂਚੀ ਹੈ, ਧੀਏ,, [22]'ਮਾਂ ਦੇ ਨਾਲ ਸ਼ਾਨਦਾਰ ਖਾਣੇ ਦਾ ਆਨੰਦ। ਘਰ ਆਖ਼ਿਰ ਘਰ ਹੀ ਹੁੰਦਾ ਹੈ। ਵਾਹ', [23]ਪਰੀ, [24]ਚਮਕ ਵਾਲਾ ਪਾਸਾ, [25]ਅਗਲੀ ਫੋਟੋ, [26]ਚੁੱਪ ਕਰ, ਸ਼ਰਾਰਤੀ ਕੁੜੀਏ,

'ਇਹ ਗੱਲਾਂ ਕਿਸੇ ਦੇ ਬਸ 'ਚ ਤਾਂ ਹੁੰਦੀਆਂ ਨਹੀਂ, ਅੰਕਲ। ਹਾਲੇ ਕੁਝ ਦਿਨ ਪਹਿਲਾਂ ਤਕ ਤਾਂ ਜਮ੍ਹਾਂ ਈ ਠੀਕ-ਠਾਕ ਸੀ। ਸਾਡੇ ਨਾਲ ਈ ਹੁੰਦਾ ਸੀ ਸਾਰਾ-ਸਾਰਾ ਦਿਨ। 'ਕੱਠੇ ਬਹਿੰਦੇ-ਉੱਠਦੇ, 'ਕੱਠੇ ਖਾਂਦੇ-ਪੀਂਦੇ। ਬੱਸ ਤੁਸੀਂ ਹਿਸਾਬ ਲਾ ਲਓ ਬਈ ਸਿਰਫ਼ ਸੌਂਦੇ ਅੱਡੋ-ਅੱਡੀ ਸੀ। ਬਾਕੀ ਸਭ ਤਾਂ ਸਾਂਝਾ ਈ ਸੀ ਸਾਡਾ', ਰਮਨ ਦੇ ਸਸਕਾਰ ਤੋਂ ਮੁੜਦਿਆਂ ਰੋ-ਰੋ ਅੱਧੇ ਰਹਿ ਗਏ ਰਮਨ ਦੇ ਬਾਪੂ ਨੂੰ ਹੌਂਸਲਾ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰਮਵੀਰ।

ਰਮਨ ਦੇ ਬਾਪੂ ਤੋਂ ਜਿਵੇਂ ਪੈਰ ਹੀ ਨਾ ਪੁੱਟਿਆ ਜਾ ਰਿਹਾ ਹੋਵੇ। ਗੱਲ ਹੈ ਵੀ ਬਹੁਤ ਭਿਆਨਕ। ਜਵਾਨ ਪੁੱਤ ਦਾ ਤੁਰ ਜਾਣਾ ਕਿਤੇ ਖੇਡ ਪਈ ਹੈ ਇਹ ਦੁੱਖ ਜਰਨਾ।

'ਤੁਸਾਂ ਸਾਨੂੰ ਪਹਿਲਾਂ ਕਿਉਂ ਨਾ ਦੱਸਿਆ ਮੁੰਡੇ ਦੇ ਢਿੱਲੇ ਹੋਣ ਬਾਰੇ, ਕਾਕਾ। ਅਸੀਂ ਆਪ ਏ ਕੋਈ ਹੀਲਾ ਕਰਦੇ। ਮੁੰਡਾ ਇਕੱਲਾ ਤਾਂ ਨਹੀਂ ਸੀ ਜਹਾਨ 'ਤੇ। ਪੂਰਾ ਟੱਬਰ ਸੀ ਇਹਦਾ। ਕਿੱਡੀ ਕੁ ਦੂਰ ਐ ਭਲਾ ਬੁਢਲਾਢਾ ਇਥੋਂ। ਮੈਂ ਤਾਂ ਝੱਟ ਆ ਖੜ੍ਹਦਾ। ਮੈਨੂੰ ਤਾਂ ਆਸ਼ੂ ਦਾ ਫ਼ੋਨ ਗਿਆ ਵੱਡੇ ਤੜਕੇ ਬਈ ਮੁੰਡਾ ਢਿੱਲੈ। ਮੈਂ ਤਾਂ ਇਹਦੀ ਬੇਬੇ ਨੂੰ ਦੱਸਿਆ ਈ ਨਹੀਂ। ਇਥੇ ਆ ਕੇ ਵੀ ਤੁਸੀਂ ਸਾਰਿਆਂ ਨੇ ਰੋਕ 'ਤਾ ਬਈ ਘਰੇ ਚੀਕ-ਚਿਹਾੜਾ ਨਾ ਏ ਪਾਓ ਇਕਦਮ। ਹੁਣ ਮੈਂ ਇਹਦੀ ਬੇਬੇ ਨੂੰ ਕੀ ਆਖੂੰ। ਉਹ ਤਾਂ ਆਪ ਵਿਚਾਰੀ ਕੈਂਸਰ ਨੇ ਸੁੱਟੀ ਹੋਈ ਐ', ਫਿੱਸਿਆ ਪਿਆ ਰਮਨ ਦਾ ਬਾਪੂ ਖ਼ੌਰੇ ਕਿੱਥੋਂ ਸ਼ਬਦ ਲਿਆਇਆ ਹੈ ਬੋਲਣ ਵਾਸਤੇ।

ਪਰਮਵੀਰ ਕੋਲ ਕੋਈ ਜਵਾਬ ਨਹੀਂ ਉਸਦੀ ਕਿਸੇ ਗੱਲ ਦਾ। ਉਹ ਤਾਂ ਆਪ ਪਿਛਲੇ ਚਾਰ ਦਿਨਾਂ ਤੋਂ ਮਨਾਲੀ ਗਿਆ ਹੋਇਆ ਸੀ। ਮਸਾਂ ਕਿਤੇ ਕਰਕੇ ਪ੍ਰਿਯੰਕਾ ਨਾਲ ਗਾਟ੍ਹੀ ਸੈੱਟ ਆਈ ਸੀ ਉਹਦੀ। ਤੇ ਗਾਟ੍ਹੀ ਵੀ ਪੂਰੀ ਹੀ ਸੈੱਟ ਆ ਗਈ ਸੀ। ਉਹ ਤਿੰਨ ਰਾਤਾਂ ਨਾਲ ਰਹਿਣ ਨੂੰ ਮੰਨ ਗਈ ਸੀ ਤੇ ਪਰਮਵੀਰ ਨੇ ਟੈਂਕੀ ਫੁੱਲ ਕਰਾ ਕੇ ਦੱਬ ਦਿੱਤੀ ਸੀ ਕਿੱਲੀ ਬੋਲੈਰੋ ਦੀ। ਪਰਮਵੀਰ ਨੂੰ ਵੀ ਕੱਲ੍ਹ ਨ੍ਹੇਰੇ ਹੋਏ ਹੀ ਪਤਾ ਲੱਗਿਆ ਸੀ ਰਮਨ ਦੇ ਢਿੱਲੇ ਹੋਣ ਦਾ। ਦੱਸਿਆ ਤਾਂ ਬੱਗੇ ਨੇ ਦੋ ਦਿਨ ਪਹਿਲਾਂ ਵੀ ਸੀ ਕਿ ਰਮਨ ਤੋਂ ਰਾਤ ਨੂੰ ਵਾਧ-ਘਾਟ 'ਚ ਗ਼ਲਤ ਦਾਰੂ ਪੀਤੀ ਗਈ। ਪਰਮਵੀਰ ਨੇ ਉਦੋਂ ਜ਼ਿਆਦਾ ਗੌਲਿਆ ਵੀ ਨਹੀਂ ਸੀ ਗੱਲ ਨੂੰ। ਉਸਨੂੰ ਪਤਾ ਸੀ ਕਿ ਰਮਨ ਬਲੈਂਡਰ ਪ੍ਰਾਈਡ ਤੋਂ ਹੇਠਾਂ ਨਹੀਂ ਉੱਤਰਦਾ ਛੇਤੀ ਕੀਤਿਆਂ। ਕਦੇ ਕੋਈ ਬਹੁਤੀ ਹੀ ਖ਼ਾਸ ਗੱਲ ਹੋਵੇ ਤਾਂ ਦੇਸੀ ਨੂੰ ਮੂੰਹ ਮਾਰਦਾ ਸੀ। ਪਰਮਵੀਰ ਹੁਰਾਂ ਨੇ ਸਮਝਾਇਆ ਵੀ ਸੀ ਕਿੰਨੀ ਵੇਰ ਕਿ ਅੱਜਕੱਲ੍ਹ ਬਹੁਤ ਕੁਝ ਹੋ ਰਿਹਾ ਬਾਜ਼ਾਰ 'ਚ। ਐਵੇਂ ਨਾ ਦੇਸੀ ਕੰਨੀਂ ਜਾਇਆ ਕਰ, ਪੀਣੀ ਹੈ ਤਾਂ ਸ਼ਾਨ ਨਾਲ ਪੀਆ ਕਰ ਆਪਣੀ ਬਲੈਂਡਰ।

ਪਰਮਵੀਰ ਨੂੰ ਚੁੱਪ ਦੇਖ ਕੇ ਰਮਨ ਦੇ ਬਾਪੂ ਦੀ ਗੱਲ ਬੱਗੇ ਨੇ ਬੋਚੀ ਹੈ। 'ਬੱਸ ਕੀ ਦੱਸਦੇ ਜੀ। ਮੁੰਡਾ ਤਾਂ ਤੁਹਾਡਾ ਹੀਰਾ ਸੀ ਹੀਰਾ। ਅਸੀਂ ਤਾਂ ਕਦੇ-ਕਦਾਈਂ ਸ਼ੁਗਲ ਮੇਲਾ ਕਰ ਵੀ ਲੈਂਦੇ, ਇਹ ਤਾਂ ਨਾ ਕਦੇ ਦਾਰੂ, ਨਾ ਕੋਈ ਹੋਰ ਨਸ਼ਾ। ਉਸ ਦਿਨ ਵੀ ਸਾਡੇ ਕੋਲ਼ੇ ਬੈਠਾ ਗਿਐ, ਜਮ੍ਹਾਂ ਈ ਸੋਫ਼ੀ। ਫੇਰ ਪਤਾ ਨਹੀਂ ਕੀ ਮਨ 'ਚ ਆਈ ਹੈ, ਆਪਣੇ ਕਮਰੇ ਨਾਲ ਦੇ ਠੇਕੇ ਤੋਂ ਦੇਸੀ ਲੈ ਕੇ ਪੀਂਦਾ ਰਿਹੈ ਰਾਤ ਤਕ। ਦਾਰੂ ਕਿਹੜਾ ਸਹੀ ਵੇਚਦੇ ਨੇ ਸਹੁਰੀ ਦੇ ਅੱਜਕੱਲ੍ਹ। ਸਾਨੂੰ ਤਾਂ ਸਵੇਰੇ ਪਤਾ ਲੱਗਿਆ ਤਾਂ ਚੁੱਕ ਕੇ ਹਸਪਤਾਲ ਲਿਆਏ। ਤੁਹਾਨੂੰ ਦੱਸਣੋਂ ਰਮਨ ਨੇ ਹੀ ਮਨ੍ਹਾ ਕੀਤਾ ਸੀ, ਅਖੇ ਐਵੇਂ ਫ਼ਿਕਰ ਕਰਨਗੇ', ਬੱਗੇ ਨੇ ਆਸ਼ੂ ਦੇ ਹੁੰਘਾਰੇ ਨਾਲ ਗੱਲ ਆਖੀ ਹੈ।

ਪਰਮਵੀਰ ਨੂੰ ਤੁਰਦੇ-ਤੁਰਦੇ ਘੁਮੇਰ ਜਿਹੀ ਆ ਰਹੀ ਹੈ ਜਿਵੇਂ। ਇਕ ਤਾਂ ਊਂ ਈ ਕੁਝ ਨਹੀਂ ਬਚਦਾ ਸਰੀਰ 'ਚ ਚਾਰ-ਪੰਜ ਦਿਨ ਦੱਬ ਕੇ ਮੌਜ-ਮੇਲਾ ਕਰਨ ਪਿੱਛੋਂ, ਦੂਜਾ ਮਿੱਤਰ ਦਾ ਤੁਰ ਜਾਣਾ, ਤੀਜਾ ਸਰੀਰ ਦੇ ਅੰਦਰ ਨਹੀਂ ਗਿਆ ਕੁਝ ਸਵੇਰ ਦਾ। ਉਸਨੇ ਬੱਗੇ ਵੱਲ ਅੱਖ ਦੱਬੀ ਹੈ ਤੇ ਉਹ ਦੋਵੇਂ ਆਸ਼ੂ ਨੂੰ ਰਮਨ ਦੇ ਬਾਪੂ ਹੋਰਾਂ ਨਾਲ ਆਉਣ ਲਈ ਕਹਿ ਕੇ ਆਪ ਅਗਲਾ ਪ੍ਰਬੰਧ ਦੇਖਣ ਦੇ ਬਹਾਨੇ ਮੂਹਰੇ-ਮੂਹਰੇ ਹੋ ਤੁਰੇ ਨੇ।

'ਹੈਗਾ ਕੁਝ ਕੋਲ਼ੇ ਬੱਗਿਆ', ਪਰਮਵੀਰ ਨੇ ਆਸ ਜਿਹੀ ਨਾਲ ਪੁੱਛਿਆ ਹੈ।

ਬੱਗੇ ਨੇ ਜੇਬ 'ਚੋਂ ਲਿਫਾਫੀ ਜਿਹੀ ਕੱਢੀ ਹੈ ਤੇ ਅਫ਼ੀਮ ਦਾ ਭੋਰਾ ਪਰਮਵੀਰ ਦੇ ਹੱਥ ਫੜਾਇਆ ਹੈ। ਆਪ ਵੀ ਇਕ ਗੋਲ਼ੀ ਬਣਾ ਕੇ ਅੰਦਰ ਸੁੱਟੀ ਹੈ।

'ਸਾਲ਼ਾ, ਜਮ੍ਹਾਂ ਈ 'ਕੱਲਾ ਰਿਹਾ ਸਰਦਾਰਾ, ਉਹ ਰਾਤ ਤਾਂ ਰਮਨ। ਤੂੰ ਕਹਿੰਨਾ ਹੁੰਨੈਂ ਨਾਗਣੀ ਕੋਲ਼ੇ ਐ, ਬੱਤੀ ਨਾਲ ਐ, ਦਾਰੂ ਦਾ ਸਾਥ ਐ, ਨੱਢੀਆਂ ਨੇੜੇ ਨੇ। ਦੱਸ ਕੀ ਕੰਮ ਆਇਆ ਆਪਣੇ ਬਾਈ ਦੇ। ਦਾਰੂ ਗ਼ਲਤ ਮਿਲ ਗਈ। ਰਾਤ ਨੂੰ ਖ਼ੌਰੇ ਕਿੰਨਾ ਕੁ ਤੜਫਿਆ ਹੋਣਾ ਵਿਚਾਰਾ। ਉਹ ਤਾਂ ਮੈਂ ਸਵੇਰੇ ਲੈਣ ਗਿਆ ਉਹਨੂੰ, ਗੇੜੀ-ਗੂੜੀ 'ਤੇ ਜਾਣ ਲਈ, ਤਾਂ ਦਰਵਾਜ਼ਾ ਨਾ ਖੋਲ੍ਹੇ। ਮੈਂ ਕੰਧ ਟੱਪ ਕੇ ਅੰਦਰ ਵੜਿਆ ਤਾਂ ਵੇਖਿਆ, ਉਹ ਤਾਂ ਬੇਹੋਸ਼ ਪਿਆ। ਮੈਂ ਆਸ਼ੂ ਨੂੰ ਸੱਦਿਆ, ਤਾਂ ਕਿਤੇ ਹਸਪਤਾਲ ਲੈ ਕੇ ਗਏ। ਪਰ ਬਚਿਆ ਨਹੀਂ ਆਪਣਾ ਬਾਈ ਰਮਨ, ਸਰਦਾਰਾ। ਟੱਬਰ 'ਚ ਰਹੇ ਬਿਨਾਂ ਗੁਜ਼ਾਰਾ ਹੈ ਨਹੀਂ ਉਹ ਬਾਈ ਕੋਈ', ਬੱਗੇ ਦੀਆਂ ਅੱਖਾਂ ਅੱਗਿਓਂ ਜਿਵੇਂ ਕੋਈ ਬੰਨ੍ਹ ਟੁੱਟ ਗਿਆ ਹੋਵੇ।

'ਹੂੰਅ, ਗੱਲ ਤਾਂ ਤੇਰੀ ਠੀਕ ਲਗਦੀ ਐ। ਪਰ ਟੱਬਰ-ਟੁੱਬਰ 'ਚ ਨਜ਼ਾਰਾ ਵੀ ਕੋਈ ਨਹੀਂ, ਬੱਗਿਆ। ਐਵੇਂ ਬੰਨ੍ਹਿਆ ਜਿਹਾ ਰਹਿੰਦਾ ਬੰਦਾ। ਜਿੰਨਾ ਚਿਰ ਜਿਊਣਾ, ਉਨਾ ਚਿਰ ਤਾਂ ਬੁੱਲੇ ਲੁੱਟੋ। ਤੂੰ ਸਿਗਰਟ ਕੱਢ ਜੇ ਹੈਗੀ ਕੋਲ਼ ਤਾਂ', ਪਰਮਵੀਰ ਦੇ ਅੰਦਰ ਗਈ ਨਾਗਣੀ ਪ੍ਰਚੰਡ ਹੋ ਗਈ ਹੈ।

0 0 0

ਬੜੀ ਅਪਸੈਟ ਹੈ ਅੱਜ ਅਰਾਧਿਆ ਅੰਦਰੋਂ।

ਵੈਸੇ ਤਾਂ ਅੱਜ ਵੀ ਉਸਦੇ 'ਗੋਇੰਗ ਟੂ ਬੀ ਏ ਲੌਂਗ ਡੇਅ, ਮੀਟਿੰਗਜ਼ ਵਿਦ ਦ ਐਚ ਆਰ ਟੀਮ'[27], ਵਾਲੇ ਸਟੇਟਸ 'ਤੇ ਢੇਰਾਂ ਦੇ ਢੇਰ ਕੁਮੈਂਟ ਆਏ। ਇਉਂ ਲੱਗ ਰਿਹਾ ਸੀ ਜਿਵੇਂ ਸਾਰਾ ਸੋਸ਼ਲ ਮੀਡੀਆ ਹੀ ਉਸਨੂੰ ਸ਼ੁਭ-ਇੱਛਾਵਾਂ ਦੇਣ ਆ ਗਿਆ ਹੋਵੇ। ਇਹ ਗੱਲ ਹੋਰ ਹੈ ਕਿ ਨਾ ਉਸਦੀ ਮੌਮ ਕੋਲ ਟਾਈਮ ਸੀ ਉਸਨੂੰ ਵਿਸ਼ ਕਰਨ ਦਾ ਤੇ ਨਾ ਹੀ ਡੈਡ ਕੋਲ। ਰਾਜ ਨੂੰ ਕੱਲ੍ਹ ਦੱਸਿਆ ਸੀ ਮੀਟਿੰਗ ਬਾਰੇ, ਤਾਂ ਉਸਦਾ ਫ਼ੋਨ ਜ਼ਰੂਰ ਆ ਗਿਆ ਸੀ ਅੱਜ ਸਵੇਰੇ।

ਮੀਂਹ ਦੇ ਮੌਸਮ ਵਿਚ ਦਫ਼ਤਰ ਜਾਂਦਿਆਂ ਕਾਰ ਦੀ ਰਾਈਡ ਦਾ ਪੂਰਾ ਮਜ਼ਾ ਲਿਆ ਸੀ ਅਰਾਧਿਆ ਨੇ। ਬੈਨੇਟਨ ਵਾਲੀ ਨਵੀਂ ਸ਼ਰਟ, ਰਿਵਰ ਆਈਲੈਂਡ ਵਾਲੀ ਪੈਂਸਿਲ ਸਕਰਟ, ਓਕਲੇ ਦੇ ਨਵੇਂ ਸ਼ੇਡਜ਼, ਪੂਰੀ ਜ਼ਬਰਦਸਤ ਦਿੱਖ ਵਿਚ ਸੀ ਅੱਜ ਅਰਾਧਿਆ। ਲਾਲ ਬੱਤੀ 'ਤੇ ਖੜ੍ਹੀ ਨੇ ਹੀ ਦੋ ਸੈਲਫ਼ੀਜ਼ ਖਿੱਚ ਕੇ ਅਪਲੋਡ ਕੀਤੀਆਂ ਸਨ ਫੇਸਬੁੱਕ 'ਤੇ। ਬੱਸ ਫੇਰ ਤਾਂ ਸਾਰਾ ਰਸਤਾ ਟਕ-ਟਕ ਚਲਦੀ ਰਹੀ ਸੀ।

'ਹੁਣ ਜਦ ਕੰਪਨੀ ਨੇ ਲੇਅ-ਆਫ[28] ਕਰਨ ਦਾ ਸੋਚ ਹੀ ਲਿਐ ਤਾਂ ਕੋਈ ਕਰ ਵੀ ਕੀ ਸਕਦੈ। ਮੇਰੀ ਕਿਹੜਾ 'ਕੱਲੀ ਦੀ ਜੌਬ ਜਾਣੀ ਹੈ। ਪੂਰਾ ਚੰਡੀਗੜ੍ਹ ਆਫ਼ਿਸ ਹੀ ਬੰਦ ਹੋ

[27]ਅੱਜ ਦਾ ਦਿਨ ਬਹੁਤ ਵੱਡਾ ਦਿਨ ਹੈ। ਸਾਰਾ ਦਿਨ ਅਮਲਾ ਸ਼ਾਖਾ ਵਾਲਿਆਂ ਨਾਲ ਮੀਟਿੰਗਾਂ ਹਨ, [28]ਛਾਂਟੀ

ਰਿਹਾ ਹੈ। ਐਂਟੀ-ਆਊਟਸੋਰਸਿੰਗ[29] ਲਈ ਪ੍ਰੈਸ਼ਰ ਜੋ ਏਨਾ ਵਧਾ ਦਿੱਤਾ ਹੈ ਓਬਾਮਾ ਐਡਮਿਨਿਸਟ੍ਰੇਸ਼ਨ ਨੇ। ਕੰਪਨੀ ਵੀ ਕੀ ਕਰੇ? ਚਲੋ ਨੋ ਪ੍ਰੌਬਲਮ। ਕੋਈ ਹੋਰ ਆਫ਼ਰ ਤਾਂ ਆ ਹੀ ਜਾਵੇਗੀ', ਆਪਣੇ ਰੂਮ ਵਿਚ ਬੈਠੀ ਖ਼ੁਦ ਨੂੰ ਦਿਲਾਸਾ ਦੇ ਰਹੀ ਹੈ ਅਰਾਧਿਆ।

ਇਹੋ ਜਿਹੇ ਸਮੇਂ ਅਰਾਧਿਆ ਖ਼ੁਦ ਨੂੰ ਸਮਝ ਨਹੀਂ ਪਾਉਂਦੀ। ਕਦੇ ਉਸਨੂੰ ਆਪਣੇ ਪਰਿਵਾਰ ਦਾ ਸੱਚ ਦਿਸਦਾ, ਜਿੱਥੇ ਨਾ ਮੌਮ ਨਾਲ ਕਿਸੇ ਤਰ੍ਹਾਂ ਦੀ ਕੋਈ ਖ਼ਾਸ ਬੌਂਡਿੰਗ ਹੈ, ਨਾ ਹੀ ਪਾਪਾ ਨਾਲ। ਕਦੇ ਉਹ ਆਪਣੇ ਦੋਸਤਾਂ-ਮਿੱਤਰਾਂ ਬਾਰੇ ਸੋਚਦੀ, ਜਿੱਥੇ ਉਸਦੇ ਸਿਰਫ਼ ਕੁਲੀਗ ਨੇ, ਦੋਸਤ ਤਾਂ ਕੋਈ ਵੀ ਨਹੀਂ ਸ਼ਾਇਦ, ਕਿਸੇ ਨਾਲ ਕੋਈ ਖ਼ਾਸ ਸਾਂਝ ਨਹੀਂ। ਰਾਜ ਬਾਰੇ ਤਾਂ ਅਰਾਧਿਆ ਦੀਆਂ ਆਪਣੀਆਂ ਹੀ ਯੋਜਨਾਵਾਂ ਨੇ। ਉਸਨੂੰ ਬੜਾ ਇਕੱਲਾ-ਇਕੱਲਾ ਮਹਿਸੂਸ ਹੁੰਦਾ ਇਹ ਸਭ ਸੋਚ ਕੇ। ਸਭ ਖਾਲੀ-ਖਾਲੀ ਜਿਹਾ ਲਗਦਾ। ਇਹਨਾਂ ਸਭ ਸੋਚਾਂ ਤੋਂ ਪ੍ਰੇਸ਼ਾਨ ਹੋ ਕੇ ਉਹ ਫੇਸਬੁੱਕ ਖੋਲ੍ਹ ਲੈਂਦੀ ਜਿੱਥੇ ਉਸਦੀ ਆਪਣੀ ਇਕ ਦੁਨੀਆਂ ਹੈ। ਜਿੱਥੋਂ ਦੀ ਏਂਜਲ ਹੈ ਉਹ। ਜਿੱਥੇ ਉਸਦੇ ਹਜ਼ਾਰਾਂ ਫ੍ਰੈਂਡਜ਼ ਤੇ ਫੌਲੋਅਰਜ਼ ਨੇ। ਉਹ ਚਿੱਲ[30] ਮਾਰਦੀ। ਆਪਣੀ ਬ੍ਰਾਈਟ ਸਾਈਡ ਵਿਖਾਉਂਦੀ। ਮਸਤ ਜਿਹਾ ਸਟੇਟਸ ਅਪਡੇਟ ਕਰਦੀ। ਨਵੀਂਆਂ ਪਿਕਸ ਖਿੱਚਦੀ। ਫੇਸਬੁੱਕ 'ਤੇ ਅਪਲੋਡ ਕਰ ਦਿੰਦੀ। ਉਸਦੇ ਕਨੈਕਸ਼ਨਜ਼ ਲਾਈਕਸ ਤੇ ਕੁਮੈਂਟਸ ਦੇ ਢੇਰ ਲਾ ਦਿੰਦੇ। ਅਰਾਧਿਆ ਅਸਮਾਨ ਵਿਚ ਉੱਡਣ ਲਗਦੀ, ਪਰੀ ਬਣਕੇ। ਉਸਨੂੰ ਬਾਕੀ ਸਾਰਾ ਸੰਸਾਰ ਹੀਣਾ ਜਿਹਾ ਲਗਦਾ ਤੇ ਉਹ ਐਨਜੁਆਏ ਕਰ ਰਹੀ ਹੁੰਦੀ।

ਇਹਨਾਂ ਦੋਵਾਂ ਵਿਚੋਂ ਅਸਲ ਜ਼ਿੰਦਗੀ ਕਿਹੜੀ ਹੈ, ਕੁਝ ਪਤਾ ਨਹੀਂ ਚੱਲਦਾ ਅਰਾਧਿਆ ਨੂੰ। ਕਦੇ ਉਸਨੂੰ ਲਗਦਾ ਜਿਵੇਂ ਉਹ ਸੱਚਮੁੱਚ ਏਂਜਲ ਹੋਵੇ। ਦੁਨੀਆਂ ਦੀ ਸਭ ਤੋਂ ਮਸ਼ਹੂਰ, ਖ਼ੁਸ਼ ਤੇ ਚੁਲਬੁਲੀ ਕੁੜੀ ਜਿਸਦੀ ਹਰੇਕ ਗੱਲ ਦੀ ਕੀਮਤ ਹੋਵੇ। ਹਜ਼ਾਰਾਂ ਸੁਣਨ ਵਾਲੇ ਹੋਣ। ਤੇ ਕਦੇ ਉਸਨੂੰ ਲਗਦਾ ਜਿਵੇਂ ਉਹ ਦੁਨੀਆਂ ਦੀ ਸਭ ਤੋਂ ਬਦਕਿਸਮਤ ਕੁੜੀ ਹੋਵੇ ਜਿਸਦੀ ਨਾ ਮਾਂ-ਪਿਓ ਨੂੰ ਪਰਵਾਹ ਹੈ, ਨਾ ਦੋਸਤਾਂ ਨੂੰ, ਤੇ ਨਾ... । ਫ਼ਿਰ ਉਹ ਸੋਚਦੀ ਜਿਵੇਂ ਉਸਦੀ ਫੇਸਬੁੱਕ ਪ੍ਰੋਫ਼ਾਈਲ ਇਕ ਫਿਲਮੀ ਰੋਲ ਹੈ, ਜਿਸਨੂੰ ਉਹ ਬਾਖ਼ੂਬੀ ਨਿਭਾਅ ਰਹੀ ਹੈ। ਪਰ ਉਸਨੂੰ ਡਰ ਵੀ ਲਗਦਾ, ਕਿਤੇ ਇਸ ਰੋਲ ਵਿਚ ਉਹ ਏਨੀ ਲੀਨ ਨਾ ਹੋ ਜਾਵੇ ਕਿ ਅਸਲੀਅਤ ਨੂੰ ਭੁੱਲ ਹੀ ਜਾਵੇ।

'ਉਫ਼, ਇਹ ਹੈਵੀ ਸੋਚਾਂ ਤਾਂ ਸਿਰ ਫਟਣ ਲਾ ਦੇਣਗੀਆਂ', ਅਰਾਧਿਆ ਨੇ ਆਪਣੇ ਆਪ ਨੂੰ ਕਿਹਾ ਹੈ। ਉਹ ਉੱਠ ਕੇ ਕਮਰੇ 'ਚੋਂ ਬਾਹਰ ਆ ਗਈ ਹੈ। ਬਾਹਰ ਵਾਲਾ ਗੇਟ ਖੋਲ੍ਹ ਕੇ ਖੜ੍ਹੀ ਹੋ ਗਈ ਹੈ। ਬਾਰਿਸ਼ ਪੈਣ ਤੋਂ ਬਾਅਦ ਮੌਸਮ ਬੜਾ ਰੰਗੀਨ ਹੋ ਗਿਆ ਹੈ। ਅਰਾਧਿਆ ਨੇ ਸੈਲਫੀ ਲਈ ਹੈ। ਫੇਸਬੁੱਕ 'ਤੇ ਅਪਲੋਡ ਕਰਕੇ ਹੇਠਾਂ ਲਿਖ ਦਿੱਤਾ ਹੈ, 'ਔਸਮ ਵੈਦਰ... ਐਨਜੁਆਇੰਗ ਦ ਫ੍ਰੈਸ਼ਨੈੱਸ ਆਫ਼ ਦ ਈਵਨਿੰਗ'[31], ਤੇ ਵਾਪਸ ਆਪਣੇ ਕਮਰੇ ਵਿਚ ਪਰਤ ਆਈ ਹੈ।

ਆਇਆ ਤਾਂ ਉਸਨੂੰ ਮਿਲਣ ਬਾਪੂ ਦੇ ਜ਼ੋਰ ਪਾਉਣ 'ਤੇ ਹੀ ਸੀ ਪਰਮਵੀਰ, ਨਹੀਂ ਆਪਣੇ ਚਿੱਤ 'ਚ ਤਾਂ ਕੋਈ ਕਿੰਤੂ-ਪਰੰਤੂ ਸੀ ਹੀ ਨਹੀਂ ਉਸਦੇ, ਮਾਸਟਰਨੀ ਨਾਲ ਵਿਆਹ ਕਰਵਾਉਣ ਬਾਰੇ। ਉਹਨੇ ਫੋਟੋ ਤਾਂ ਵੇਖੀ ਹੀ ਹੋਈ ਸੀ ਸੁਖਮਨ ਦੀ। ਫੋਟੋ ਤੋਂ ਮਾੜੀ ਨਹੀਂ ਸੀ ਲੱਗੀ ਉਹ ਪਰਮਵੀਰ ਨੂੰ। ਪਰ ਅੱਜ ਸਾਹਮਣੇ ਵੇਖ ਕੇ ਤਾਂ ਜਿਵੇਂ ਥਾਏਂ ਜੰਮ ਗਿਆ ਹੋਵੇ ਪਰਮਵੀਰ। 'ਸਾਡੇ 'ਲਾਕਿਆਂ 'ਚ ਵੀ ਇਹੋ ਜਿਹਾ ਮਾਲ ਹੈਗੈ!' ਮਨ ਹੀ ਮਨ ਬੋਲਿਆ ਸੀ ਉਹ।

---

[29]ਆਪਣੇ ਮੁਲਕ ਦੇ ਕੰਮ ਬਾਹਰਲੇ ਮੁਲਕਾਂ ਦੇ ਮੁਲਾਜ਼ਮਾਂ ਨੂੰ ਦੇਣੇ, [30]ਮਸਤੀ [31]'ਬਹੁਤ ਕਮਾਲ ਦਾ ਮੌਸਮ ਹੈ ... ਸ਼ਾਮ ਦੀ ਤਾਜ਼ਗੀ ਦਾ ਮਜ਼ਾ ਲੈ ਰਹੀ ਹਾਂ'

'ਤੁਹਾਨੂੰ ਮੁਸ਼ਕਿਲ ਹੋਇਆ ਹੋਵੇਗਾ ਨਾ, ਕੱਲ੍ਹ ਚੰਡੀਗੜ੍ਹੋਂ ਅਬੋਹਰ ਆਏ ਹੋਵੋਂਗੇ ਤੇ ਅੱਜ ਮਲੋਟ ਆਉਣਾ ਪੈ ਗਿਆ, ਮੈਨੂੰ ਮਿਲਣ', ਪੋਲੇ-ਪੋਲੇ ਬੋਲ ਨਿਕਲੇ ਨੇ ਸੁਖਮਨ ਦੇ ਮੂੰਹੋਂ।

'ਨਹੀਂ ਨਹੀਂ, ਡੈਡੀ ਜੀ ਦਾ ਹੁਕਮ ਮੈਂ ਕਦੇ ਨਹੀਂ ਟਾਲ਼ਦਾ। ਨਾਲੇ ਫੇਰ ਆਪਾਂ ਵਿਆਹ ਕਰਵਾਉਣਾ ਐ ਇਕ ਦੂਜੇ ਨਾਲ, ਮਿਲਣ ਦਾ ਸਮਾਂ ਤਾਂ ਕੱਢਣਾ ਹੀ ਪੈਣਾ ਸੀ। ਵੈਸੇ ਇਹ ਤਾਂ ਹੈ ਕਿ ਮੈਂ ਬਹੁਤ ਰੁੱਝਿਆ ਹੋਇਆ ਸੀ ਪੜ੍ਹਾਈ ਲਿਖਾਈ ਵਿਚ ਇਹਨੀਂ ਦਿਨੀਂ, ਪਰ...ਚਲੋ ਛੱਡੋ ਇਹਨਾਂ ਗੱਲਾਂ ਨੂੰ। ਤੁਸੀਂ ਇਹ ਦੱਸੋ ਕਿਸੇ ਖ਼ਾਸ ਥਾਂ 'ਤੇ ਬੈਠ ਗੱਲ ਕਰਨ ਦਾ ਮੂਡ ਹੈ ਜਾਂ ਕਾਰ ਵਿਚ ਹੀ ਲੰਬੇ ਰੂਟ 'ਤੇ ਹੋ ਲਈਏ ਤੇ ਗੱਲਾਂ-ਬਾਤਾਂ ਕਰਦੇ ਰਹੀਏ', ਸਹਿਜ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰਮਵੀਰ। 'ਜੀ, ਜਿਵੇਂ ਤੁਹਾਨੂੰ ਠੀਕ ਲੱਗੇ। ਮੈਂ ਤਾਂ ਤੁਹਾਡੇ ਹੁਕਮਾਂ ਦੀ ਪਾਲਣਾ ਕਰਨੀ ਐਂ', ਸੁਖਮਨ ਜਿਵੇਂ ਪੂਰਾ ਮਨ ਬਣਾ ਕੇ ਆਈ ਹੋਵੇ।

'ਹੁਕਮ ਤਾਂ ਕਾਹਦੇ! ਮੈਨੂੰ ਤਾਂ ਤੁਸੀਂ ਪਸੰਦ ਏ ਐਂ। ਪੜ੍ਹੇ-ਲਿਖੇ ਐਂ। ਕੰਮ-ਕਾਰ ਕਰਦੇ ਐਂ। ਮੈਂ ਤਾਂ ਬੱਸ ਏਨਾ ਈ ਚਾਹੁੰਨਾਂ ਕਿ ਤੁਸੀਂ ਬਾਪੂ-ਬੇਬੇ ਦੀ ਸੇਵਾ 'ਚ ਕੋਈ ਕਸਰ ਨਾ ਰਹਿਣ ਦੇਵੋਂ। ਮਾਪਿਆਂ ਦੀ ਸੇਵਾ ਈ ਮੇਰੀ ਜ਼ਿੰਦਗੀ ਦਾ ਟੀਚਾ ਐ। ਹੁਣ ਮੈਂ ਤਾਂ ਪੜ੍ਹਾਈ-ਲਿਖਾਈ ਤੇ ਕੰਮਾਂ-ਕਾਰਾਂ 'ਚ ਉਲਝਿਆ ਰਹਿੰਨੈਂ ਚੰਡੀਗੜ੍ਹ, ਪਿੱਛੇ ਮਾਪਿਆਂ ਦਾ ਫ਼ਿਕਰ ਵੱਢ-ਵੱਢ ਖਾਂਦੈ ਮੈਨੂੰ। ਬੱਸ ਮੇਰੇ ਟੱਬਰ ਨੂੰ ਸਾਂਭ ਲਿਓ ਤੁਸੀਂ। ਬਾਕੀ ਮੇਰਾ ਨਾ ਕੋਈ ਹੁਕਮ, ਨਾ ਇੱਛਿਆ', ਗੱਡੀ ਦੇ ਸੱਜੇ ਪਾਸਿਓਂ ਬਾਹਰ ਵੇਖਦਿਆਂ ਪਰਮਵੀਰ ਨੇ ਕਿਹਾ ਹੈ।

'ਪਰਿਵਾਰ ਦੀ ਤੁਸੀਂ ਭੋਰਾ ਫ਼ਿਕਰ ਨਾ ਕਰਿਓ। ਮੈਨੂੰ ਪਤਾ ਐ ਟੱਬਰ ਨੂੰ ਕਿਵੇਂ ਸਾਂਭੀਦੈ। ਮੇਰੀ ਮਾਂ ਮੇਰੇ ਨਿੱਕੀ ਹੁੰਦਿਆਂ ਈ ਤੁਰ ਗਈ ਸੀ। ਆਪਣੇ ਤੋਂ ਨਿੱਕੇ ਭਰਾ ਤੇ ਭੈਣ ਨੂੰ ਵੀ ਮੈਂ ਈ ਸਾਂਭਿਐ, ਪਿਤਾ ਜੀ ਨੂੰ ਵੀ, ਤੇ ਆਪਣੀ ਪੜ੍ਹਾਈ ਵੀ ਪੂਰੀ ਕੀਤੀ ਐ', ਸੁਖਮਨ ਦੇ ਅੰਦਰੋਂ ਸਵੈਮਾਣ ਬੋਲਿਆ ਹੈ। 'ਪਰ ਤੁਸੀਂ...... ਚੰਡੀਗੜ੍ਹ ਰਹੋਂਗੇ ਤੇ ਅਸੀਂ ਸਾਰੇ ਅਬੋਹਰ! ਮੈਂ 'ਕੱਲੇ ਟੱਬਰ ਨੂੰ ਹੀ ਨਹੀਂ ਸਾਂਭਣਾ, ਤੁਹਾਨੂੰ ਵੀ ਸਾਂਭਣੈ। ਆਪਾਂ ਸਾਰੇ ਈ ਕਿਉਂ ਨਾ ਉੱਥੇ ਚੱਲ ਰਹੀਏ! ਨਾਲੇ ਤੁਹਾਨੂੰ ਸਹਾਰਾ ਹੋਊ ਭੋਰਾ', ਸੁਖਮਨ ਦੇ ਅੰਦਰਲੀ ਔਰਤ ਨੇ ਸਾਹ ਭਰਿਆ ਹੈ।

ਪਰਮਵੀਰ ਥੋੜ੍ਹਾ ਘਬਰਾਇਆ ਹੈ। ਆਰਾਮ ਨਾਲ ਖੜ੍ਹ ਕੇ ਗੱਲ ਕਰਨ ਦਾ ਬਹਾਨਾ ਮਾਰਦਿਆਂ ਗੱਡੀ ਸਾਈਡ 'ਤੇ ਕਰ ਕੇ ਰੋਕੀ ਐ। 'ਉੱਥੇ ਜਾਣ ਅਰਗੀ ਤਾਂ ਰੀਸ ਨਹੀਂ ਕੋਈ ਪਰ ਆਪਣੀ ਜ਼ਮੀਨ-ਜਾਇਦਾਦ ਸਭ ਇੱਥੇ ਈ ਐ। ਨਾਲੇ ਫੇਰ ਮੰਮੀ-ਡੈਡੀ ਕਿੱਥੇ ਮੰਨਦੇ ਨੇ! ਦੂਜੀ ਗੱਲ ਇਹ ਕਿ ਮੈਂ ਤਾਂ ਟੱਬਰ ਲਈ ਤੁਰਿਆ-ਫਿਰਦਾ ਨਹੀਂ ਥੱਕਦਾ। ਹਰ ਹਫ਼ਤੇ ਆ ਜਿਆ ਕਰੂੰ ਪਿੰਡ। ਹਾਂ, ਜੇ ਤੁਹਾਡੇ ਆਖੇ ਲੱਗ ਕੇ ਮੰਮੀ-ਡੈਡੀ ਉੱਥੇ ਚੱਲਣ ਨੂੰ ਮੰਨ ਗਏ ਤਾਂ ਆਪਾਂ ਜ਼ਮੀਨ ਦਾ ਵੀ ਕੋਈ ਨਾ ਕੋਈ ਹੱਲ ਸੋਚ ਲਵਾਂਗੇ', ਪਰਮਵੀਰ ਜਿਵੇਂ ਅੱਕ ਚੱਬ ਕੇ ਬੋਲਿਆ ਹੈ।

ਖ਼ੌਰੇ ਕਿੱਥੇ ਗੁਆਚ ਗਈ ਹੈ ਸੁਖਮਨ। ਇਕ ਪਲ ਲਈ ਬਿਲਕੁਲ ਚੁੱਪ ਪਸਰ ਗਈ ਹੈ ਕਾਰ ਅੰਦਰ।

'ਮੈਂ ਇਕ ਗੱਲ ਹੋਰ ਪੁੱਛਣੀ ਚਾਹੁੰਨਾਂ ਤੁਹਾਥੋਂ, ਸੁਖਮਨ। ਤੁਹਾਡਾ ਕਦੇ ਕੋਈ ਅਫੇਅਰ ਰਿਹੈ ਕਿਸੇ ਮੁੰਡੇ ਨਾਲ', ਚੁੱਪ ਤੋਂ ਡਰ ਕੇ ਪਰਮਵੀਰ ਨੇ ਗੱਡੀ ਤੋਰਦਿਆਂ ਗੱਲ ਹੋਰ ਪਾਸੇ ਪਾਉਣੀ ਚਾਹੀ ਹੈ।

ਟਿਕਟਿਕੀ ਲਾਈ ਬਾਹਰ ਵੇਖਦੀ ਸੁਖਮਨ ਜਿਵੇਂ ਕਿਸੇ ਸਮਾਧੀ 'ਚੋਂ ਪਰਤ ਆਈ ਹੋਵੇ। 'ਮੈਂ ਇਹ ਗੱਲ ਕਰਨੀ ਤਾਂ ਦੂਰ, ਸੋਚੀ ਵੀ ਨਹੀਂ ਜੀ ਕਦੇ। ਮਾਂ ਕਹਿੰਦੀ ਹੁੰਦੀ ਸੀ, ਵੱਡੀ ਧੀ ਟੱਬਰ ਦੀ ਮੋੜ੍ਹੀ ਹੁੰਦੀ ਐ, ਉਹ ਸੰਭਲ ਜਾਏ ਤਾਂ ਬਾਕੀ ਨਿਆਣੇ-ਨਿੱਕੇ ਵੀ ਸੰਭਲੇ ਰਹਿੰਦੇ ਨੇ। ਮੇਰੇ 'ਤੇ ਤਾਂ ਜੀ ਘਰ ਦੇ, ਪੜ੍ਹਾਈ-ਲਿਖਾਈ ਦੇ, ਨੌਕਰੀ ਦੇ ਕੰਮ ਈ ਏਨੇ ਰਹੇ ਕਿ ਮੈਂ ਹੋਰ ਕਿਸੇ ਪਾਸੇ ਵੇਖਿਆ ਤਕ ਨਹੀਂ ਕਦੇ। ਮੈਂ ਤਾਂ ਬੱਸ ਰੱਬ ਤੋਂ ਹਮੇਸ਼ਾ ਇਹੋ ਮੰਗਿਐ ਕਿ ਮੈਨੂੰ ਆਪਣਾ ਆਪਾ, ਆਪਣੇ ਹੋਣ ਆਲ਼ੇ ਮਰਦ ਲਈ ਬਚਾ ਕੇ ਰੱਖਣ ਦਾ ਬਲ ਬਖਸ਼ੇ। ਮੈਂ ਤਾਂ ਸਿਰ ਤੋਂ ਪੈਰਾਂ ਤਕ ਸੁੱਚੀ ਆਂ, ਸਿਰਫ਼ ਤੇ ਸਿਰਫ਼ ਤੁਹਾਡੇ ਲਈ। ਤੁਸੀਂ ਮੇਰੀ ਜ਼ਿੰਦਗੀ 'ਚ ਆਉਣ ਆਲ਼ੇ ਪਹਿਲੇ ਤੇ ਆਖ਼ਰੀ ਮਰਦ ਹੋਵੋਂਗੇ। ਮੈਂ ਰੱਬ ਤੋਂ ਇਹੋ ਮੰਗਦੀ ਆਂ ਕਿ ਮੈਂ ਤੁਹਾਡੀ ਜ਼ਿੰਦਗੀ 'ਚ ਆਉਣ ਆਲ਼ੀ ਆਖ਼ਰੀ ਔਰਤ ਹੋਵਾਂ। ਪਹਿਲਾਂ ਤੁਹਾਡੀ ਜ਼ਿੰਦਗੀ 'ਚ ਕੀ ਸੀ, ਕੌਣ ਸੀ, ਮੈਨੂੰ ਕਦੇ ਫ਼ਰਕ ਨਹੀਂ ਪੈਣਾ, ਬੱਸ ਮੇਰੇ ਆਉਣ ਤੋਂ ਬਾਅਦ...', ਬੋਲਦੇ-ਬੋਲਦੇ ਰੁਕ ਗਈ ਹੈ ਸੁਖਮਨ। ਪਾਣੀ ਦੀ ਬੋਤਲ ਚੁੱਕ ਕੇ ਮੂੰਹ ਨੂੰ ਲਾਈ ਹੈ। ਦੋ ਲੰਮੇ-ਲੰਮੇ ਸਾਹ ਭਰੇ ਨੇ। ਫ਼ਿਰ ਬੋਲ ਪਈ ਹੈ, 'ਲੈ ਮੈਂ ਵੀ ਕੀਹਨੂੰ ਉਪਦੇਸ਼ ਦੇਣ ਲੱਗ ਪਈ। ਮੈਨੂੰ ਪਿਤਾ ਜੀ ਨੇ ਸਭ ਦੱਸ ਦਿੱਤੈ। ਤੁਸੀਂ ਤਾਂ ਦੇਵਤੇ ਓਂ ਦੇਵਤੇ। ਐਡੀ ਦੂਰ ਰਹਿ ਕੇ ਵੀ ਘਰ ਕੰਨੀ ਵੇਖਦੇ ਓਂ। ਕਿਸੇ ਨਸ਼ੇ-ਪੱਤੇ ਨੂੰ ਮੂੰਹ ਨਹੀਂ ਲਾਉਂਦੇ। ਮੁੰਡਿਆਂ-ਖੁੰਡਿਆਂ ਆਲ਼ੇ ਕੰਮਾਂ ਤੋਂ ਕੋਹਾਂ ਦੂਰ ਓਂ। ਸਭ ਦੱਸ ਦਿੱਤੈ ਮੈਨੂੰ ਪਿਤਾ ਜੀ ਨੇ। ਮੈਂ ਤਾਂ ਕਹਿੰਨੀ ਆਂ ਕਿ ਰੱਬ ਨੇ ਮੇਰੀ ਮੂਹਰੇ ਹੋ ਕੇ ਸੁਣ ਲਈ। ਮੇਰੀ ਸਾਰੀ ਤਪੱਸਿਆ ਨੂੰ ਫਲ ਲੱਗ ਗਿਆ, ਜਿਹੜਾ ਮੈਨੂੰ ਤੁਹਾਡੇ ਵਰਗਾ ਦੇਵਤਾ ਪੁਰਸ਼ ਮਿਲਿਐ', ਸੁਖਮਨ ਅੰਤਾਂ ਦੀ ਭਾਵੁਕ ਹੋ ਰਹੀ ਹੈ।ਸੁਖਮਨ ਦੇ ਬੋਲ ਪਰਮਵੀਰ ਦੇ ਸੀਨੇ 'ਚ ਵੱਜ ਰਹੇ ਨੇ। ਅਜਿਹੀਆਂ ਗੱਲਾਂ ਦੀ ਕੋਈ ਆਦਤ ਨਹੀਂ ਪਰਮਵੀਰ ਨੂੰ। ਉਸਨੂੰ ਲੱਗ ਰਿਹੈ ਜਿਵੇਂ ਉਸਦਾ ਸਿਰ ਘੁੰਮ ਰਿਹਾ ਹੋਵੇ। ਸੁਖਮਨ ਅਤੇ ਉਸ ਦੇ ਬਾਪੂ ਨੇ ਕਿੰਨੀਆਂ ਖੁਸ਼-ਫਹਿਮੀਆਂ ਪਾਲ ਰੱਖੀਆਂ ਨੇ ਉਸ ਬਾਰੇ। ਕੀ ਹੋਵੇਗਾ ਜੇ ਕਦੇ ਅਸਲੀਅਤ ਇਹਨਾਂ ਦੇ ਸਾਹਮਣੇ ਆ ਗਈ। ਪਰਮਵੀਰ ਦੇ ਮਨ ਅੰਦਰ ਇਹਨਾਂ ਸਭ ਸੋਚਾਂ ਨੇ ਖੌਰੂ ਪਾ ਦਿੱਤਾ ਹੈ। ਉਸਨੂੰ ਲੱਗਿਆ ਹੈ ਜਿਵੇਂ ਉਹ ਸਟੇਅਰਿੰਗ ਸੰਭਾਲ ਨਹੀਂ ਪਾਵੇਗਾ। ਗੱਡੀ ਵੱਜ ਜਾਵੇਗੀ ਕਿਧਰੇ ਉਸਤੋਂ। ਉਸਨੇ ਸਟੇਅਰਿੰਗ ਪੈਟ੍ਰੋਲ ਪੰਪ ਅੰਦਰ ਮੋੜ ਲਿਆ ਹੈ। ਡੀਜ਼ਲ ਪੁਆ ਕੇ ਪੈਸੇ ਦੇਣ ਤੋਂ ਬਾਅਦ ਗੱਡੀ ਉਸਨੇ ਪੰਪ ਅੰਦਰ ਸਾਈਡ 'ਤੇ ਲਾ ਦਿੱਤੀ ਹੈ। ਸੁਖਮਨ ਨੂੰ ਬਾਥਰੂਮ ਜਾਣ ਦਾ ਬਹਾਨਾ ਮਾਰਦਿਆਂ ਟੌਇਲੇਟ ਵੱਲ ਨੂੰ ਹੋ ਲਿਐ। ਅੰਦਰ ਜਾ ਕੇ ਖੱਬੀ ਜੁਰਾਬ 'ਚੋਂ ਨਿੱਕਾ ਜਿਹਾ ਲਿਫ਼ਾਫ਼ਾ ਕੱਢ ਅਫ਼ੀਮ ਦੀ ਗੋਲ਼ੀ ਬਣਾ ਕੇ ਜੀਭ 'ਤੇ ਰੱਖ ਲਈ ਐ।

'ਘਬਰਾਉਂਦਾ ਕਿਉਂ ਐਂ, ਸਰਦਾਰ ਪਰਮਵੀਰ ਸਿਆਂ। ਬਹੁਤਾ ਭਾਵੁਕ ਨਹੀਂ ਹੋਈਦਾ। ਮਨ ਤਕੜਾ ਕਰ। ਛੇਤੀ ਕਰਕੇ ਗੱਲ ਮੁਕਾ। ਇਹਨੂੰ ਘਰੇ ਛੱਡ ਕੇ ਚੰਡੀਗੜ੍ਹ ਵੀ ਪਹੁੰਚਣਾ ਐਂ। ਅੱਗੇ ਵੀ ਉਡੀਕਦੈ ਕੋਈ', ਸੌਖਾ ਜਿਹਾ ਹੋ ਬਾਹਰ ਆਉਂਦਿਆਂ ਆਪਣੇ ਆਪ ਨੂੰ ਸਮਝਾਇਆ ਹੈ ਪਰਮਵੀਰ ਨੇ।

0 0 0

'ਦੈਟਸ ਓਕੇ, ਬਟ ਤੁਹਾਨੂੰ ਬਹੁਤ ਬੋਰ-ਬੋਰ ਨਹੀਂ ਲਗਦਾ, ਫੇਸਬੁੱਕ ਤੋਂ ਬਿਨਾਂ? ਕਿੰਨਾ ਲੋਨਲੀ-ਲੋਨਲੀ ਹੋ ਜਾਂਦਾ ਬੰਦਾ! ਬਿਲਕੁਲ ਹੀ ਕੱਟ ਔਫ਼। ਮੈਨੂੰ ਤਾਂ ਸਾਹ ਲੈਣੇ ਵੀ ਔਖੇ ਲੱਗਦੇ ਨੇ, ਫੇਸਬੁੱਕ ਤੋਂ ਦੂਰ ਹੋ ਕੇ', ਕੌਫ਼ੀ ਦੀ ਸਿੱਪ ਲੈਂਦਿਆਂ ਅਰਾਧਿਆ ਨੇ ਰਾਜ ਸਾਹਮਣੇ ਆਪਣੀ ਹੈਰਾਨਗੀ ਜ਼ਾਹਰ ਕੀਤੀ ਹੈ।

ਅਰਾਧਿਆ ਨੂੰ ਸੱਚਮੁਚ ਇਹ ਗੱਲ ਬੜੀ ਹੈਰਾਨ ਕਰਦੀ ਹੈ। ਕੋਈ ਅਨਪੜ੍ਹ ਜਾਂ ਰੂਰਲ ਜਿਹਾ ਹੋਵੇ ਤਾਂ ਗੱਲ ਹੋਰ ਹੈ ਪਰ ਰਾਜ ਸਹੋਤਾ। ਬਿਲੀਅਨੇਅਰ ਫਾਦਰ ਦਾ ਇਕਲੌਤਾ ਵਾਰਿਸ। ਕੌਨਵੈਂਟ ਐਜੂਕੇਟਡ। ਕੈਂਬ੍ਰਿਜ ਤੋਂ ਐੱਮ ਬੀ ਏ। ਉਸਦਾ ਫੇਸਬੁੱਕ 'ਤੇ ਐਕਟਿਵ ਨਾ ਹੋਣਾ। ਬੜੀ ਹੈਰਾਨ ਹੁੰਦੀ ਸੀ ਅਰਾਧਿਆ ਹਮੇਸ਼ਾ ਹੀ। ਤਦੇ ਤਾਂ ਇਕੱਲਿਆਂ ਵਿਚ ਅੱਜ ਪਹਿਲੀ ਮੀਟਿੰਗ ਹੋਣ ਦੇ ਬਾਵਜੂਦ ਆਪਣੇ-ਆਪ ਨੂੰ ਇਹ ਪੁੱਛਣ ਤੋਂ ਰੋਕ ਨਹੀਂ ਸਕੀ ਉਹ।

'ਮੈਂ ਇਹ ਸਭ ਵੇਖ ਚੁੱਕਿਆਂ, ਅਰਾਧਿਆ। ਜਿਸ ਦੌਰ 'ਚੋਂ ਇੰਡੀਆ ਦਾ ਸੋਸ਼ਲ ਮੀਡੀਆ ਕ੍ਰੇਜ਼ੀ ਯੂਥ ਅੱਜ ਲੰਘ ਰਿਹਾ ਹੈ, ਯੂਰੋਪ ਤੇ ਨਾਰਥ ਅਮੇਰਿਕਾ ਕਿੰਨੀ ਦੇਰ ਪਹਿਲਾਂ ਲੰਘ ਆਇਆ ਏਥੋਂ। ਉੱਥੋਂ ਵਾਲਿਆਂ ਨੂੰ ਤਾਂ ਕੁਝ ਲੱਭਿਆ ਨਹੀਂ ਇਸ ਸਭ 'ਚੋਂ। ਮੈਂ ਤਾਂ ਉਹਨਾਂ ਦੇ ਐਕਸਪੀਰੀਐਂਸ ਨੂੰ ਵੀ ਬਾਹਰੋਂ ਬੈਠ ਕੇ ਹੀ ਵੇਖਦਾ ਰਿਹਾਂ। ਚਾਰ ਸਾਲ ਪਹਿਲਾਂ ਜਦੋਂ ਮੈਂ ਕੈਂਬ੍ਰਿਜ ਪੜ੍ਹਦਾ ਸੀ, ਉਦੋਂ ਮੇਰੇ ਬਹੁਤੇ ਕਲਾਸਮੇਟ ਤੁਹਾਡੇ ਵਾਂਗ ਹੀ ਹੁੰਦੇ ਸੀ। ਮੇਰੇ ਕਲਾਸਮੇਟ ਕੀ, ਅੱਧਾ ਇੰਗਲੈਂਡ ਕ੍ਰੇਜ਼ੀ ਹੋਇਆ ਫਿਰਦਾ ਸੀ। ਯੂਥ ਤਾਂ ਆਪਣੀ ਹਰ ਐਕਟਿਵਿਟੀ ਸੋਸ਼ਲ ਮੀਡੀਆ 'ਤੇ ਅਪਡੇਟ ਕਰਦਾ। ਫੇਸਬੁੱਕ ਤੇ ਟਵਿਟਰ 'ਚੋਂ ਬਾਹਰ ਨਾ ਨਿਕਲਦੇ ਲੋਕ। ਉੱਥੇ ਹੀ ਸੌਂਦੇ, ਉੱਥੇ ਹੀ ਜਾਗਦੇ। ਸੋ ਮੇਰੇ ਲਈ ਇਹ ਸਭ ਨਵਾਂ ਨਹੀਂ, ਅਰਾਧਿਆ', ਸੌਫ਼ਟ-ਸੌਫ਼ਟ ਜਿਹੀਆਂ ਗੱਲਾਂ ਕਰਦਾ ਰਾਜ ਬਹੁਤ ਹੀ ਕਿਊਟ ਲੱਗਿਆ ਹੈ ਅਰਾਧਿਆ ਨੂੰ।

ਅਰਾਧਿਆ ਨੂੰ ਬੜਾ ਅਜੀਬ-ਅਜੀਬ ਲੱਗ ਰਿਹਾ ਹੈ ਰਾਜ ਨਾਲ ਬੈਠ ਕੇ ਇਸ ਤਰ੍ਹਾਂ ਖੁੱਲ੍ਹ ਕੇ ਗੱਲਾਂ ਕਰਨਾ। ਉਸਨੇ ਤਾਂ ਕਦੇ ਇਉਂ ਮਹਿਸੂਸ ਹੀ ਨਹੀਂ ਕੀਤਾ ਕਿਸੇ ਨਾਲ ਇਕੱਲਿਆਂ ਬਹਿ ਕੇ। ਉਸਨੂੰ ਤਾਂ ਜੌਬ ਹੀ ਉਲਝਾਈ ਰੱਖਦੀ। ਜ਼ਰਾ ਜਿਹਾ ਵੀ ਵਿਹਲ ਮਿਲਦਾ ਤਾਂ ਫੇਸਬੁੱਕ 'ਤੇ ਔਨਲਾਈਨ ਹੋ ਜਾਂਦੀ। ਉੱਥੇ ਹੀ ਮਜ਼ੇ ਕਰਦੀ। ਕਿਸੇ ਨੂੰ ਮਿਲਣ ਵੀ ਜਾਂਦੀ ਤਾਂ ਧਿਆਨ ਮੋਬਾਇਲ ਵਿਚ ਹੀ ਰਹਿੰਦਾ।

'ਫੇਰ, ਤੁਸੀਂ ਉਦੋਂ ਵੀ ਐਕਟਿਵ ਨਹੀਂ ਹੋਏ ਸੋਸ਼ਲ ਮੀਡੀਆ 'ਤੇ?' ਅਰਾਧਿਆ ਦੀ ਉਤਸੁਕਤਾ ਵਧੀ ਹੈ।

'ਨੋ। ਐਕਚੁਅਲੀ ਮੇਰਾ ਟੇਸਟ ਲੋਕਾਂ ਨੂੰ ਪਰਸਨਲੀ ਮਿਲਣ-ਵਰਤਣ ਦਾ ਰਿਹੈ। ਉੱਥੇ ਦੋ ਤਰ੍ਹਾਂ ਦੇ ਸਟੂਡੈਂਟਸ ਸੀ ਇਕ ਅਸੀਂ, ਜੋ ਵਰਚੂਅਲ ਵਰਲਡ ਨਾਲੋਂ, ਰੀਅਲ ਵਰਲਡ ਵਿਚ ਜ਼ਿਆਦਾ ਵਿਸ਼ਵਾਸ ਰੱਖਦੇ, ਦੂਜੇ ਉਹ ਜਿਹਨਾਂ ਦਾ ਪੂਰਾ ਸੰਸਾਰ ਹੀ ਔਨਲਾਈਨ ਸੀ। ਉਹ ਜੋ ਫੇਸਬੁੱਕ-ਟਵਿਟਰ ਵਾਲੇ ਸੀ, ਸਾਨੂੰ ਕਿਹਾ ਕਰਦੇ ਕਿ ਅਸੀਂ ਇਕੱਲੇ ਜੀਅ ਰਹੇ ਹਾਂ ਦੁਨੀਆਂ ਵਿਚ, ਤੇ ਉਹ ਪੂਰੇ ਸੰਸਾਰ ਨਾਲ ਕਨੈਕਟਡ ਨੇ। ਮੈਨੂੰ ਪਤਾ ਸੀ ਇਹ ਸਭ ਕਨੈਕਸ਼ਨ ਫੇਕ ਹੈ, ਰੀਅਲ ਨਹੀਂ। ਅਸੀਂ ਯਾਰਾਂ-ਦੋਸਤਾਂ 'ਚ ਬਹਿੰਦੇ, ਮੌਜਾਂ ਕਰਦੇ, ਖਾਂਦੇ-ਪੀਂਦੇ, ਜਗ੍ਹਾ-ਜਗ੍ਹਾ ਘੁੰਮਣ-ਫਿਰਨ ਜਾਂਦੇ। ਆਲੇ-ਦੁਆਲੇ ਬਾਰੇ ਗੱਲਾਂ ਕਰਦੇ। ਆਰਟ ਦੀ ਗੱਲ ਕਰਦੇ, ਇਕੋਨੋਮੀ ਨੂੰ ਡਿਸਕਸ ਕਰਦੇ, ਪੌਲਿਟਿਕਸ ਨੂੰ ਉਧੇੜਦੇ ਰਹਿੰਦੇ। ਅਸੀਂ ਤਾਂ ਆਪਸ 'ਚ ਵੀ ਪੂਰੇ ਕਨੈਕਟਡ ਸੀ ਤੇ ਬਾਕੀ ਦੁਨੀਆਂ ਤੋਂ ਵੀ ਕੱਟੇ ਨਹੀਂ ਸੀ ਹੋਏ। ਉਹਨਾਂ ਦਿਨਾਂ ਵਿਚ ਅਮੇਰਿਕਾ 'ਵਾਰ ਔਨ ਟੈਰਰ' ਡਿਕਲੇਅਰ ਕਰ ਕੇ ਇਰਾਕ ਅਤੇ ਅਫ਼ਗ਼ਾਨਿਸਤਾਨ ਵਿਚ ਪਹੁੰਚਿਆ ਹੋਇਆ ਸੀ। ਅਸੀਂ ਇਹਨਾਂ ਸਾਰੀਆਂ ਡੈਵੇਲਪਮੈਂਟਸ 'ਤੇ ਨਜ਼ਰ ਰੱਖਦੇ', ਰਾਜ ਦੀਆਂ ਮੋਟੀਆਂ-ਮੋਟੀਆਂ ਅੱਖਾਂ ਆਲੇ-ਦੁਆਲੇ ਘੁੰਮ ਰਹੀਆਂ ਹਨ।

'ਓ ਰੀਅਲੀ ! ਦੈੱਨ। ਦੈੱਨ ਵਟ', ਅਰਾਧਿਆ ਨੂੰ ਮਜ਼ਾ ਆ ਰਿਹਾ ਹੈ।

'ਫੇਰ ਕੀ! ਥੋੜ੍ਹੀ ਦੇਰ ਵਿਚ ਹੀ ਵਰਚੂਅਲ ਵਰਲਡ ਵਾਲਿਆਂ ਨੂੰ ਰਿਜ਼ਲਟ ਦਿਸਣੇ ਸ਼ੁਰੂ ਹੋ ਗਏ। ਉਹਨਾਂ ਦੇ ਵਤੀਰੇ ਬਦਲੇ-ਬਦਲੇ ਦਿਸਣ ਲੱਗੇ। ਉਹਨਾਂ 'ਚੋਂ ਬਹੁਤੇ ਅਕਸਰ ਪ੍ਰੇਸ਼ਾਨ ਦਿਸਦੇ। ਹੋਇਆ ਇਹ ਕਿ ਸੋਸ਼ਲ ਮੀਡੀਆ 'ਤੇ ਜੋ ਰੋਲ ਉਹ ਨਿਭਾਅ

ਰਹੇ ਸਨ, ਉੱਥੇ ਉਹ ਪੂਰੇ ਹੀਰੋ ਸਨ, ਕੁਝ ਵੀ ਬੁਰਾ ਨਹੀਂ ਸੀ ਵਾਪਰਦਾ ਉਹਨਾਂ ਦੀ ਉਸ ਲਾਈਫ਼ ਵਿਚ। ਸਾਰੇ ਔਨਲਾਈਨ ਫ੍ਰੈਂਡਜ਼ ਤੋਂ ਐਪ੍ਰੀਸੀਏਸ਼ਨ ਮਿਲਦੀ। ਰੀਅਲ ਲਾਈਫ਼ ਵਿਚ ਬੰਦੇ ਨਾਲ ਚੰਗਾ ਵੀ ਵਾਪਰਦਾ, ਮਾੜਾ ਵੀ। ਜਦੋਂ ਕੁਝ ਮਾੜਾ ਹੁੰਦਾ, ਉਹਨਾਂ ਵਿਚ ਜ਼ਬਰਦਸਤ ਕੰਪਲੈਕਸ ਆ ਜਾਂਦਾ। ਦੂਜੀ ਗੱਲ, ਆਪਣੇ ਹੋਰ ਫੇਸਬੁੱਕ ਫ੍ਰੈਂਡਜ਼ ਨਾਲ ਜ਼ਬਰਦਸਤ ਕੰਪੈਰੀਜ਼ਨ ਵਿਚ ਉਲਝ ਜਾਂਦੇ ਉਹ। ਇਕ ਦੂਜੇ ਨਾਲ ਬੇਹੱਦ ਜੈਲਸੀ ਕਰਨ ਲੱਗਦੇ। ਦੋਵੇਂ ਗੱਲਾਂ ਨੇ ਉਹਨਾਂ ਦੀ ਸਾਈਕੀ[32] ਤੋੜ-ਮਰੋੜ ਕੇ ਰੱਖ ਦਿੱਤੀ। ਕਈ ਤਾਂ ਡਿਪ੍ਰੈਸ਼ਨ ਵਿਚ ਚਲੇ ਗਏ। ਮੈਂਟਲੀ-ਚੈਲੇਂਜਡ[33] ਲੋਕਾਂ ਦਾ ਨੰਬਰ ਲਗਾਤਾਰ ਵਧਦਾ ਗਿਆ। ਇੰਨੇ ਸਾਲਾਂ ਬਾਅਦ ਹੁਣ ਕਿਤੇ ਜਾ ਕੇ ਉਹਨਾਂ ਦੀ ਸੋਸ਼ਲ ਨੈਟਵਰਕਿੰਗ ਐਕਟਿਵਿਟੀ ਥੋੜ੍ਹੀ ਕੰਟ੍ਰੋਲ ਹੋਈ ਹੈ', ਕਹਿ ਕੇ ਕੌਫ਼ੀ ਦੀ ਲੰਬੀ ਸਿਪ ਲਈ ਹੈ ਰਾਜ ਨੇ।

'ਵਟ ਦ ...'[34] ਅਰਾਧਿਆ ਨੇ ਅੰਦਰੇ-ਅੰਦਰ ਗਾਲ੍ਹ ਕੱਢੀ ਹੈ। ਕੋਈ ਹੋਰ ਹੁੰਦਾ ਤਾਂ ਗੱਲ ਵਿੱਚੇ ਛੱਡ ਕੇ ਤੁਰ ਜਾਂਦੀ ਅਰਾਧਿਆ। ਪਰ ਉਹ ਆਖ਼ਿਰ ਬਿਲੀਨੇਅਰ ਰਾਜ ਸਹੋਤਾ ਹੈ, ਉਸਦਾ ਹੋਣ ਵਾਲਾ ਹਸਬੈਂਡ। 'ਵ੍ਹਾਇ ਟੂ ਬਲਾਸਟ। ਐਡਜਸਟ ਬੇਬੀ ਐਡਜਸਟ। ਗੇਨਜ਼ ਵਿਲ ਬੀ ਔਨ ਦ ਵੇਅ'[35], ਆਪਣੇ ਆਪ ਨੂੰ ਸਲਾਹ ਦਿੱਤੀ ਹੈ ਉਸਨੇ।

'ਮੈਂ ਤੁਹਾਨੂੰ ਇਕ ਮਜ਼ੇਦਾਰ ਗੱਲ ਦੱਸਣੀ ਹੈ, ਅਰਾਧਿਆ', ਕਹਿੰਦਿਆਂ ਰਾਜ ਨੇ ਆਪਣੇ ਵਾਲ਼ਾਂ ਨੂੰ ਪੋਲਾ-ਪੋਲਾ ਪਲੋਸਣਾ ਸ਼ੁਰੂ ਕੀਤਾ ਹੈ। 'ਜਦੋਂ ਡੈਡ ਨੇ ਮੈਨੂੰ ਤੁਹਾਡੇ ਨਾਲ ਵਿਆਹ ਕਰਵਾਉਣ ਦੀ ਸਲਾਹ ਦਿੱਤੀ ਤਾਂ ਮੈਂ ਸਭ ਤੋਂ ਪਹਿਲਾਂ ਤੁਹਾਡਾ ਫੇਸਬੁੱਕ ਪੇਜ ਖੋਲ੍ਹਿਆ। ਯੂ ਵਰ ਡੈਮ ਐਕਟਿਵ ਦੇਅਰ। ਮੇਰਾ ਦਿਲ ਘਬਰਾ ਗਿਆ ਤੁਹਾਡੀ ਇੰਨੀ ਐਕਟਿਵਿਟੀ ਵੇਖ ਕੇ। ਮੈਨੂੰ ਕੈਂਬ੍ਰਿਜ ਵਾਲਾ ਟਾਈਮ ਯਾਦ ਆ ਗਿਆ। ਪਰ ਫੇਰ ਮੈਂ ਸੋਚਿਆ ਕਿ ਤੁਸੀਂ ਮੇਰੇ ਵਾਂਗ ਹੀ ਵੈੱਲ ਐਜੂਕੇਟਿਡ ਹੋ, ਸੌਫ਼ਟਵੇਅਰ ਇੰਡਸਟ੍ਰੀ ਨਾਲ ਜੁੜੇ ਹੋ। ਤਰਕ ਨੂੰ ਸਮਝ ਸਕਦੇ ਹੋ। ਮੈਂ ਜਦੋਂ ਤੁਹਾਨੂੰ ਆਪਣੇ ਅੱਖੀਂ-ਵੇਖਿਆ ਸਮਝਾਵਾਂਗਾ, ਤਾਂ ਆਰਾਮ ਨਾਲ ਸਮਝ ਜਾਓਗੇ ਤੁਸੀਂ। ਇਸੇ ਲਈ ਮੈਂ ਸੋਚਿਆ ਕਿ ਦਿਸ ਇਜ਼ ਏ ਰਿਸਕ ਵਰਥ ਟੇਕਿੰਗ[36]। ਤੇ ਮੈਂ ਡੈਡ ਨੂੰ 'ਯੈੱਸ' ਕਰ ਦਿੱਤੀ', ਰਾਜ ਪੂਰੇ ਮਜ਼ੇ ਨਾਲ ਦੱਸ ਰਿਹਾ ਹੈ।

'ਸਮਝਦੀ ਤਾਂ ਮੈਂ ਸਭ ਕੁਝ ਹਾਂ, ਮਿਸਟਰ ਰਾਜ ਸਹੋਤਾ', ਅਰਾਧਿਆ ਨੇ ਫਿਰ ਤੋਂ ਆਪਣੇ-ਆਪ ਨਾਲ ਗੱਲ ਕੀਤੀ ਹੈ।

'ਆਈ ਨੀਡ ਟੂ ਯੂਜ਼ ਦ ਰੈਸਟ-ਰੂਮ, ਰਾਜ'[37] ਕਹਿ ਕੇ ਅਰਾਧਿਆ ਵਾਸ਼ਰੂਮ ਵੱਲ ਤੁਰ ਪਈ ਹੈ। ਜਾਂਦੀ-ਜਾਂਦੀ ਨੇ ਵਾਟਰ-ਪੂਲ ਕੋਲ਼ ਖੜ੍ਹ ਕੇ ਸੈਲਫ਼ੀ ਲਈ ਹੈ। ਫੇਸਬੁੱਕ 'ਤੇ ਅਪਲੋਡ ਕਰ ਕੇ ਥੱਲੇ ਲਿਖ ਦਿੱਤਾ ਹੈ, 'ਐਂਜੁਆਇੰਗ ਮਾਈਸੈਲਫ ਟੂ ਦ ਫੁੱਲੈਸਟ। ਇਮੋਸ਼ਨਜ਼, ਆਈ ਡੋਂਟ ਗਿਵ ਏ ਸ਼ਿਟ ਟੂ ਇਮੋਸ਼ਨਜ਼'[38]। ❑❑

(University School of Management Studies,Guru Gobind Singh Indraprastha University, New Delhi)

---

[32]**ਮਨੋਸਥਿਤੀ,** [33]**ਦਿਮਾਗ਼ੀ ਤੌਰ 'ਤੇ ਪ੍ਰੇਸ਼ਾਨ,** [34]**ਕੀ ਬਕਵਾਸ ਹੈ,** [35]**'ਕਿਉਂ ਧਮਾਕਾ ਕਰਨਾ। ਸੰਭਲ ਜਾ, ਸੰਭਲ ਜਾ। ਛੇਤੀ ਹੀ ਫ਼ਾਇਦੇ ਹੋਣਗੇ',** [36]**ਇਹ ਚੁੱਕਣਯੋਗ ਜੋਖਿਮ ਹੈ** [37]**'ਮੈਂ ਬਾਥਰੂਮ ਜਾ ਕੇ ਆਉਂਦੀ ਹਾਂ, ਰਾਜ',** [38]**'ਆਪਣੇ-ਆਪ ਵਿਚ ਪੂਰਾ ਆਨੰਦ ਲੈ ਰਹੀ ਹਾਂ। ਜਜ਼ਬਾਤ। ਭੋਰਾ ਪਰਵਾਹ ਨਹੀਂ ਕਰਦੀ ਜਜ਼ਬਾਤ ਦੀ ਤਾਂ ਮੈਂ'**

ਮੇਰੀ ਭੂਆ : ਕਹਾਣੀ : ਬਲਜੀਤ ਬਾਸੀ

ਡਿਟਰਾਇਟ ਏਅਰਪੋਰਟ ਆਪਣੇ ਦੋਸਤ ਨੂੰ ਲਾਹ ਚੁੱਕਣ ਪਿੱਛੋਂ ਵਾਪਸ ਜਾਣ ਲੱਗਿਆਂ ਬਰਫ਼ ਮੇਰੇ ਅੱਗੇ ਹੀ ਪੈ ਗਈ। ਮੇਰੀ ਬਦਕਿਸਮਤੀ ਦੇਖੋ ਢੀਠ ਚੀਜ਼ਾਂ ਲੋਕਾਂ ਦੇ ਪਿੱਛੇ ਪੈਂਦੀਆਂ ਹਨ, ਮੇਰੇ ਅੱਗੇ ਹੀ ਟੁੱਟ ਪੈਂਦੀਆਂ ਹਨ। ਤਾਬੜਤੋੜ ਹਮਲਿਆਂ ਨਾਲ ਬਰਫ਼ ਮੈਨੂੰ ਏਥੇ ਹੀ ਦਫਨਾ ਦੇਣਾ ਚਾਹੁੰਦੀ ਸੀ। ਸਾਰਾ 60 ਮੀਲ 'ਤੇ ਵਾਕਿਆ ਮੇਰਾ ਸ਼ਹਿਰ ਭੁੜਕ ਕੇ ਦੂਜੇ ਧਰੁਵ 'ਤੇ ਪਹੁੰਚ ਗਿਆ ਲੱਗਦਾ ਸੀ। ਮੌਸਮ ਦੇ ਅਜਿਹੇ ਕਹਿਰ ਵਿਚ ਨਾ ਕਾਰ ਮੈਨੂੰ ਕੋਈ ਧਰਵਾਸ ਦਿੰਦੀ ਸੀ, ਨਾ ਮੈਂ ਉਸਨੂੰ ਕੋਈ ਹੱਲਾਸ਼ੇਰੀ। ਦਰਅਸਲ ਅਸੀਂ ਇਕ ਦੂਜੇ ਤੋਂ ਡਰੇ ਹੋਏ ਸਾਂ। ਅਜੇ ਸਾਲ ਖੰਡ ਤਾਂ ਹੋਇਆ ਸੀ ਇਸ ਦੇਸ਼ ਵਿਚ ਫਸੇ ਵਸੇ ਨੂੰ, ਅਜੇ ਤਾਂ ਰੋਡਾਂ ਦੀਆਂ ਲੇਨਾਂ, ਕਾਰਾਂ ਦੀਆਂ ਕਤਾਰਾਂ ਤੇ ਸੜਕਾਂ ਦੇ ਚਿਹਨ-ਚੱਕਰਾਂ ਵਿਚ ਹੀ ਸਿਰ ਚਕਰਾ ਜਾਂਦਾ ਸੀ ਕਿ ਆਹ ਬਰਫ਼ਾਂ, ਸਿਰ ਮਨਾਉਂਦਿਆਂ ਓਲੇ ਪੈਣ ਵਾਲੀ ਗੱਲ ਹੋ ਗਈ ਸੀ।

ਕਾਰ ਦੀਆਂ ਲਾਈਟਾਂ ਬਰਫ਼ ਤੇ ਹਨੇਰੇ ਦੀ ਘਾਣੀ ਵਿਚੀਂ ਲੰਘਣ ਦੀ ਅਸਫ਼ਲ ਕੋਸ਼ਿਸ਼ ਕਰ ਰਹੀਆਂ ਸਨ। ਸਾਹਮਣੇ ਮਰ ਕੇ ਦੋ ਕਦਮ ਦੀ ਵਿੱਥ ਤਕ ਹੀ ਦਿਖਾਈ ਦਿੰਦਾ ਸੀ ਤੇ ਪੀਲੀਆਂ ਲਾਈਨਾਂ ਦੀ ਹੋਂਦ ਬਰਫ਼ ਵਿਚ ਖੁਰ ਚੁੱਕੀ ਸੀ। ਟਰੈਫ਼ਿਕ ਆਪਹੁਦਰੀ ਹੋਈ ਪਈ ਸੀ। ਕਾਰ ਤੇਜ਼ ਕਰਾਂ ਤਾਂ ਫਿਸਲਣ ਦਾ ਡਰ, ਹੌਲ਼ੀ ਚਲਾਵਾਂ ਤਾਂ ਕਿਹੜੇ ਵੇਲ਼ੇ ਪਹੁੰਚਾਂਗਾ। ਅਜਿਹੀ ਸਥਿਤੀ ਮੈਨੂੰ ਆਪਣਾ ਆਪ ਕੋਸਣ ਲਈ ਖੂਬ ਉਕਸਾਉਂਦੀ ਹੈ: ਮੌਸਮ ਦਾ ਚੈਨਲ ਦੇਖ ਕੇ ਕਿਉਂ ਨਹੀਂ ਚੱਲਿਆ। ਜਾਂ ਥੋੜ੍ਹਾ ਪਹਿਲਾਂ ਚੱਲ ਪੈਂਦਾ। ਅਖੇ ਦੋਸਤ ਨਾਲ ਹੋਰ ਗੱਲਾਂ ਕਰ ਲਵਾਂ। ਲੈ ਲਾ ਦੋਸਤ ਦੇ ਸਵਾਦੇ! ਚਾਰੇ ਤਰਫ਼ ਮੰਦ ਤੋਂ ਮੰਦ ਹੋ ਰਹੀ ਟਰੈਫਿਕ ਦੀ ਰਫ਼ਤਾਰ ਖੜੋਤ ਵਿਚ ਜਾਣ ਲੱਗੀ ਸੀ। ਫੁੱਲ ਸਪੀਡ ਤੇ ਚਾਮ-ਚੜਿਕਾਂ ਜਿਹੇ ਚੱਲਦੇ ਵਾਈਪਰਾਂ ਦੀ ਖਟ ਖਟ ਮੈਨੂੰ ਕਿਸੇ ਦੁਖਾਂਤ ਦਾ ਆਭਾਸ ਕਰਾ ਰਹੀ ਸੀ। ਸ਼ਾਇਦ ਅੱਗੇ ਕੋਈ ਐਕਸੀਡੈਂਟ ਹੋ ਗਿਆ ਹੈ। ਸ਼ਾਮ ਦੇ ਸਾਢੇ ਅੱਠ ਵੱਜ ਚੁੱਕੇ ਸਨ ਤੇ ਹਨੇਰ ਸਾਈਂ ਦਾ ਹਨੇਰਾ ਵੀ ਮੇਰੇ ਅੱਗੇ ਪਸਰਨ ਲੱਗਾ ਸੀ। ਕਾਰ ਨੂੰ ਤੱਦੀਆਂ ਕਰਨ ਦਾ ਖੂਬ ਮੌਕਾ ਮਿਲਿਆ। ਜੇ ਕਿਤੇ ਗ਼ਲਤੀ ਨਾਲ ਬਰੇਕ ਲਾ ਬੈਠਦਾ ਤਾ ਇਸ ਨੇ ਘੁੰਮ ਜਾਣ ਦਾ ਕੌਤਕ ਦਿਖਾਉਣ ਲੱਗਣਾ ਸੀ। ਕਾਰ ਹੈ ਵੀ ਪੁਰਾਣੀ ਟੁੱਟੜ ਜਹੀ ਸੀ। ਨਵੀਂ ਜੋਗੇ ਅਜੇ ਹੋਏ ਕਿੱਥੇ ਸਾਂ। 'ਨੈਂ ਵੀ ਡੂੰਘੀ, ਤੁਲਾ ਪੁਰਾਣਾ' ਵਾਲੀ ਗੱਲ ਹੋਈ ਪਈ ਸੀ। ਅਜੇ ਤਾ ਸਾਲ਼ੀ ਅੰਗਰੇਜ਼ੀ ਵੀ ਅੜਿੱਕੇ ਨਹੀਂ ਸੀ ਆਈ, ਕੋਈ ਬਿਪਤਾ ਪੈ ਗਈ ਤਾਂ ਕਿਹੜੀ ਮਾਂ ਨੂੰ ਮਾਸੀ ਕਹਾਂਗਾ।

ਏਸੇ ਸੰਤਾਪ ਵਿਚ ਖਿਆਲ ਆਇਆ ਕੀ ਲੈਣਾ ਮਾਂ ਮਾਸੀ ਤੋਂ, ਆਪਣੀ ਭੂਆ ਜੁ ਹੈ ਤੇ ਉਸਦਾ ਸ਼ਹਿਰ ਏਧਰ ਨੇੜੇ ਹੀ ਹੈ ਕਿਤੇ। ਭੂਆ ਦਾ ਚੇਤਾ ਆਉਂਦਿਆਂ ਨਾਨਕ ਸਿੰਘ ਦੀ ਭੂਆ ਚੇਤੇ ਆ ਗਈ, ਮਨ ਦੇ ਜਾਣੋਂ ਸਾਰੇ ਕਲੇਸ਼ ਕੱਟੇ ਗਏ, ਤਨ ਚੌੜਾ ਹੋ ਗਿਆ, ਗੱਡੀ ਕਹੇ ਵਿਚ ਆ ਗਈ ਤੇ ਮੂੰਹ ਵਿਚ ਗੁਣਗੁਣਾਹਟ। ਥੋੜ੍ਹਾ ਅੱਗੇ ਜਾ ਕੇ ਐਗਜ਼ਿਟ ਦਾ ਨੰਬਰ ਪੜ੍ਹਿਆ ਤੇ ਹਿਸਾਬ ਲਾਇਆ ਗੱਲ ਬਣ ਗਈ ਹੈ। ਬੱਸ ਇਕ ਦੋ ਐਗਜ਼ਿਟ ਦੀ ਹੀ ਵਾਟ ਹੈ ਤੇ ਭੂਆ ਦਾ ਸ਼ਹਿਰ ਵੱਟ 'ਤੇ ਪਿਆ। ਬਰਫ਼ ਤੇ ਹਨੇਰੇ ਦਾ ਖੌਫ਼ ਔਹ ਗਿਆ ਔਹ ਗਿਆ ਹੋ ਗਿਆ।

ਲੱਕ ਟੁਣੂੰ ਟੁਣੂੰ ਅਜੇ ਥੋੜ੍ਹੀ ਦੂਰ ਹੀ ਚੱਲਿਆ ਸੀ ਕਿ ਮੈਨੂੰ ਆਲ਼ਾ ਦੁਆਲ਼ਾ ਓਪਰਾ ਓਪਰਾ ਲੱਗਣ ਲੱਗਾ। ਵਿਲਾਸੇ ਮਨ ਨੂੰ ਭੂਆ ਦੇ ਨਿੱਘ 'ਚੋਂ ਕੱਢਿਆ ਤੇ ਆਲੇ ਦੁਆਲੇ ਨਾਲ ਜੋੜਿਆ: ਮੈਂ ਚਾਂਭਲਿਆ ਹੋਰ ਹੀ ਰਸਤੇ 'ਤੇ ਔਝੜਿਆ ਫਿਰ ਰਿਹਾ ਸਾਂ।

ਮਨ ਤੇ ਕਾਰ ਫਿਰ ਡੋਲਣ ਲੱਗੇ। ਕੇਹਾ ਦੇਸ ਹੈ ਇਹ, ਕਾਰ ਵੀ ਏਥੇ ਚੱਲ ਸੋ ਚੱਲ ਰੱਖਣੀ ਪੈਂਦੀ ਹੈ ਤੇ ਮੇਰੇ ਕੋਲ ਤਾਂ ਕੋਈ ਸੈੱਲ ਫੋਨ ਵੀ ਨਹੀਂ ਸੀ। ਜਿੱਧਰ ਮੂੰਹ ਆਇਆ ਕਾਰ ਦੱਬੀ ਜਾ ਰਿਹਾ ਸਾਂ ਕਿ ਮੈਨੂੰ ਇਕ ਗੈਸ ਸਟੇਸ਼ਨ ਦਿਖਾਈ ਦਿੱਤਾ, ਜਾਣੋਂ ਰੌਸ਼ਨੀ ਦੀ ਇਕ ਕਿਰਨ। ਮੈਂ ਕਾਰ ਮੋੜੀ ਤੇ ਭਾਈ ਤੋਂ ਰਸਤਾ ਪੁੱਛਿਆ। ਉਸਦੇ ਸਮਝਾਏ ਮੁਤਾਬਕ ਮੈਂ ਰਫ਼ਤਾ ਰਫ਼ਤਾ ਅੱਗੇ ਵਧਦਾ ਗਿਆ। ਬਰਫ਼ਾਂ ਦੀ ਮਾਰੋ ਮਾਰ ਦੌਰਾਨ ਪੇਟ ਵਿਚ ਚੂਹੇ ਵੀ ਕੁੱਦਣ ਲੱਗ ਪਏ। ਮੇਰੇ ਦਿਮਾਗ਼ ਵਿਚ ਫਿਰ ਨਾਨਕ ਸਿੰਘ ਦੀ ਭੂਆ ਫਿਰ ਗਈ ਜਿਸਨੇ ਕੁਵੇਲੇ ਆਏ ਆਪਣੇ ਭਤੀਜੇ ਨੂੰ ਚੱਕੀ ਦੇ ਪੁੜ ਜਿੱਡੇ ਪਰੌਂਠੇ ਤੇ ਸੇਂਵੀਆਂ ਦੀ ਥਾਲ਼ੀ ਵਿਚ ਸ਼ੱਕਰ ਦੀ ਮੁੱਠ ਤੇ ਪੰਘਰੇ ਹੋਏ ਘਿਉ ਦਾ ਕੌਲ ਪਾ ਕੇ ਉਸ ਅੱਗੇ ਪਰੋਸਿਆ ਸੀ। ਅਜੇਹੀ ਤਰ-ਬ-ਤਰ ਖਾਤਰਦਾਰੀ ਦਾ ਤਸੱਵਰ ਆਉਂਦਿਆਂ ਮੇਰੇ ਪੇਟ ਦੇ ਚੂਹੇ ਨੱਚਣਾ ਛੱਡਕੇ ਮੇਰੀਆਂ ਆਂਦਰਾਂ ਖਾਣ ਲੱਗੇ। ਮੂੰਹ ਵਿਚ ਆਈਆਂ ਪਾਣੀ ਦੀਆਂ ਲਾਲ਼ਾਂ ਮੈਂ ਜੈਕਟ ਦੀ ਬਾਂਹ ਨਾਲ ਪੂੰਝੀਆਂ। ਸ਼ਹਿਰੀ ਨਾਨਕ ਸਿੰਘ ਦਾ ਪਤਾ ਨਹੀਂ ਭੂਆ ਦੀ ਸੇਵਾ ਤੋਂ ਕਿਉਂ ਨੱਕ ਮੁੜ ਗਿਆ ਸੀ। ਪਹੁੰਚਾਂ ਸਹੀ ਮੈਂ ਇਕ ਵਾਰੀ ਭੂਆ ਦੇ ਘਰ।

ਔਝੜਦਾ ਖੌਝੜਦਾ ਚਾਅ ਨਾਲ ਭਰਿਆ ਮੈਂ ਸੌਂਤੇ ਪਏ ਭੂਆ ਦੇ ਘਰ ਪਹੁੰਚ ਗਿਆ। ਘੰਟੀ ਖੜਕਾਈ, ਦੋ ਤਿੰਨ ਮਿੰਟ ਉਡੀਕ ਕੀਤੀ, ਕੋਈ ਨਾ ਪ੍ਰਗਟ ਹੋਇਆ। ਸੁੱਤੇ ਪਿਆਂ ਨੂੰ ਨਾ ਸੁਣਿਆ ਹੋਵੇਗਾ, ਇਕ ਵਾਰੀ ਹੋਰ ਘੰਟੀ ਨੂੰ ਹੱਥ ਪਾਇਆ ਪਰ ਫਿਰ ਸੁੰਨ ਮਸਾਣ। ਦਿਮਾਗ਼ ਨੂੰ ਸਮਾਂ ਦਿੱਤਾ, ਬੋਲਿਆ, ਕੋਈ ਘਰ ਵੀ ਹੋਵੇਗਾ? ਬੱਸ ਫਿਰ ਆਪੇ ਨੂੰ ਕੋਸਣ ਦਾ ਦੌਰਾ, ਫਿਰ ਸੈੱਲ-ਫੋਨ ਨਾ ਹੋਣ ਦਾ ਝੋਰਾ। ਬੁਖਲਾਹਟ ਵਿਚ ਤੀਜੀ ਵਾਰ ਮੈਂ ਫਿਰ ਘੰਟੀ ਖੜਕਾਈ ਤਾਂ ਝਬਦੇ ਦਰਵਾਜ਼ਾ ਖੁੱਲ੍ਹਣ ਦੀ ਆਵਾਜ਼ ਆਈ। ਭੂਆ ਮੇਰੇ ਸਾਹਮਣੇ ਖੜ੍ਹੀ ਸੀ, ਸਾਹਾਂ ਵਿਚ ਆਏ ਸਾਹ ਨੇ ਜ਼ਬਾਨ ਫੜੀ, 'ਸਾ ਸਿਰੀ ਕਾਲ'।

'ਲਗਦਾ ਸਾ ਸਿਰੀ ਕਾਲ ਦਾ, ਇਹ ਕੋਈ ਟਾਈਮ ਹੈ ਆਉਣ ਦਾ, ਸੁੱਤੇ ਪਏ ਸੀ ਅਰਾਮ ਨਾਲ'। ਇਹ ਸਕੀ ਭੂਆ ਦੀ ਹੀ ਆਵਾਜ਼ ਸੀ। ਪਰ ਸੋਚਿਆ ਕੁਵੇਲੇ ਆਇਆਂ, ਘਬਰਾ ਗਈ ਹੋਵੇਗੀ ਕਿ ਕੋਈ ਬੁਰੀ ਖਬਰ ਹੈ। 'ਏਅਰਪੋਰਟ ਗਿਆ ਸੀ, ਬਰਫ਼ ਵਿਚ ਘਿਰ ਗਿਆ', ਸੋਚਿਆ ਭੂਆ ਕੋਲ ਹੈ, ਕਾਹਨੂੰ ਔਖੇ ਹੋਣਾ'। ਮੈਂ ਆਪਣੀ ਮਜਬੂਰੀ ਤੇ ਕੁਝ ਕੁਝ ਭੂਆ ਨਾਲ ਮੋਹ ਦੇ ਭਾਵ ਪ੍ਰਗਟ ਕੀਤੇ। ਪਰ ਘਰ ਦੇ ਭਾਗ ਨਜ਼ਰ ਆਉਣ ਲੱਗੇ ਸਨ। ਖੈਰ, ਭੂਆ ਨੇ ਮੈਨੂੰ ਅੰਦਰ ਲੰਘਣ ਦਿੱਤਾ ਤੇ ਖਾੜ ਕਰਦਾ ਬੂਹਾ ਲਗਾਉਂਦਿਆਂ ਬੁੜਬੁੜਾਈ, 'ਕੋਈ ਵੇਲ਼ਾ ਹੁੰਦਾ ਆਉਣ ਦਾ, ਇਹ ਥੋੜ੍ਹੀ ਜਦੋਂ ਮਰਜ਼ੀ ਤੁਰ ਪਓ। ਬਰਫ਼ ਵਾਲੇ ਬੂਟ ਤੇ ਜੈਕਟ ਝਾੜ ਕੇ ਹੈਥੇ ਕਲੋਜ਼ਿਟ 'ਚ ਲਾਹ ਦੇ, ਕਾਲੀਨ ਖਰਾਬ ਕਰਦਾ ਫਿਰੇਂਗਾ'।

ਉਸਦੇ ਆਰਾਮ ਵਿਚ ਵਿਘਨ ਪਿਆ ਹੋਵੇਗਾ, ਮੈਂ ਚੁੱਪ ਕਰਕੇ ਜੈਕਟ ਤੇ ਬੂਟ ਉਤਾਰੇ ਤੇ ਸੋਫੇ 'ਤੇ ਆਪਣੇ ਆਪ ਨੂੰ ਸੁੱਟ ਲਿਆ। ਕੁਝ ਚਿਰ ਚੁੱਪ ਛਾਈ ਰਹੀ। ਭੂਆ ਉਵੇਂ ਹੀ ਖੜ੍ਹੀ ਸੀ ਮੂੰਹ ਬਣਾਈ, ਭਤੀਜ-ਮੋਹ ਜਾਂ ਪਰਾਹੁਣਚਾਰੀ ਦਾ ਕੋਈ ਸੰਕੇਤ ਨਹੀਂ ਸੀ। ਮੈਨੂੰ ਪੇਟ ਦੇ ਚੂਹਿਆਂ ਦੀ ਫਿਰ ਥੋੜ੍ਹੀ ਹਲਚਲ ਮਹਿਸੂਸ ਹੋਈ। ਆਖਰ ਉਨ੍ਹਾਂ ਮੇਰੇ ਮੂੰਹੋਂ ਇਹ ਲਫ਼ਜ਼ ਕਢਵਾ ਹੀ ਦਿੱਤੇ,'ਭੂਆ ਮੈਨੂੰ ਥੋੜ੍ਹੀ ਭੁਖ ਲੱਗੀ ਹੈ'।

'ਹੂੰ ਭੁਖ ਲੱਗੀ ਹੈ, ਐਸ ਵੇਲ਼ੇ, ਰਾਹ 'ਚੋਂ ਮੜਾ ਮੈਕਡੋਨਲਡ ਖਾ ਲੈਣਾ ਸੀ। ਹੁਣ ਮੈਂ ਤੈਨੂੰ ਕੀ ਦੇਵਾਂ ਐਸ ਵੇਲ਼ੇ?' ਉਸ ਦੀਆਂ ਅੱਖਾਂ ਲਾਲ ਸਨ, ਸ਼ਾਇਦ ਨੀਂਦ ਨਾਲ, ਸ਼ਾਇਦ ਗੁੱਸੇ ਨਾਲ।

'ਕੋਈ ਰੋਟੀ ਰਾਟੀ ਬਚੀ ਨਹੀ ਪਈ', ਮੈਂ ਥੋੜ੍ਹੀ ਖਾ ਕੇ ਸੌਂ ਜਾਊਂ", ਏਨੀ ਬਰਫ਼ਬਾਰੀ ਵਿਚ ਮੈਂ ਮੈਕਡੌਨਲਡ ਕਿੱਥੋਂ ਲੱਭਦਾ'। ਮੈਂ ਆਵਾਜ਼ ਨੂੰ ਥੋੜ੍ਹੇ ਤਰਲੇ ਦੀ ਚੱਸ ਦਿਤੀ।

'ਵਾਧੂ ਰੋਟੀਆ ਅਸੀਂ ਨਹੀਂ ਬਣਾਉਂਦੇ, ਇਹ ਅਮਰੀਕਾ ਹੈ, ਏਥੇ ਫਾਲਤੂ ਕੰਮ ਕਰਨ ਦਾ ਟਾਈਮ ਨਹੀਂ'। ਅਮਰੀਕਾ ਦੇ ਤੌਰ ਤਰੀਕਿਆਂ ਬਾਰੇ ਮੇਰੇ 'ਤੇ ਲੈਕਚਰਬਾਜ਼ੀ ਦੀ ਝੜੀ ਲੱਗ ਗਈ। ਪਰ ਮੇਰੇ ਚੂਹੇ ਮੇਰੇ 'ਤੇ ਹਾਵੀ ਸਨ, 'ਜੇ ਆਟਾ ਗੁੰਨ੍ਹਿਆ ਪਿਆ ਹੈ ਤਾਂ ਮੈਂ ਆਪ ਪਕਾ ਲੈਨਾਂ'।

'ਵੱਡਾ ਆਇਆ ਆਪੇ ਪਕਾਉਣ ਵਾਲਾ, ਕਿਚਨ ਵਿਚ ਤਾਂ ਮੈਂ ਤੇਰੇ ਫੁੱਫੜ ਨੂੰ ਵੀ ਨਹੀਂ ਵੜਨ ਦਿੰਦੀ, ਆਦਮੀ ਗਾਹ ਪਾ ਛਡਦੇ ਹਨ'। ਸਾਫ਼ ਸੀ ਕਿ ਉਸਦਾ ਮੈਨੂੰ ਭੁੱਖਿਆਂ ਸੁਲਾਉਣ ਦਾ ਇਰਾਦਾ ਸੀ ਪਰ ਆਪਣੀ ਵੀ ਢੀਠਤਾ ਵਿਚ ਕੁਝ ਦਮ ਸੀ, 'ਚੱਲ ਥੋੜ੍ਹਾ ਸੀਰੀਅਲ ਹੀ ਦੇ ਦੇਹ'।

'ਸੀਰੀਅਲ ਤਾਂ ਕਈਆਂ ਦਿਨਾਂ ਦਾ ਮੁੱਕਿਆ ਪਿਆ, ਨਾਲੇ ਤੇਰਾ ਫੁੱਫੜ ਨਹੀਂ ਬਾਹਲਾ ਪਸੰਦ ਕਰਦਾ'। ਉਸਨੇ ਸਬੂਤ ਵਜੋਂ ਸੀਰੀਅਲ ਦਾ ਖਾਲੀ ਡੱਬਾ ਖੜਕਾਇਆ।

'ਚੱਲ ਬਰੈੱਡ ਆਮਲੇਟ ਬਣਾ ਦੇ'। ਹੁਣ ਚੜ੍ਹੀ ਲੱਥੀ ਦਾ ਫਰਕ ਮੁੱਕ ਚੁੱਕਾ ਸੀ, ਖਾਲੀ ਢਿੱਡ ਦਾ ਸਵਾਲ ਸੀ।

'ਆਂਡੇ ਤਾਂ ਡਾਕਟਰਾਂ ਮਨ੍ਹਾਂ ਕੀਤੇ ਹੋਏ ਹਨ, ਇਨ੍ਹਾਂ ਦਾ ਕੁਲੈਸਟਰੋਲ ਬਹੁਤ ਹਾਈ ਹੋ ਚੁੱਕਾ ਹੈ, ਹਾਂ ਜੈਮ ਪਿਆ ਹੈ, ਪਰ ਬਰੈੱਡ ਨਹੀਂ ਹੈ'।

ਰਾਹ ਨਿਕਲ ਆਇਆ ਸੀ, ਮੈਨੂੰ ਲੱਗਾ ਮੇਰੀ ਥੋੜ੍ਹੀ ਜਹੀ ਰਹਿ ਜਾਵੇਗੀ। ਹੌਸਲੇ 'ਚ ਮੈਂ ਗੱਲ ਅੱਗੇ ਵਧਾਈ, 'ਚਲੋ ਬਰੈੱਡ ਔਖਾ ਸੌਖਾ ਮੈਂ ਲੈ ਆਉਨਾਂ'। ਮੈਂ ਤਟਫਟ ਜਾਣ ਲਈ ਉਠ ਖਲੋਇਆ। ਮੇਰੇ ਕੋਲ਼ ਹੋਰ ਕੋਈ ਚਾਰਾ ਵੀ ਨਹੀਂ ਸੀ। ਮੈਂ ਭੁੱਖਾ ਵੀ ਸੌਂ ਸਕਦਾ ਸੀ ਪਰ ਇਸ ਵਿਚ ਮੈਨੂੰ ਭੂਆ ਦਾ ਜਾਂ ਸ਼ਾਇਦ ਆਪਣਾ ਘਟਾਅ ਮਹਿਸੂਸ ਹੋਇਆ। ਸੋਚਿਆ ਤਾਂ ਸੀ ਭੂਆ ਦਾ 'ਜੀ ਸਦਕੇ ਜੀ ਸਦਕੇ' ਕਹਿੰਦੀ ਦਾ ਮੂੰਹ ਸੁੱਕੇਗਾ, ਚਾਅ ਨਾਲ ਫੁੱਫੜ ਨੂੰ ਜਗਾਏਗੀ ਤੇ ਏਨੀ ਸਰਦੀ ਕਾਰਨ ਪੈੱਗ-ਸ਼ੈੱਗ ਦੀ ਸੁਲਹ ਮਾਰੀ ਜਾਵੇਗੀ ਪਰ ਏਥੇ ਤਾਂ ਪਾਸੇ ਹੀ ਪੁੱਠੇ ਪਏ ਹੋਏ ਸਨ।

'ਜਾਹ ਫਿਰ ਛੇਤੀ ਜਾਹ, ਸੌਣਾ ਵੀ ਹੈ'। ਮੈਂ ਜੈਕਟ ਪਾ ਕੇ ਬੂਟ ਦੇ ਤਸਮੇ ਕੱਸ ਰਿਹਾ ਸੀ ਕਿ ਭੂਆ ਬੋਲੀ, 'ਜੈਮ ਤਾਂ ਘਰੇ ਹੈਗਾ, ਦਰਜਨ ਆਂਡੇ ਤੇ ਗੈਲਣ ਦੁੱਧ ਵੀ ਫੜੀ ਆਵੀਂ'। ਬਰਫ਼ ਕਰਕੇ ਅੱਜ ਮੇਰੇ ਕੋਲੋਂ ਵੀ ਸਟੋਰ 'ਤੇ ਨਹੀਂ ਜਾ ਹੋਇਆ, ਤੇਰੇ ਫੁੱਫੜ ਲਈ ਵੀ ਸਵੇਰੇ ਬਣਾਉਣ ਲਈ ਕੁਝ ਨਹੀਂ ਹੈ'।

ਮੇਰੇ ਮਨ ਚ ਆਇਆ ਭੂਆ ਹੁਣ ਤਾਂ ਕਹਿ ਰਹੀ ਸੀ ਕਿ ਫੁੱਫੜ ਦਾ ਕੁਲੈਸਟਰੌਲ ਹਾਈ ਹੈ ਤੇ ਹੁਣ ਦਰਜਣ ਆਂਡੇ ਮੰਗਵਾ ਰਹੀ ਹੈ।

'ਸਾਬਣ ਤੇ ਸ਼ੈਂਪੂ ਵੀ ਲੈ ਆਵਾਂ, ਮੈਂ ਸਵੇਰੇ ਨਹਾ ਕੇ ਜਾਵਾਂਗਾ?' ਮੈਂ ਤਾਂ ਛੁਰਲੀ ਹੀ ਛੱਡੀ ਸੀ ਪਰ ਉਹ ਛੁਰਲੀ ਨੂੰ ਗੋਲ਼ ਮੋਲ਼ ਕਰ ਗਈ, ' ਵੇ ਜਾਹ ਜੋ ਲਿਆਉਣਾ ਲੈ ਆ, ਛੇਤੀ ਤੁਰ, ਤੇਰਾ ਫੁੱਫੜ ਨਾ ਉਠ ਜਾਵੇ, ਉਹਨੇ ਸਵੇਰੇ ਕੰਮ 'ਤੇ ਜਾਣਾ'। ਭੂਆ ਹੋਰ ਲਿਸਟ ਨਾ ਦੇ ਦੇਵੇ, ਮੈਂ ਫੁਰਤੀ ਨਾਲ ਉਠ ਦੌੜਿਆ। ਨੇੜਿਓਂ ਹੀ ਇਕ ਗੈਸ ਸਟੇਸ਼ਨ ਤੋਂ ਡਿਓਢੇ ਰੇਟ 'ਤੇ ਮੈਂ ਸਾਰੀਆਂ ਹੀ ਚੀਜ਼ਾਂ ਫਟਾ ਫਟ ਫੜ ਲਿਆਇਆ। ਭੂਆ ਸੋਫੇ 'ਤੇ ਊਂਘ ਰਹੀ ਸੀ। ਮੈਂ ਚੀਜ਼ਾਂ ਫੜਾ ਕੇ ਹੱਥ ਮੂੰਹ ਧੋਣ ਚਲੇ ਗਿਆ। ਆਇਆ ਤਾਂ ਪੁੱਛਣ ਲੱਗੀ, 'ਕਿੰਨੀ ਕੁ ਭੁੱਖ ਲੱਗੀ ਹੈ?' ਮੱਥਾ ਠਣਕਿਆ, ਅਜੇ ਦਿੱਲੀ ਦੂਰ ਹੈ, 'ਭੁਖ ਤਾਂ ਲੱਗੀ ਹੀ ਹੈ ਭੂਆ, ਦੁਪਹਿਰ ਦੀ ਰੋਟੀ ਖਾਧੀ ਹੈ'। 'ਮੇਰਾ ਮਤਲਬ ਸੀ ਬਰੈੱਡ ਦੇ ਦੋ ਪੀਸ ਖਾਏਂਗਾ ਕਿ ਇਕ?' ਭੂਆ ਦਾ ਮਤਲਬ ਮੇਰੇ ਖਾਨੇ ਚੀਰ ਗਿਆ। ਮੈਨੂੰ ਤਾਂ ਪੂਰੀ ਬਰੈੱਡ ਖਾਣ ਜਿੰਨੀ ਭੁੱਖ ਲੱਗੀ

ਸੀ ਤੇ ਭੂਆ ਇਕ ਜਾਂ ਦੋ ਪੀਸ ਵਿਚੋਂ ਚੋਣ ਪੁੱਛ ਰਹੀ ਸੀ। ਜਾਣਦਿਆਂ ਹੋਇਆਂ ਕਿ ਦੋ ਇਕ ਨਾਲੋਂ ਜ਼ਿਆਦਾ ਹੁੰਦੇ ਹਨ, ਮੈਂ ਆਪਣੀ ਢੁਕਵੀਂ ਚੋਣ ਜ਼ਾਹਰ ਕੀਤੀ, 'ਦੋ ਪੀਸ ਤਾਂ ਖਾ ਹੀ ਹੋ ਜਾਣਗੇ, ਨਾਲ ਦੁੱਧ ਦਾ ਗਲਾਸ ਦੇ ਦਈਂ'। ਮੇਰੀ ਟੋਨ ਵਿਚ ਨਿਰਮਾਣਤਾ ਬਰਕਰਾਰ ਸੀ।

'ਦੁੱਧ ਦਾ ਗਲਾਸ ਹੁਣ ਕੋਈ ਨਹੀਂ ਲੱਭਣਾ, ਸਵੇਰ ਦੀ ਚਾਹ ਜੋਗਾ ਰੱਖਕੇ ਮੈਂ ਤਾਂ ਬਾਕੀ ਦੇ ਨੂੰ ਜਾਗ ਵੀ ਲਾ ਦਿੱਤਾ ਹੈ। ਫੁੱਫੜ ਤੇਰਾ ਸਵੇਰੇ ਸਵੇਰੇ ਦਹੀਂ ਨਾਲ ਮਿੱਸੀ ਰੋਟੀ ਖਾਂਦਾ ਹੈ'। ਹੁਣ ਕਿਸੇ ਪ੍ਰਕਾਰ ਦਾ ਰੱਖ-ਰਖਾਅ ਨਹੀਂ ਸੀ ਰਹਿ ਗਿਆ, ਨਿਪਟ ਸ਼ਕਤੀਆਂ ਦਾ ਭੇੜ ਸੀ ।

'ਚਲੋ ਫਿਰ ਦੋ ਆਂਡਿਆ ਦਾ ਆਮਲੇਟ ਬਣਾ ਦੇ', ਆਪਾਂ ਹੋਰ ਸੁਝਾਅ ਦਿੱਤਾ। 'ਆਮਲੇਟ ਐਸ ਵੇਲ਼ੇ ? ਤੈਨੂੰ ਮੈਂ ਜੈਮ ਲਾ ਕੇ ਬਰੈੱਡ ਦੇ ਦੋ ਪੀਸ ਦਿੰਦੀ ਹਾਂ, ਆਮਲੇਟ ਤੂੰ ਸਵੇਰੇ ਖਾਈਂ ਫੁੱਫੜ ਨਾਲ, ਹੁਣ ਚਾਹ ਬਣਾ ਦਿੰਦੀ ਹਾਂ'। ਮੈਂ ਸੋਚਿਆ ਮੈਂ ਪੱਲਿਓਂ ਦਰਜਣ ਆਂਡੇ ਤੇ ਦੁੱਧ ਲੈ ਕੇ ਆਇਆਂ, ਫਿਰ ਵੀ ਪਰਨਾਲਾ ਥਾਂ ਦੀ ਥਾਂ ਹੈ, ਲਗਦਾ ਭੂਆ 'ਤੇ ਗਰੀਬੀ ਛਾ ਗਈ ਹੈ, ਸ਼ਾਇਦ ਗੈਸ ਦਾ ਖਰਚਾ ਬਚਾ ਰਹੀ ਹੈ, ਸ਼ਾਇਦ ਖੇਚਲ ਨਹੀਂ ਕਰਨਾ ਚਾਹੁੰਦੀ। ਆਪਾਂ ਸਹਿਜ ਅਵਸਥਾ ਵਿਚ ਆ ਗਏ ਤੇ ਹਥਿਆਰ ਸੁੱਟ ਦਿੱਤੇ, 'ਜਿਵੇਂ ਤੇਰੀ ਮਰਜ਼ੀ'।

'ਅੱਛਾ ਏਹ ਦੱਸ ਚਾਹ ਮੱਗ ਵਿਚ ਪੀਵੇਂਗਾ ਕਿ ਕੱਪ ਵਿਚ?' ਇਕ ਹੋਰ ਬੰਬ! ਅਜਿਹੀ ਚਾਇਸ ਮੈਂ ਪਹਿਲੀ ਵਾਰ ਸੁਣੀ ਸੀ। ਸੋ ਇਹ ਜਾਣਦਿਆਂ ਕਿ ਮੱਗ ਕੱਪ ਨਾਲੋਂ ਵੱਡਾ ਹੁੰਦਾ ਹੈ ਮੈਂ ਮੱਗ ਦੀ ਫਰਮਾਇਸ਼ ਕਰ ਦਿੱਤੀ। 'ਮੱਗ ਭਰਿਆ ਪੀਵੇਂਗਾ ਕਿ ਅੱਧਾ?

ਸਮਝ ਲੱਗਣ ਲੱਗੀ ਕਿ ਧਰਤੀ ਹੋਰ ਪਰੇ ਹੋਰ ਦਾ ਕੀ ਮਤਲਬ ਹੁੰਦਾ ਹੈ। 'ਮੈਂ ਭਰਿਆ, ਭਰਿਆ, ਪੂਰਾ ਨੱਕ ਤੱਕ ਭਰਿਆ ਮੱਗ ਪੀਵਾਂਗਾ। ਹੋਰ ਪੁਛ?' ਪਹਿਲੀ ਤੇ ਆਖਰੀ ਵਾਰ ਮੈਂ ਸ਼ਕਤੀ ਸੰਤੁਲਨ ਆਪਣੇ ਪੱਖ ਵੱਲ ਮੋੜਨ ਲਈ ਹੰਭਲਾ ਮਾਰਿਆ।

ਭੂਆ ਨੇ ਹੂੰ ਹੂੰ ਫੂੰ ਫੂੰ ਕਰਦੀ ਨੇ ਦੋ ਜੈਮ ਲੱਗੇ ਪੀਸ ਤੇ ਊਣਾ ਚਾਹ ਦਾ ਮੱਗ ਮੇਰੇ ਹੱਥ ਥਮਾ ਦਿੱਤਾ। ਖਾ ਪੀ ਹਟਿਆ ਤਾਂ ਮੈਂ ਸੋਚਿਆ ਭੂਆ ਸੌਣ ਬਾਰੇ ਵੀ ਤਿੜ ਫਿੜ ਕਰੇਗੀ, ਹੋਰ ਕਾਹਨੂੰ ਲੁਹਾਉਣੀ ਹੈ, ਸੋ ਪੇਸ਼ਕਸ਼ ਕੀਤੀ, 'ਭੂਆ ਮੈਂ ਤਾਂ ਸੋਫੇ 'ਤੇ ਹੀ ਸੌਂ ਜਾਵਾਂਗਾ, ਨਾਲੇ ਥੱਕਿਆ ਪਿਆਂ'।

'ਲੈ ਸੋਫੇ ਤੇ ਕਿਉਂ, ਸੌ ਸੁਖ ਦਾ ਮੇਰਾ ਭਤੀਜਾ, ਮਸਾਂ ਤਾਂ ਲੱਭਾ, ਜਾਹ ਨਾਲ ਦੇ ਕਮਰੇ ਵਿਚ ਪੈ ਜਾ, ਮੈਂ ਛੇਤੀ ਛੇਤੀ ਭਾਂਡੇ ਸਮੇਟਦੀ ਹਾਂ। ਪਾਣੀ ਦਾ ਜੱਗ ਮੈਂ ਤੇਰੇ ਸਿਰਹਾਣੇ ਰੱਖ ਦੇਵਾਂਗੀ'।

'ਕਿਹੜੇ ਭਾਂਡੇ, ਕਾਹਦੇ ਲਈ ਪਾਣੀ ਦਾ ਜੱਗ, ਨਸ਼ੇ ਦਾ ਤਾਂ ਘੁੱਟ ਵੀ ਅੰਦਰ ਨਹੀਂ ਗਿਆ?' ਮਨ ਨੇ ਟਿੱਪਣੀ ਕੀਤੀ ।❑❑

(8345 Opal Drive, Westland, MI 48185 USA)

ਸਵੈਜੀਵਨੀ ਅੰਸ਼

ਨਿਆਗਰਾ ਦੀਆਂ ਧਾਰਾਂ ਉੱਪਰ ਚੜ੍ਹ ਰਹੀ ਮੱਛੀ

ਇਕਬਾਲ ਰਾਮੂਵਾਲੀਆ

ਸੁਖਦੀਪ ਨੇ ਸੁਖਸਾਗਰ ਦੇ ਪੇਟ ਅੰਦਰਲੇ ਚਿਪਚਿਪੇ ਨਿੱਘ 'ਚੋਂ ਨਿਕਲ ਕੇ, ਕੈਨੇਡਾ ਦੀ ਠਾਰੀ ਨੂੰ ਆਪਣੇ ਫੇਫੜਿਆਂ 'ਚ ਪਹਿਲੀ ਵਾਰ 6 ਦਸੰਬਰ, 1977 ਨੂੰ ਉਤਾਰਿਆ ਸੀ, ਆਪਣੀ ਜੌੜੀ ਭੈਣ, ਕਿਰਨਪਾਲ ਤੋਂ ਸਿਰਫ਼ ਪੈਂਤੀ ਮਿੰਟ ਪਹਿਲਾਂ।

ਦੋਹਾਂ ਦੇ ਜਨਮ ਤੋਂ ਕੁਝ ਮਿੰਟਾਂ ਦੇ ਅੰਦਰ-ਅੰਦਰ ਹੀ, ਚਿੜੀ ਦੇ ਅਣਖੰਭੇ ਬੋਟਾਂ ਵਰਗੇ ਉਹਨਾਂ ਦੇ ਸਰੀਰਾਂ ਨੂੰ ਐਂਬੂਲੈਂਸ ਨੇ ਸਾਂਭ ਲਿਆ ਸੀ: ਹਾਈਵੇਅ ਉੱਪਰ 'ਘੂੰਅ ਘੂੰਅ, ਘੂੰਅ-ਘੂੰਅ' ਖਿਲਾਰਦੀ ਐਂਬੂਲੈਂਸ ਅੱਧੇ ਘੰਟੇ ਦੇ ਅੰਦਰ-ਅੰਦਰ ਹੀ ਦੋਹਾਂ ਭੈਣਾਂ ਦੇ 'ਡਿਗੂੰ-ਡਿਗੂੰ' ਕਰਦੇ ਸਾਹਾਂ ਨੂੰ ਟਰਾਂਟੋ ਡਾਊਨਟਾਊਨ ਦੀ ਇਕ ਕਈ-ਮੰਜ਼ਲੀ ਇਮਾਰਤ ਦੇ ਸਾਹਮਣੇ ਲੈ ਗਈ ਸੀ। ਇਮਾਰਤ ਦੇ ਮੱਥੇ ਉੱਪਰ ਲਿਸ਼ਕਦਦੇ ਮੋਟੇ ਅੱਖਰ ਸਿਕ ਚਿਲਡਰਨਜ਼ ਹਸਪਤਾਲ!

ਤਿੰਨ-ਸ਼ਬਦੀ ਨਾਮ ਵਾਲ਼ੀ ਇਹ ਇਮਾਰਤ, ਖ਼ਤਰਨਾਕ ਬੀਮਾਰੀਆਂ ਤੋਂ ਪੀੜਤ ਬੱਚਿਆਂ ਦੇ ਮਾਪਿਆਂ ਦੇ ਸਿਰਾਂ, ਚਿਹਰਿਆਂ ਤੇ ਹਿਰਦਿਆਂ 'ਚ ਆਸ ਦੀਆਂ ਕਿਰਨਾਂ ਜਗਾਉਣ ਲਈ ਮਸ਼ਹੂਰ ਸੀ।

ਦੋ ਮਹੀਨੇ ਹੋ ਗਏ ਸਨ ਦੋਹਾਂ ਨੂੰ ਹਸਪਤਾਲ ਦੇ ਇਨਕਿਊਬੇਟਰਾਂ 'ਚ ਮਾਂ ਦੀ ਕੁੱਖ ਵਿਚਲੇ ਨਿੱਘ ਦਾ ਕਸਾਰਾ ਪੂਰਾ ਕਰਦਿਆਂ। ਹਰ ਤੀਜੇ-ਚੌਥੇ ਦਿਨ ਸਿਕ ਚਿਲਡਰਨ ਦੀ ਲਿਫਟ 'ਚ ਅਸਵਾਰ ਹੋ ਕੇ ਸਾਡਾ ਸੰਸਾ ਕਿਰਨਪਾਲ ਤੇ ਸੁਖਦੀਪ ਦੇ ਕਮਰੇ ਦੇ ਸਾਹਮਣੇ ਜਾ ਖਲੋਂਦਾ। ਸਾਗਰ ਦੇ ਤੇ ਮੇਰੇ ਮੂੰਹਾਂ ਉੱਪਰ ਮਾਸਕ, ਅਤੇ ਕੱਪੜਿਆਂ ਉਦਾਲ਼ੇ ਗਾਊਨ! ਸਾਡੇ ਦਸਤਾਨੇ ਕੁਝ ਕੁ ਮਿੰਟਾਂ ਲਈ ਉਨ੍ਹਾਂ ਦੇ ਇਨਕਿਊਬੇਟਰਾਂ ਦੇ ਢੱਕਣਾਂ ਉੱਪਰ ਫਿਰਦੇ, ਜਿਨ੍ਹਾਂ ਦੇ ਹੇਠ ਸੁਖਦੀਪ ਤੇ ਕਿਰਨਪਾਲ ਦੀ ਬੇਖ਼ਬਰੀ ਸਾਹ ਲੈ ਰਹੀ ਹੁੰਦੀ। ਸੁਖਸਾਗਰ ਦਾ ਦਿਲ ਕਰਦਾ ਕੱਚ ਦੇ ਇਹਨਾਂ ਢੱਕਣਾਂ 'ਚ ਉਂਗਲ਼ਾਂ ਖੁਭੋਅ ਕੇ ਧੀਆਂ ਤੀਕ ਪਹੁੰਚ ਜਾਵੇ। ਪਰ ਉਹਦਾ ਸਿਰ ਸੱਜੇ-ਖੱਬੇ ਗਿੜਦਾ ਤੇ ਉਹ ਆਪਣੇ ਉਂਗਲ਼ਾਂ ਨੂੰ ਮੋਢਿਆਂ ਉੱਤੇ ਟਿਕਾਅ ਕੇ ਬੁੱਕਲ਼ 'ਚ ਲਏ ਧੀਆਂ ਦੇ ਤਸੱਵਰ ਨੂੰ ਛਾਤੀ ਨਾਲ਼ ਘੁੱਟ ਲੈਂਦੀ।

ਹਸਪਤਾਲੋਂ ਵਾਪਸ ਮੁੜਦਿਆਂ ਘੰਟੇ ਸਵਾ ਘੰਟੇ ਦੇ ਸਫ਼ਰ ਦੌਰਾਨ ਸੁਖਸਾਗਰ ਹਾਈਵੇਅ ਦੇ ਦੋਹੀਂ ਪਾਸੀਂ ਖੇਤਾਂ 'ਚ ਖਲੋਤੇ ਬਿਰਖ਼ਾਂ ਦੀ ਨਿਪੱਤਰਤਾ ਵੱਲ ਦੇਖਦੀ ਜਾਂਦੀ। ਫਲੈਟ 'ਚ ਪਹੁੰਚਦੇ, ਤਾਂ ਸਿਰ ਉਦਾਲ਼ੇ ਸਕਾਅਫ਼ ਲਪੇਟਦੀ, ਸਿਰਹਾਣੇ ਨੂੰ ਥਾਂ-ਸਿਰ ਕਰਦੀ ਅਤੇ ਕੰਬਲ ਦੀਆਂ ਤਹਿਆਂ ਖੋਲ੍ਹਣ ਲੱਗ ਜਾਂਦੀ।

ਘੰਟੇ ਕੁ ਬਾਅਦ, ਕੰਬਲ਼ ਨੂੰ ਤਹਿ ਕਰ ਕੇ ਸਿਰਹਾਣੇ ਉੱਪਰ ਟਿਕਾਉਣ ਤੋਂ ਬਾਅਦ, ਉਹ ਆਪਣੀਆਂ ਅੱਖਾਂ ਹੇਠ ਜੰਮੀ ਸਿਲ੍ਹ ਉੱਤੇ ਪਾਣੀ ਦੇ ਛਿੱਟੇ ਮਾਰਦੀ ਅਤੇ ਟੀ. ਵੀ. ਨੂੰ ਸਵਿੱਚ-ਆਫ਼ ਕਰ ਕੇ, ਉਹਦੀ ਸੱਖਣੀ ਸਕਰੀਨ ਉੱਤੇ ਅੱਖਾਂ ਜਮਾਅ ਕੇ ਬੈਠੀ ਰਹਿੰਦੀ।

ਫ਼ਰਵਰੀ, 1978, ਦੇ ਪਹਿਲੇ ਹਫ਼ਤੇ ਦਾ ਇਕ ਦਿਨ: ਸਵੇਰੇ ਸਵਖ਼ਤੇ ਹੀ ਮੈਂ ਯੂਨੀਵਰਸਿਟੀ 'ਚ ਲਾਇਬਰੇਰੀ ਦੀਆਂ ਸ਼ੈਲਫ਼ਾਂ ਉੱਤੇ ਬਾਹਰ ਵੱਲ ਨੂੰ ਪਿੱਠਾਂ-ਕਰੀ ਖਲੋਤੀਆਂ ਕਿਤਾਬਾਂ ਦੇ ਨਾਵਾਂ ਨੂੰ ਪੜ੍ਹਦਾ ਹੋਇਆ, ਸ਼ੈਲਫ਼ਾਂ ਵਿਚਕਾਰਲੀ ਗਲ਼ੀ ਵਿਚੋਂ

ਸਹਿਜੇ-ਸਹਿਜੇ ਅੱਗੇ ਨੂੰ ਵਧ ਰਿਹਾ ਸਾਂ! ਕਿਤਾਬਾਂ ਦੀਆਂ ਪਿੱਠਾਂ ਨੂੰ ਪਲੋਸ-ਰਹੀ ਮੇਰੀ ਨਜ਼ਰ ਨੂੰ ਅਚਾਨਕ ਹੀ, 1901 'ਚ ਛਪੇ, ਅੰਗਰੇਜ਼ੀ ਲੇਖਕ ਰਾਡੀਆਰਡ ਕਿਪਲਿੰਗ ਦੇ ਨਾਵਲ ਕਿਮ ਨੇ ਜਕੜ ਲਿਆ। ਵੀਹਵੀਂ ਸਦੀ ਦੇ ਸ਼ੁਰੂ 'ਚ ਨੋਬੈੱਲ ਸਨਮਾਨ ਪ੍ਰਾਪਤ ਕਰਨ ਵਾਲਾ ਨਾਵਲ ਕਿਮ! ਉਹ ਆਪਣੇ ਸਫ਼ਿਆਂ ਰਾਹੀਂ ਕਈ ਘੰਟੇ ਮੈਨੂੰ ਲਹੌਰ, ਅੰਮ੍ਰਿਤਸਰ ਲੁਧਿਆਣਾ ਅਤੇ ਅੰਬਾਲਾ ਵਰਗੇ ਸ਼ਹਿਰਾਂ ਦੀਆਂ ਛਾਉਣੀਆਂ ਤੇ ਪਾਰਕਾਂ ਅਤੇ ਯੂ.ਪੀ. ਦੇ ਸਹਾਰਨਪੁਰ, ਮੇਰਠ ਅਤੇ ਹੋਰ ਮੈਦਾਨੀ-ਪਹਾੜੀ ਇਲਾਕਿਆਂ 'ਚ ਘੁੰਮਾਈ ਗਿਆ।

ਆਥਣੇ ਜਦੋਂ ਮੈਂ ਫ਼ਲੈਟ 'ਚ ਪਰਤਿਆ, ਬੇਬੇ ਜੀ ਤੇ ਸੁਖਸਾਗਰ ਸੋਫ਼ੇ ਉੱਪਰ: ਉਨ੍ਹਾਂ ਦੇ ਗਲ਼ੀਂ ਭਾਰੇ ਕੋਟ ਅਤੇ ਧੌਣਾਂ ਉਦਾਲ਼ੇ ਗੁਲੂਬੰਦ! ਸੋਫ਼ੇ ਦੇ ਗੱਦੇ ਨਾਲ ਖਲੋਤੀ ਖੂੰਡੀ, ਬੇਬੇ ਜੀ ਦੀ ਮੁੱਠੀ 'ਚ ਹੋਣ ਦੀ ਕਾਹਲ਼ ਵਿਚ ਜਾਪੀ। ਦਰਵਾਜ਼ਿਉਂ ਅੰਦਰ, ਕਲਾਜ਼ਿਟ ਦੇ ਲਾਗੇ, ਮੈਂ ਹਾਲੇ ਆਪਣੇ ਬੂਟਾਂ ਦੇ ਤਸਮਿਆਂ ਦੀਆਂ ਗੰਢਾਂ ਨੂੰ ਖੋਲ੍ਹਣ ਲਈ ਝੁਕਣ ਲੱਗਾ ਹੀ ਸਾਂ ਕਿ ਸਾਗਰ ਨੇ ਸੋਫ਼ਾ-ਚੇਅਰ ਤੋਂ ਉੱਠ ਕੇ, ਆਪਣੇ ਟੋਪੇ ਨੂੰ ਕੰਨਾਂ ਤੋਂ ਮੋਢਿਆਂ ਵੱਲ ਨੂੰ ਖਿੱਚ ਲਿਆ।

-ਕੱਪੜੇ ਬਦਲਣ ਨਾ ਲੱਗ ਜਾਇਓ!

ਸਾਗਰ ਨੇ ਸੋਫ਼ੇ ਉੱਪਰੋਂ ਆਪਣੇ ਪਰਸ ਨੂੰ ਉਠਾਲ਼ ਲਿਆ।

-ਕੀ ਗੱਲ? ਮੈਂ ਆਪਣੀਆਂ ਅੱਖਾਂ ਸੁੰਗੇੜੀਆਂ।

-ਸਟੋਰ ਚੱਲਣੈਂ, ਹੁਣੇ ਈ!

-ਗਰੋਸਰੀ ਤਾਂ ਹਾਲੇ ਕੱਲ੍ਹ ਲੈ ਕੇ ਆਏ ਆਂ! ਮੇਰੇ ਮੱਥੇ ਉੱਪਰ ਹੈਰਾਨੀ ਇਕੱਠੀ ਹੋਣ ਲੱਗੀ। ਫੇਰ ਕਿਹੜੀ ਖ਼ਾਸ ਚੀਜ਼ ਸਟੋਰ ਤੋਂ ਲਿਆਉਣ ਵੱਲੋਂ ਰਹਿਗੀ?

-ਸਟੋਰ 'ਚ ਜਾ ਕੇ ਆਪੇ ਲੱਗ ਜੂ ਪਤਾ!

ਅਗਲੀ ਸਵੇਰ ਸਵਖ਼ਤੇ ਹੀ ਫਨੈਲੀਆ ਗੰਧ ਕੰਬਲ਼ ਨੂੰ ਮੇਰੇ ਚਿਹਰੇ ਤੋਂ ਖਿੱਚਣ ਲੱਗੀ। ਬੈੱਡ ਤੋਂ ਉੱਠ ਕੇ ਮੈਂ ਆਪਣੀਆਂ ਅੱਖਾਂ ਆਸੇ-ਪਾਸੇ ਘੁੰਮਾਈਆਂ: ਕੀਟਾਣੂ-ਨਾਸ਼ਕ ਤਰਲ ਨਾਲ਼ ਸਿੱਲ੍ਹਾ ਕੀਤਾ ਪੋਚਾ ਫ਼ਲੈਟ ਦੇ ਫ਼ਰਸ਼ ਉੱਪਰ ਫਿਰ ਰਿਹਾ ਸੀ।

ਪੋਚੇ ਵਾਲ਼ੇ ਬਰੂਮ ਦੀ ਢੋਅ ਕੰਧ ਨਾਲ਼ ਲਗਾ ਕੇ, ਸੁਖਸਾਗਰ ਪ੍ਰੈੱਸ-ਕੀਤੀਆਂ ਚਾਦਰਾਂ ਦੀ ਸਫ਼ੈਦੀ ਨੂੰ, ਦੋਹਾਂ ਬੈੱਡਾਂ ਉੱਪਰ ਵਿਛਾਉਣ ਵਿਚ ਮਘਨ ਹੋ ਗਈ। ਫ਼ਿਰ ਉਹਨੇ ਆਪਣੇ ਪੈਰਾਂ ਦੀ ਕਾਹਲ਼ ਨੂੰ ਲਿਵਿੰਗਰੂਮ ਵੱਲ ਨੂੰ ਮੋੜ ਲਿਆ, ਜਿੱਥੇ ਪਹਿਲਾਂ ਉਹਨੇ ਬੀਤੀ ਸ਼ਾਮ ਖਰੀਦੀਆਂ ਕਰਿਬਾਂ ਦੇ ਪਾਵਿਆਂ ਅਤੇ ਬਾਹੀਆਂ ਅਤੇ ਖੂੰਜਿਆਂ ਨੂੰ ਕੀਟਾਣੂ-ਨਾਸ਼ਕ ਤਰਲ ਨਾਲ਼ ਰਗੜ-ਰਗੜ ਕੇ ਪੂੰਝਿਆ ਅਤੇ ਫ਼ਿਰ ਉਹ ਸਟੋਰਾਂ 'ਚੋਂ ਲਿਆਂਦੇ ਲਿਫ਼ਾਫ਼ਿਆਂ ਨੂੰ ਫਰੋਲਣ ਲੱਗੀ।

ਨਿਆਣੀ-ਜੇਹੀ ਕੈਂਚੀ ਤੇ ਚਾਹ-ਰੰਗੀ ਮਾਸਕਿੰਗ-ਟੇਪ ਦਾ ਚੂੜੀ ਕੁ ਜੇਡਾ ਪਹੀਆ: ਦੋਵੇਂ ਚੀਜ਼ਾਂ ਨਿੱਕੇ ਲਿਫ਼ਾਫ਼ੇ 'ਚੋਂ ਉਦੇ ਹੋਈਆਂ ਅਤੇ ਟੇਬਲ ਉੱਤੇ ਬੈਠ ਕੇ ਇਕ ਦੂਜੇ ਦੀ ਸਰਗਰਮੀ ਦੀ ਉਡੀਕ ਕਰਨ ਲੱਗੀਆਂ। ਦੂਜੇ ਲਿਫ਼ਾਫ਼ੇ 'ਚੋਂ ਰਬੜ ਦੀਆਂ ਬੱਤਖ਼ਾਂ, ਕੱਪੜੇ ਦੀ ਜੱਤ ਵਾਲ਼ੇ ਭਾਲੂ ਤੇ ਪਲਾਸਟਿਕ ਦੇ ਛਣਕਣੇ, ਦੋਹਾਂ ਕਰਿਬਾਂ ਵਿਚ ਗੁਦੈਲਿਆਂ ਉੱਤੇ ਬੈਠਣ ਲੱਗੇ। ਇਕ ਪੈਕਟ 'ਚੋਂ ਕੱਢੇ ਰੰਗ ਬਰੰਗੇ ਭੁਕਾਨਿਆਂ ਦਾ ਝੁੱਗ ਮੇਰੇ ਵੱਲ ਵਧਾਅ ਕੇ ਆਪ ਉਹ ਪੋਲੀਥੀਨ ਦੇ ਵੱਡੇ ਲਿਫ਼ਾਫ਼ੇ 'ਚੋਂ, ਵੱਡ-ਅਕਾਰੀ ਪੋਸਟਰ ਪਰਗਟ ਕਰਨ ਲੱਗੀ: ਉਹ ਇਕ ਪੋਸਟਰ ਨੂੰ ਚੁਕਦੀ ਤੇ ਉਸਦੀਆਂ ਉੱਪਰਲੀਆਂ ਕੰਨੀਆਂ ਨੂੰ

ਅੰਗੂਠਿਆਂ ਅਤੇ ਉਂਗਲਾਂ 'ਚ ਪਕੜ ਕੇ, ਆਪਣੇ ਬੁੱਲ੍ਹਾਂ ਉੱਪਰ ਖਿੱਲਰ-ਰਹੇ ਵਿਸਮਾਦ ਦੇ ਸਾਹਮਣੇ ਲਟਕਾਅ ਲੈਂਦੀ। ਫਿਰ ਉਹ ਕੈਂਚੀ ਦਾ ਮੇਲ਼ ਮਾਸਕਿੰਗ-ਟੇਪ ਨਾਲ਼ ਕਰਾਉਂਦੀ: ਟੇਪ ਦੇ ਕੁੰਡਲ਼ ਬਣਦੇ ਤੇ ਪੋਸਟਰ ਦੇ ਪਿਛਾੜੀ ਚਿੰਬੜ ਜਾਂਦੇ।

-ਥੋੜ੍ਹੀ ਉੱਚਾਈ 'ਤੇ ਲੱਗੇ ਹੋਏ ਈ ਜਚਣਗੇ, ਕੰਧਾਂ ਉੱਪਰ ਹੇਠਾਂ-ਉਤਾਂਹ ਤੇ ਸੱਜੇ-ਖੱਬੇ ਨਜ਼ਰ ਘੁੰਮਾਉਂਦਿਆਂ, ਉਹਨੇ ਕੰਧਾਂ ਨੂੰ ਪੁੱਛਿਆ।

ਦਸਾਂ ਕੁ ਮਿੰਟਾਂ 'ਚ ਹੀ, ਲਿਵਿੰਗਰੂਮ ਦੀਆਂ ਕੰਧਾਂ ਉੱਪਰ, ਬੱਚਿਆਂ ਦੇ ਹੱਥਾਂ 'ਚ ਫੜੇ ਛਣਕਣੇ ਛਣਨ-ਛਣਨ ਕਰਨ ਲੱਗੇ; ਦੂਸਰੇ ਪੋਸਟਰ 'ਚ, ਕੰਧ ਉੱਤੇ ਜੜੇ ਨਿੱਕੇ ਜਿਹੇ ਅਸਮਾਨ ਵਿਚ ਉਡਦੀਆਂ ਕੂੰਜਾਂ ਦੀਆਂ ਲੰਬੂਤਰੀਆਂ ਧੌਣਾਂ 'ਚੋਂ ਗੁਰੜ-ਗੁਰੜ ਡਿੱਗਣ ਲੱਗੀ। ਅਗਲੇ ਪੋਸਟਰ 'ਚੋਂ ਤੋਤੇ-ਚਿੜੀਆਂ ਦੀ ਗੁਟਰ-ਗੁਟਰ, ਚਿਰੜ-ਚਿਰੜ, ਕਰਿਬਾਂ ਦੀਆਂ ਬਾਹੀਆਂ ਨਾਲ਼ ਲਟਕਦੇ ਭੁਕਾਨਿਆਂ ਦੀ ਫੁਲਾਵਟ ਵੱਲ ਉੱਡਣ ਲੱਗੀ, ਤੇ ਅਗਲੇਰੇ 'ਚੋਂ ਗੇਂਦਿਆਂ ਦੀ ਮਹਿਕ ਵਗਣ ਲੱਗੀ।

ਸੁਖਸਾਗਰ ਨੇ, ਫਰਿੱਜ ਦਾ ਦਰਵਾਜ਼ਾ ਖਿੱਚਿਆ ਅਤੇ ਉਹ ਗੱਤੇ ਦੀ ਟਰੇਅ 'ਚ ਠਰ-ਰਹੇ ਆਂਡਿਆਂ ਨੂੰ ਮੂਹਰਲੀ ਉਂਗਲ਼ ਨਾਲ਼ ਵਾਰੀ-ਵਾਰੀ ਛੋਹਣ ਲੱਗੀ: ਇਕ, ਦੋ, ਤਿੰਨ...

ਫ਼ਿਰ ਹਰੀਆਂ ਮਿਰਚਾਂ ਅਤੇ ਪਿਆਜ਼ ਦੇ ਦੋ ਗੰਢੇ ਮੇਰੇ ਸਾਹਮਣੇ ਆ ਟਿਕੇ। ਸਟੀਲ ਦੀ ਕਰਦ ਨੂੰ ਮੇਰੇ ਵੱਲ ਵਧਾਉਂਦਿਆਂ ਸੁਖਸਾਗਰ ਬੋਲੀ: ਮੈਂ ਫ਼ਰਾਈਇੰਗ ਪੈਨ 'ਚ ਕੂਚੀ ਫੇਰ ਲਵਾਂ!

ਠਰੇ ਹੋਏ ਹਾਈਵੇਅ ਨੂੰ, ਸਵਾ ਕੁ ਘੰਟਾ 'ਘੂੰਅੰਅੰ-ਘੂੰਅੰਅੰ'' ਨਾਲ਼ ਬੇਚੈਨ ਕਰਨ ਤੋਂ ਬਾਅਦ, ਮੈਂ ਆਪਣੀ ਕਾਰ, ਸਿੱਕ ਚਿਲਡਰਨ ਹਸਪਤਾਲ ਦੇ ਮੁੱਖ-ਦੁਆਰ ਦੇ ਸਾਹਮਣੇ ਜਾ ਖਲ੍ਹਿਆਰੀ। ਸੁਖਸਾਗਰ ਕਾਰ 'ਚੋਂ ਉੱਤਰ ਕੇ ਹਸਪਤਾਲ ਦੇ ਅੰਦਰ, ਮੇਨਡੋਰ ਦੇ ਬਿਲਕੁਲ ਸਾਹਮਣੇ ਖੁਲ੍ਹ-ਰਹੇ ਐਲੀਵੇਟਰ ਵੱਲ ਨੂੰ ਤੁਰ ਗਈ। ਡਰਾਈਵਰ ਸੀਟ ਉੱਪਰ ਬੈਠਾ, ਮੈਂ ਆਪਣੇ ਪੰਜਿਆਂ ਨਾਲ਼ ਸਟੀਅਰਿੰਗ-ਚੱਕਰ ਦੇ ਉਦਾਲ਼ੇ ਪਰਿਕਰਮਾ ਕਰਦਾ ਹੋਇਆ ਸੋਚਣ ਲੱਗਾ: ਚੱਕਰ ਵੀ ਅਜੀਬ ਸ਼ੈਅ ਹੁੰਦਾ ਐ; ਪਤਾ ਈ ਨਹੀਂ ਲਗਦਾ ਇਹ ਸ਼ੁਰੂ ਕਿੱਥੋਂ ਹੁੰਦੈ ਤੇ ਖ਼ਤਮ ਕਿੱਥੇ!

ਪਿਛਲੀ ਸੀਟ ਉੱਪਰ ਬੈਠੇ ਬੇਬੇ ਜੀ ਦੇ ਮੂੰਹ 'ਚੋਂ ਕਿਰ ਰਿਹਾ 'ਵਾਹਿਗੁਰੂ, ਵਾਹਿਗੁਰੂ' ਮੇਰੇ ਮੱਥੇ 'ਚ ਸੁਖਦੀਪ ਤੇ ਕਿਰਨਪਾਲ ਦੇ ਅਕਸ ਜਗਾਉਣ ਲੱਗਾ: ਦੋ ਮਹੀਨਿਆਂ ਤੋਂ ਕੱਚ ਦੇ ਬਾਕਸਾਂ ਦੀ ਹਿਫ਼ਾਜ਼ਤ ਵਿਚ ਜਾਗਦੇ-ਸੁੱਤੇ ਉਹਨਾਂ ਦੇ ਸਰੀਰਾਂ ਦੀ ਨਿਰਬਲਤਾ ਦਾ ਕਿਆਸ ਕੀਤਾ ਤਾਂ ਮੇਰਾ ਸਰੀਰ ਧੁਰ-ਅੰਦਰ ਤੀਕ ਤ੍ਰਭਕਿਆ।

ਪੰਜ ਮਿੰਟ, ਸੱਤ ਮਿੰਟ, ਦਸ ਮਿੰਟ: ਅੰਤ ਚਹੁੰ ਪਹੀਆਂ ਵਾਲ਼ੀ ਇਕ ਕਰਿਬ, ਐਲੀਵੇਟਰ 'ਚੋਂ ਨਿੱਕਲੀ ਅਤੇ ਮੁੱਖ ਦਰਵਾਜ਼ੇ 'ਚੋਂ ਰੁੜ੍ਹਦੀ ਹੋਈ, ਸਾਡੀ ਕਾਰ ਦੀ ਸੱਜੀ ਵੱਖੀ ਲਾਗੇ ਆ ਖਲੋਤੀ। ਕਰਿੱਬ ਨੂੰ ਧੱਕ ਰਹੀ ਨਰਸ ਨੇ ਕੰਬਲ਼ 'ਚ ਲਪੇਟੀ ਸੁਖਦੀਪ ਦੀ ਮਲੂਕਤਾ ਨੂੰ ਮਲਕੜੇ ਜਿਹੇ ਉਠਾਲ਼ ਕੇ, ਸੁਖਸਾਗਰ ਵੱਲੀਂ ਵਧਾਇਆ: ਸੁਖਸਾਗਰ ਦੇ ਚਿਹਰੇ ਦੇ ਡੂੰਘ ਗੁਲਾਬੀ ਰੰਗ ਨਾਲ਼ ਭਰਨ ਲੱਗੇ।

ਸਟੀਅਰਿੰਗ ਤੋਂ ਉੱਤਰ ਕੇ, ਮੈਂ ਕਾਰ ਦੇ ਪਿਛਲੇ ਦਰਵਾਜ਼ੇ ਨੂੰ ਬਾਹਰ ਵੱਲ ਨੂੰ ਖਿੱਚਿਆ, ਅਤੇ ਆਪਣੀਆਂ ਅੱਖਾਂ ਤੋਂ ਗੱਲ੍ਹਾਂ ਵੱਲ ਨੂੰ ਢਲ ਰਹੀ ਨਮੀਦਾਰ-ਚਾਅ ਨੂੰ ਝਮਕਦਾ ਹੋਇਆ, ਸੁਖਦੀਪ ਵੱਲ ਨੂੰ ਵਧਿਆ।

'ਬਾਹਰ ਆ ਗੀ ਤੂੰ ਇਨਕੂਬੇਟਰ 'ਚੋਂ!' ਲਗਾਤਾਰ ਫਰਕ-ਰਹੇ ਮੇਰੇ ਬੁੱਲ੍ਹ, ਅੰਦਰ ਵੱਲ ਨੂੰ ਇਕੱਠੇ ਹੋ ਕੇ, ਮੇਰੇ ਦੰਦਾਂ ਵਿਚਕਾਰ ਘੁੱਟੇ ਗਏ। ਇਕ-ਦੂਜੇ ਵੱਲ ਨੂੰ ਖਿੱਚੇ ਗਏ ਭਰਵੱਟਿਆਂ ਹੇਠ, ਅੱਖਾਂ 'ਚੋਂ ਸਿੰਮ ਰਹੀ ਨਮੀ, ਮੇਰੇ ਨੱਕ ਦੀਆਂ ਜੜ੍ਹਾਂ ਕੋਲ ਦੀ ਹੁੰਦੀ ਹੋਈ, ਮੇਰੇ ਬੁਲ੍ਹਾਂ ਦੀ ਕੰਬਣੀ ਉੱਪਰ ਖਿਲਰਨ ਲੱਗੀ।

ਬੁੱਲ੍ਹਾਂ ਦੀ ਕੰਬਣੀ ਸੁਖਦੀਪ ਦੇ ਮੱਥੇ ਵੱਲ ਨੂੰ ਝੁਕਣ ਲੱਗੀ ਤਾਂ ਸੁਖਸਾਗਰ ਨੇ, ਆਪਣੀਆਂ ਬਾਹਾਂ 'ਚ ਚੁੱਕੀ ਸੁਖਦੀਪ ਨੂੰ, ਤੇਜ਼ੀ ਨਾਲ਼ ਪਰਲੇ ਪਾਸੇ ਵੱਲ ਨੂੰ ਖਿੱਚ ਲਿਆ!

-ਨਾ, ਨਾ, ਨਾ! ਸਾਗਰ ਦਾ ਸਿਰ ਖੱਬੇ-ਸੱਜੇ ਘੁੰਮਣ ਲੱਗਾ।

ਮੇਰੀਆਂ ਉਂਗਲ਼ਾਂ 'ਚ ਹੈਰਾਨ-ਹੋ-ਰਿਹਾ ਨੈਪਕਿਨ ਮੇਰੀਆਂ ਅੱਖਾਂ ਹੇਠੋਂ ਸਿਲ੍ਹ ਨੂੰ ਚੂਸਣ ਲੱਗਾ।

-ਡਾਕਟਰ ਨੇ ਤਾੜਨਾ ਕੀਤੀ ਐ, ਇਨਫ਼ੈਕਸ਼ਨ ਤੋਂ ਬਹੁਅਮਤ ਬਚਾਅ ਕੇ ਰੱਖਣੈ! ਸੁਖਸਾਗਰ ਬੋਲੀ।

ਗੀਅਰ ਸ਼ਾਫ਼ਟ ਨੂੰ ਡਰਾਈਵ ਵਿਚ ਮੈਂ ਹਾਲੇ ਪਾਇਆ ਹੀ ਸੀ ਕਿ ਪਿਛਲੀ ਸੀਟ ਉੱਤੇ, ਮਾਂ ਦੀ ਗੋਦੀ 'ਚ ਪਈ ਸੁਖਦੀਪ ਉੱਪਰ ਝੁਕਿਆ ਸੁਖਸਾਗਰ ਦਾ ਸੰਸਾ ਚੂਕ ਉੱਠਿਆ: ਦਸ ਕੁ ਮਿੰਟ ਪਹਿਲਾਂ ਈ ਸੁੱਤੀ ਐ ਦੁੱਧ ਨਾਲ਼ ਰੱਜ ਕੇ... ਹੁਜਕਿਆਂ ਤੋਂ ਬਚਾਅ ਕੇ ਚੱਲਿਓ!

ਡਾਊਨਟਾਊਨ ਟਰਾਂਟੋ ਦੀਆਂ ਟਰੈਫ਼ਿਕ ਬੱਤੀਆਂ ਦੇ ਹੇਠੋਂ ਦੀ ਬੋਚ-ਬੋਚ ਲੰਘਦੀ ਹੋਈ ਮੇਰੀ ਕਾਰ ਦਸ ਕੁ ਮਿੰਟਾਂ 'ਚ ਹੀ 'ਕੁਈਨ ਅਲਿਜ਼ਬੈੱਥ ਹਾਈਵੇਅ' ਉੱਪਰ ਪੱਛਮ ਵੱਲ ਨੂੰ ਸ਼ਰਨ-ਸ਼ਰਨ ਦੌੜਦੇ ਟ੍ਰੈਫ਼ਿਕ ਦੀ ਸੰਘਣਤਾ ਨਾਲ਼ ਇਕ-ਮਿੱਕ ਹੋ ਗਈ: ਸਪੀਡੋਮੀਟਰ ਦੀ ਸੂਈ ਨੱਬੇ ਦੇ ਹਿੰਦਸੇ ਨੂੰ ਟੱਪਣ ਲੱਗੀ, ਤਾਂ ਪਿਛਲੀ ਸੀਟ 'ਤੋਂ ਤਾੜਨਾ ਉੱਠੀ, 'ਸੌ ਤੋਂ ਹੇਠਾਂ ਈ ਰੱਖਿਓ! ਕੋਈ ਨਾ ਦਸ-ਵੀਹ ਮਿੰਟ ਲੇਟ ਅੱਪੜਜਾਂਗੇ!'

'ਡਾਕਟਰ ਤਾਂ ਕਨੇਡਾ 'ਚ, ਕਾਕਾ, ਦੂਸਰੇ ਰੱਬ ਐ', ਵਾਰ-ਵਾਰ 'ਵਾਹਿਗੁਰੂ ਵਾਹਿਗੁਰੂ' ਕਰਦੇ ਹੋਏ ਬੇਬੇ ਜੀ ਬੋਲ ਪਏ, ਸ਼ਾਇਦ ਉਕਤੇਵੇਂ ਵੱਲ ਨੂੰ ਵਧ ਰਹੀ ਚੁੱਪ ਨੂੰ ਹਲੂਣਨ ਲਈ। 'ਇੰਡੀਆ ਹੁੰਦੀਆਂ ਤਾਂ ਕਿੱਥੇ ਬਚਣੀਆਂ ਸੀ!'

ਤੇ ਫ਼ਿਰ, ਥੋੜ੍ਹੇ-ਥੋੜ੍ਹੇ ਵਕਫ਼ੇ ਬਾਅਦ ਦੋ ਚਾਰ ਫ਼ਿਕਰੇ ਕਦੇ ਇਕ ਦੇ ਤੇ ਕਦੀ ਦੂਜੇ ਦੇ ਬੁੱਲ੍ਹਾਂ 'ਚੋਂ ਕਿਰਦੇ, ਤੇ ਅਸੀਂ ਤਿੰਨੇਂ ਹੀ, ਫ਼ਿਕਰਿਆਂ ਤੋਂ ਬਾਅਦ-ਵਾਲ਼ੀ ਚੁੱਪ ਦੇ ਅਰਥਾਂ ਨੂੰ ਸਿੱਧੇ-ਪੁੱਠੇ ਕਰਨ ਲੱਗ ਜਾਂਦੇ!

ਚੁੱਪ ਦੌਰਾਨ, ਮੇਰੀ ਸੁਰਤ 'ਚ ਵਾਰ-ਵਾਰ, ਹਸਪਤਾਲ ਤੈਰਨ ਲਗਦਾ; ਉਥੇ ਇੱਕਲੀ ਰਹਿ ਗਈ ਕਿਰਨਪਾਲ: ਪਿਚਕੇ ਹੋਏ ਚਿਹਰੇ 'ਚ ਉਹਦੀਆਂ ਨੈਣ-ਗੋਲ਼ੀਆਂ ਜਿਵੇਂ ਪਲਕਾਂ 'ਚੋਂ ਬਾਹਰ ਨਿਕਲ਼ ਆਈਆਂ ਹੋਣ, ਤੇ ਹਾਲੇ ਵੀ ਝੁਰੜਾਈ ਹੋਈ ਚਮੜੀ, ਜਿਸ ਹੇਠੋਂ ਸਾਰਾ ਲਹੂ ਡਾਕਟਰਾਂ ਨੇ ਜਿਵੇਂ ਸਰਿੰਜ ਨਾਲ਼ ਬਾਹਰ ਖਿੱਚ ਲਿਆ ਹੋਵੇ!

ਡੇਢ ਕੁ ਘੰਟੇ ਬਾਅਦ, ਸੁਖਦੀਪ ਸਾਡੇ ਫ਼ਲੈਟ 'ਚ, ਆਪਣੀ ਮਾਂ ਦੀ ਗੋਦੀ ਵਿਚ ਸੀ! ਮੱਕੀ ਦੇ ਦਾਣੇ ਕੁ ਜੇਡੇ ਨੱਕ ਵਿੱਚੋਂ, ਅੰਦਰ-ਬਾਹਰ ਹੋ ਰਹੇ ਨਿੱਕੇ-ਨਿੱਕੇ ਸਾਹ! ਕਰਿਬ ਦੀਆਂ ਬਾਹੀਆਂ ਨਾਲ਼ ਬੰਨ੍ਹੇ ਭੁਕਾਨਿਆਂ ਦੀ ਰੰਗ-ਬਰੰਗੀ ਫੁਲਾਵਟ ਤੋਂ ਉੱਕਾ ਹੀ ਬੇਖ਼ਬਰ! ਉਹ ਪੰਜੀਂ-ਸੱਤੀਂ ਮਿੰਟੀਂ ਤ੍ਰਭਕਦੀ ਤੇ ਪਲ ਕੁ ਭਰ ਲਈ ਅੱਖਾਂ ਖੋਲ੍ਹ ਕੇ ਮੁੜ ਆਪਣੀ ਘੂਕੀ ਵੱਲ ਪਰਤ ਜਾਂਦੀ।

ਅੱਧੇ ਕੁ ਘੰਟੇ ਬਾਅਦ, ਬੇਬੇ ਜੀ ਦੀ ਖੂੰਡੀ ਦੀ ਠੱਕ-ਠੱਕ ਫਰਿੱਜ ਵੱਲ ਨੂੰ ਹੋ ਤੁਰੀ: ਕੁਝ ਸਕਿੰਟਾਂ ਬਾਅਦ, ਦੁੱਧ ਵਾਲ਼ੀ ਸ਼ੀਸ਼ੀ, ਸਿੰਕ ਦੀ ਟੂਟੀ 'ਚੋਂ ਗਿਰ-ਰਹੀ ਧਾਰ ਹੇਠ ਫਰਿੱਜ ਦੀ ਠਾਰੀ ਤੋਂ ਮੁਕਤ ਹੋ ਰਹੀ ਸੀ।

ਅਗਲੀ ਸਵੇਰ ਸਵਖ਼ਤੇ ਹੀ, ਫ਼ਲੈਟ ਵਿਚ ਫ਼ੈਲੀ ਚੁੱਪ-ਚਾਂ ਉਡੰਤ ਹੋਣ ਲੱਗੀ: ਤੜਕਸਾਰ ਚਾਰ ਕੁ ਵਜੇ, ਮੇਰੇ ਅਤੇ ਸੁਖਸਾਗਰ ਦੇ ਵਿਚਕਾਰ 'ਕੁਆਂਅਅ-ਕੁਆਂਅਅ' ਛਲਕ ਉੱਠੀ: ਸੁਖਸਾਗਰ ਤ੍ਰਭਕੀ: ਓ ਹੋਅਅ, ਓ ਹੋਅਅ! ਉਹ ਸੁਖਦੀਪ ਦੀ ਛਾਤੀ ਉੱਪਰ ਪੋਲਾ-ਪੋਲਾ ਹੱਥ ਫੇਰਨ ਲੱਗੀ। ਕੀ ਹੋ ਗਿਆ, ਕੀ ਹੋ ਗਿਆ? ਜਾਗ ਪੀਆਂ ਭੁੱਖਾਂ? ਖੁੱਲ੍ਹਗੀਆਂ ਨੀਂਦਾਂ?

ਇਹ ਸਭ ਕੁਝ ਫ਼ਿਰ ਰੁਟੀਨ ਬਣ ਗਿਆ: ਦਿਹਾੜੀ 'ਚ ਕਈ ਵਾਰ ਕਰਿਬ 'ਚ 'ਕੁਆਂਅ-ਕੁਆਂਅ' ਦਾ ਫੁਹਾਰਾ ਉੱਠਦਾ, ਸਾਗਰ ਸੁਖਦੀਪ ਦੇ ਸਿਰ ਅਤੇ ਪਿੱਠ ਨੂੰ ਆਪਣੇ ਅਤੇ ਬਾਂਹ ਉੱਤੇ ਤੋਲਦੀ; ਦੁੱਧ ਦੀ ਸ਼ੀਸ਼ੀ ਦਾ ਨਿੱਪਲ ਸੁਖਦੀਪ ਦੇ ਬੁਲ੍ਹਾਂ ਵੱਲ ਵਧਦਾ; ਅਤੇ ਉਹਦੀਆਂ ਲੱਤਾਂ-ਬਾਹਾਂ ਸਾਗਰ ਦੀ ਗੋਦੀ ਵਿਚਲੇ ਨਿੱਘ ਵਿਚ ਗ਼ੈਰਹਾਜ਼ਰ ਫੁਟਬਾਲ ਨਾਲ਼ ਖੇਡਣ ਲਗਦੀਆਂ।

ਸੁਖਦੀਪ ਦੇ ਹਲਕੇ-ਹਲਕੇ ਪਚਾਕੇ ਜਦੋਂ ਆਖ਼ਰੀ ਸਾਹ ਲੈਂਦੇ ਤਾਂ ਉਸਦੇ ਅੰਗਾਂ ਵਿੱਚੋਂ ਸੱਤਿਆ ਖ਼ਾਰਜ ਹੋਣ ਲਗਦੀ। ਸਾਗਰ ਉਸਨੂੰ ਆਪਣੀ ਗੋਦੀ 'ਚੋਂ ਮਲਕੜੇ ਜਿਹੇ ਉਤਾਰਦੀ ਤੇ ਅਗਲੇ ਪਲੀਂ ਨਿੱਕੇ-ਨਿੱਕੇ ਸਾਹ, ਕਰਿੱਬ ਨੂੰ ਨੀਂਦਰ ਨਾਲ਼ ਭਰਨ ਲਗਦੇ।

ਦਿਹਾੜੀ 'ਚ ਦੋ ਕੁ ਵਾਰੀ ਬੇਬੀ ਆਇਲ ਦੀ ਬੋਤਲ ਬੇਬੇ ਜੀ ਦੀ ਤਲ਼ੀ ਉੱਪਰ ਟੇਢੀ ਹੋ ਜਾਂਦੀ ਅਤੇ ਚਿਪਚਿਪੀ ਸੁਗੰਧੀ ਸੁਖਦੀਪ ਦੀ ਚਮੜੀ 'ਚ ਰਚਣ ਲਗਦੀ।

ਸੋਮਵਾਰ ਤੋਂ ਸ਼ੁੱਕਰਵਾਰ ਤੀਕਰ, ਯੂਨੀਵਰਸਿਟੀ ਦੀਆਂ ਕਲਾਸਾਂ ਮੈਨੂੰ ਸਵਖ਼ਤੇ ਹੀ 'ਵਾਜ਼ਾਂ ਮਾਰਨ ਲਗ ਪੈਂਦੀਆਂ। ਕਲਾਸਾਂ ਮੁਕਦੀਆਂ ਤਾਂ ਮੇਰੇ ਪੈਰ ਲਾਇਬਰੇਰੀ ਵੱਲ ਨੂੰ ਵਗ ਰਹੇ ਹੁੰਦੇ। ਓਥੇ ਕਿਸੇ ਖੂੰਜੇ 'ਚ ਬੈਠ ਕੇ, ਮੈਂ ਰੀਸਰਚ ਪੇਪਰਾਂ ਨੂੰ ਸਲਾਮ ਕਰਦਾ ਤੇ, ਉਹਨਾਂ ਦੇ ਹੁਕਮ ਮੁਤਾਬਕ, ਵਰਕਿਆਂ 'ਚ ਚੁੱਭੀਆਂ ਮਾਰ-ਮਾਰ ਕੇ, ਲੋੜੀਂਦੇ ਮੋਤੀਆਂ ਨੂੰ ਆਪਣੀ ਨੋਟਬੁੱਕ ਵਿਚ ਚਿਣੀ ਜਾਂਦਾ।

ਡੇਢ-ਦੋ ਘੰਟੇ ਬਾਅਦ ਅੱਖਾਂ ਉਬਾਸੀਆਂ ਲੈਣ ਲਗਦੀਆਂ। ਪੈੱਨ ਦਾ ਪੋਪਲਾ ਨਿੱਬ ਉਦਾਲੇ ਲਿਪਟਣ ਲਈ ਕਾਹਲਾ ਪੈਣ ਲਗਦਾ ਤੇ ਕੰਧ ਨਾਲ਼ ਜੁੜੇ ਡੈਸਕ ਉੱਪਰ ਖੁਲ੍ਹੀਆਂ ਕਿਤਾਬਾਂ ਕੰਧ ਵੱਲ ਨੂੰ ਖਿਸਕ ਜਾਂਦੀਆਂ। ਚਿਹਰੇ ਨੂੰ ਤਲ਼ੀਆਂ ਨਾਲ਼ ਢਕ ਕੇ, ਤਲ਼ੀਆਂ ਨੂੰ ਮੈਂ ਡੈਸਕ ਉੱਪਰ ਸੁੱਟ ਲੈਂਦਾ। ਦੋ ਕੁ ਮਿੰਟਾਂ 'ਚ ਹੀ ਮੇਰੇ ਸਿਰ ਅੰਦਰ ਧੁੰਦ ਫੈਲਣ ਲਗਦੀ: ਸਹਿਜੇ-ਸਹਿਜੇ ਸੁਖਦੀਪ ਦੇ ਕਰਿਬ 'ਚ ਬੈਠੇ ਭਾਲੂ ਤੇ ਬੱਤਖ਼ਾਂ, ਉਹਦੇ ਛਣਕਣਿਆਂ ਨੂੰ ਛਣਕਾਉਣ ਲਗਦੇ। ਫ਼ਿਰ ਜਾਪਦਾ, ਕਰਿਬ 'ਚ ਸੁੱਤੀ ਰਬੜ ਦੀ ਬਾਰਬੀ ਜਿਵੇਂ 'ਕੁਆਂਅ-ਕੁਆਂਅ' ਕਰਨ ਲੱਗ ਪਈ ਹੋਵੇ। ਮੇਰਾ ਸਿਰ ਝਟਕਾ ਮਾਰ ਕੇ ਉਠਦਾ!

ਦਿਲ ਕਹਿੰਦਾ, ਛੱਡ ਕਿਤਾਬਾਂ, ਇਕਬਾਲ! ਧੀ ਨੂੰ ਗੋਦੀ 'ਚ ਲੈ ਕੇ ਲੋਰੀਆਂ ਵਿਚ ਗਵਾਚ ਜਾਹ!

ਪਰ ਸਾਹਮਣੇ ਲੱਗੀ ਕਿਤਾਬਾਂ ਦੀ ਢੇਰੀ ਜਿਵੇਂ ਆਪਣੇ ਸਿਰ ਨੂੰ ਸੱਜੇ-ਖੱਬੇ ਗੇੜਨ ਲੱਗ ਪੈਂਦੀ!

ਸ਼ਾਮ ਨੂੰ ਜਦੋਂ ਮੈਂ ਫ਼ਲੈਟ ਦੇ ਦਰਵਾਜ਼ਿਉਂ ਅੰਦਰ ਹੁੰਦਾ, ਤਾਂ ਸੋਫ਼ੇ ਦੇ ਮੋਢਿਆਂ ਉੱਪਰ ਅਤੇ ਡਾਈਨਿੰਗ ਟੇਬਲ ਦੀਆਂ ਕੁਰਸੀਆਂ ਉੱਤੇ ਟਿਕੀ, ਸੁਖਦੀਪ ਦੇ ਪੋਤੜਿਆਂ

ਦੀ ਸਿਲ੍ਹੀ-ਸਿੱਲ੍ਹੀ ਗੰਧ, ਕਿਚਨ 'ਚੋਂ ਹੁੰਦੀ ਹੋਈ ਸਾਰੇ ਫ਼ਲੈਟ 'ਚ ਫੈਲੀ ਹੁੰਦੀ।

ਕਰਿਬ 'ਚ, ਕਿੱਕਾਂ ਨਾਲ਼ ਤੇ ਘਸੁੰਨਾਂ ਨਾਲ਼ ਹਵਾ 'ਚ ਮੋਰੀਆਂ ਕਰ ਰਹੀ ਸੁਖਦੀਪ ਨੂੰ ਬਾਹਾਂ ਉੱਪਰ ਚੁੱਕ ਕੇ, ਮੈਂ ਆਪਣੇ ਮੋਢਿਆਂ ਨੂੰ ਤੇ ਛਾਤੀ ਨੂੰ ਖੱਬੇ-ਸੱਜੇ ਹੁਲਾਰਦਾ, ਅਤੇ ਉਸਦੀਆਂ ਨਿੱਕੀਆਂ-ਨਿੱਕੀਆਂ ਅੱਖਾਂ 'ਚ ਸੁਪਨੇ ਲੱਭਣ ਲਗਦਾ।

ਕਦੇ ਸਾਗਰ ਵੱਲ ਤੇ ਕਦੇ ਸੁਖਦੀਪ ਵੱਲ ਦੇਖਦਾ-ਦੇਖਦਾ, ਆਪਣੀਆਂ ਨਜ਼ਰਾਂ ਨੂੰ ਜਦੋਂ ਮੈਂ ਕਰਿਬਾਂ ਵੱਲੀਂ ਮੋੜਦਾ, ਤਾਂ ਇੰਝ ਜਾਪਦਾ ਜਿਵੇਂ ਮੈਂ ਕਿਰਨਪਾਲ ਦੀ ਕਰਿਬ ਦੀ ਸੱਖਣਤਾ ਵਿਚ ਡੁੱਬ ਰਿਹਾ ਹੋਵਾਂ।

ਡਾਈਨਿੰਗ ਟੇਬਲ ਤੋਂ ਪਲੇਟਾਂ ਉਠਾਉਣ ਤੋਂ ਬਾਅਦ ਸੁਖਸਾਗਰ, ਸੁਖਦੀਪ ਦੀ ਕਰਿਬ ਵੱਲ ਨੂੰ ਤੁਰ ਜਾਂਦੀ।

'ਰਾਤਾਂ ਪੈ ਗੀਆਂ, ਮੇਰੀ ਸੁਖੜੀ-ਮੁਖੜੀ ਲਈ!' ਸੁਖਦੀਪ ਉੱਪਰ ਝੁਕੀ ਹੋਈ ਸਾਗਰ ਦੀਆਂ ਲੋਰੀਆਂ ਸਾਡੇ ਬੈੱਡਰੂਮ ਵੱਲ ਵਗਣ ਲਗਦੀਆਂ। 'ਨੀਂਦਾਂ ਆਉਣਗੀਆਂ ਹੁਣ ਦੂਧੀ ਨਾਲ਼ ਰੱਜ ਕੇ!'

ਪਲਾਂ 'ਚ ਹੀ ਬੇਬੇ ਜੀ ਦੇ ਕਮਰੇ ਵਿਚ ਘੁਰਾੜੇ ਉੱਗਣ ਲਗਦੇ, ਤੇ ਮੈਂ ਆਉਣ-ਵਾਲ਼ੇ ਸ਼ੁੱਕਰਵਾਰ ਨੂੰ ਪੜ੍ਹਾਈ-ਜਾਣ ਵਾਲ਼ੀ ਕਲਾਸ ਲਈ 'ਮਕਰੇਅ ਦੀ ਬਾਈਬਲ' 'ਚੋਂ ਅਸ਼ੀਰਵਾਦ ਚੁਗਣ 'ਚ ਰੁੱਝ ਜਾਂਦਾ। ਸ਼ੁੱਕਰਵਾਰ ਨੂੰ ਮਕਰੇਅ ਵਾਲ਼ੀ ਕਲਾਸ ਮੁਕਦੀ, ਤੇ ਮੇਰੀ ਕਾਰ ਟਰਾਂਟੋ ਨੂੰ ਜਾਂਦੇ ਹਾਈਵੇਅ ਉੱਪਰ ਹਵਾ ਨੂੰ ਚੀਰਨ ਦੀ ਕਾਹਲ਼ ਕਰਨ ਲਗਦੀ।

ਬਾਅਦ-ਦੁਪਹਿਰ ਚਾਰ ਵਜੇ ਤੋਂ ਪਹਿਲਾਂ ਰਛਪਾਲ ਦੀ ਟੈਕਸੀ ਦੇ ਸਟੀਅਰਿੰਗ ਨੂੰ ਸਲਾਮ ਆਖ ਕੇ ਮੈਂ ਇੰਜਣ ਨੂੰ ਹਰਕਤ 'ਚ ਲਿਆਉਂਦਾ ਅਤੇ ਮੇਰੀ ਟੈਕਸੀ ਦੇ ਮਫ਼ਲਰ ਵਿਚੋਂ ਅਗਲੇ ਸੋਲ਼ਾਂ ਘੰਟਿਆਂ ਲਈ ਟਰਾਂਟੋ ਦੀਆਂ ਸੜਕਾਂ ਉੱਪਰ 'ਘੂੰਅ-ਘੂੰਅ' ਛਪਣ ਲਗਦੀ।

ਸ਼ਨੀਵਾਰ ਸਵੇਰੇ ਅੱਠ ਵਜੇ ਟੈਕਸੀ ਦੀਆਂ ਮੁਹਾਰਾਂ ਰਛਪਾਲ ਦੇ ਹੱਥਾਂ 'ਚ, ਅਤੇ ਉਸਦੇ ਫ਼ਲੈਟ 'ਚ ਸਵੇਰੇ ਨੌਂ ਵਜੇ ਨੀਂਦ ਵਿਚ ਉੱਤਰ ਕੇ, ਮੈਂ ਬਾਅਦ-ਦੁਪਹਿਰ ਤਿੰਨ ਵਜੇ ਵਾਸ਼ਰੂਮ ਵਿਚ ਸ਼ਾਵਰ ਦੀ ਟੂਟੀ ਨੂੰ ਮਰੋੜ ਰਿਹਾ ਹੁੰਦਾ।

ਸ਼ਨੀਵਾਰ ਸ਼ਾਮ ਲਈ ਰਛਪਾਲ ਦੀ ਪੱਕੀ ਹਦਾਇਤ ਸੀ: ਚਾਰ ਵਜੇ ਤੋਂ ਪਹਿਲਾਂ ਤੂੰ ਫ਼ਲੈਟ ਦੀ ਬਿਲਡਿੰਗ ਦੇ ਮੇਨਡੋਰ 'ਤੇ ਖੜ੍ਹਾ ਹੋਣਾ ਚਾਹੀਦੈਂ! ਸਾਰੀ ਰਾਤ ਟੈਵਰਨਾਂ 'ਚੋਂ ਅਤੇ ਰਿਹਾਇਸ਼ਾਂ ਵਿਚੋਂ ਸ਼ਰਾਬ ਅਤੇ ਸਿਗਰਟਾਂ ਦੀ ਬੋਅ ਨੂੰ ਚੁਕਦਾ-ਲਾਹੁੰਦਾ, ਮੈਂ ਰਛਪਾਲ ਦੇ ਫ਼ਲੈਟ 'ਚ ਅਗਲੀ ਸਵੇਰ ਨੌਂ ਵਜੇ ਪਰਤਦਾ। ਅੱਖਾਂ 'ਚ ਨਿੱਘੇ ਪਾਣੀ ਦੇ ਛਿੱਟੇ ਮਾਰ ਕੇ, ਮੈਂ ਦੋ ਦਿਨਾਂ ਤੋਂ ਗਰਾਜ 'ਚ ਅਰਾਮ ਕਰ ਰਹੀ ਆਪਣੀ ਕਾਰ ਨੂੰ ਜਗਾਅ ਲੈਂਦਾ।

ਮਾਰਚ ਦੇ ਪਹਿਲੇ ਹਫ਼ਤੇ ਤੀਕਰ, ਸੁਖਸਾਗਰ ਹਰ ਰੋਜ਼ ਸਵਖ਼ਤੇ ਉੱਠਦੀ ਤੇ ਫ਼ੋਨ ਦੀ ਖ਼ਾਮੋਸ਼ੀ ਵੱਲ ਤੱਕਣ ਲੱਗ ਜਾਂਦੀ। ਪਹਿਲੀ 'ਟਣਣਣ' 'ਤੇ ਹੀ ਫ਼ੋਨ ਦਾ ਰੀਸੀਵਰ ਸੁਖਸਾਗਰ ਦੇ ਕੰਨ ਉੱਤੇ ਹੁੰਦਾ: ਕਿਰਨਪਾਲ ਠੀਕ-ਠਾਕ ਹੈ! ਅਗਲੇ ਬੰਨਿਉਂ ਆਵਾਜ਼ ਆਉਂਦੀ!

-ਕਦੋਂ ਕੁ ਛੁੱਟੀ ਮਿਲੇਗੀ? ਸੁਖਸਾਗਰ ਦੀ ਆਵਾਜ਼ ਵਿਚਲੀ ਬੇਚੈਨੀ ਪੁਛਦੀ।

-ਕੁਝ ਕਹਿ ਨਹੀਂ ਸਕਦੇ!

ਸੁਖਸਾਗਰ ਫ਼ਿਰ ਕਿੰਨੂੰ ਦੇ ਕਰਿਬ ਅੰਦਰ ਟਿਕਾਏ ਭਾਲੂਆਂ ਅਤੇ ਛਣਕਣਿਆਂ

ਦੀ ਉਦਾਸੀ ਵੱਲ ਦੇਖਣ ਲੱਗ ਜਾਂਦੀ।

-ਹੋਰ ਹਫ਼ਤਾ ਲੱਗ ਜੂ, ਸੁਖਸਾਗਰ, ਮੇਰੇ ਮੂੰਹ 'ਚੋਂ ਦਿਲਾਸਾ ਕਿਰਦਾ। ਹੁਣ ਕੋਈ ਫ਼ਿਕਰ ਵਾਲ਼ੀ ਗੱਲ ਤਾਂ ਲਗਦੀ ਨੀ।

ਦੋ ਦਿਨ ਗੁਜ਼ਰੇ: ਬ੍ਰੇਕਫ਼ਾਸਟ ਲਈ ਆਂਡੇ ਫੈਂਟਣ ਤੋਂ ਬਾਅਦ, ਬੋਤਲ ਦਾ ਨਿੱਪਲ ਸੁਖਸਾਗਰ ਨੇ ਸੁਖਦੀਪ ਦੇ ਮੂੰਹ ਲਾਗੇ ਹਾਲੇ ਕਰਿਆ ਹੀ ਸੀ ਕਿ ਠਰੀ-ਹੋਈ ਕਾਲ਼ੀ ਬਿੱਲੀ ਵਾਂਗੂੰ ਗੁੱਛਾ-ਮੁੱਛਾ ਬੈਠੇ ਫ਼ੋਨ ਦੇ ਸਿਰ 'ਚ 'ਟਣਨ-ਟਣਨ' ਨਿਕਲਣ ਲੱਗੀ।

-ਐਨੇ ਸਵਖ਼ਤੇ ਕੀਹਦਾ ਆ ਗਿਆ? ਸੁਖਸਾਗਰ ਦੀਆਂ ਅੱਖਾਂ 'ਚ ਉੱਮੜ ਆਇਆ ਸ਼ੰਕਾ ਮੇਰੇ ਚਿਹਰੇ ਵੱਲ ਉੱਲਰਿਆ।

-ਹੈਲੋ! ਮੈਂ ਰੀਸੀਵਰ ਨੂੰ ਕੰਨ ਨਾਲ਼ ਲਾ ਲਿਆ।

-??? ???

-ਯੈੱਸ, ਇਟ.ਸ ਮੀ!

-??? ??? ???

ਮੇਰੇ ਭਰਵੱਟੇ ਅੰਦਰ-ਵੱਲ ਨੂੰ ਹਰਕਤ ਕਰਨ ਲੱਗੇ।

-ਬਟ... ਬਟ... ਸਮਵਨ ਕਾਲਡ ਅਸ ਦਿਸ ਮੋਰਨਿੰਗ ਐਂਡ ਟੋਲਡ ਮਾਈ ਵਾਈਫ਼ ਅਦਰਵਾਈਜ਼!

-??? ??? ???

ਫ਼ੋਨ ਦੇ ਰੀਸੀਵਰ ਸਮੇਤ ਮੇਰਾ ਹੱਥ ਮੇਰੇ ਚਿਹਰੇ ਵਾਂਗੂੰ ਲੁੜ੍ਹਕ ਗਿਆ!

ਸੁਖਸਾਗਰ ਦੇ ਚਿਹਰੇ ਉੱਪਰ 'ਕੀ ਹੋ ਗਿਆ?' ਉੱਭਰ ਆਇਆ।

ਮੇਰੇ ਫੇਫੜਿਆਂ ਨੇ ਇਕ ਭਰਵਾਂ ਸਾਹ ਆਪਣੇ ਵੱਲ ਨੂੰ ਖਿੱਚ ਕੇ ਮੇਰੀਆਂ ਅੱਖਾਂ ਨੂੰ ਮੁੰਦ ਦਿੱਤਾ।

-ਆਹ ਸਿਰ ਕਿਉਂ ਹਿਲਾਈ ਜਾਂਨੇਂ ਓਂ ਸੱਜੇ-ਖੱਬੇ; ਕੁਝ ਦੱਸੋ ਵੀ ਬਈ ਕੀ ਹੋ ਗਿਆ?

ਮੇਰੇ ਬੁੱਲ੍ਹ ਕੰਬਣ ਲੱਗੇ।

-ਕੋਈ ਭਾਣਾ ਤਾਂ ਨੀ ਵਰਤ ਗਿਆ?

-ਡਾਕਟਰ ਕਹਿੰਦਾ...

ਸੁਖਸਾਗਰ ਦੇ ਹੱਥੋਂ ਦੁੱਧ ਵਾਲ਼ੀ ਸ਼ੀਸ਼ੀ ਖਿਸਕ ਗਈ।

-ਕੀ ਕਹਿੰਦੈ ਡਾਕਟਰ?

ਅਗਲੇ ਪਲੀਂ ਸਾਡੇ ਬੈੱਡ 'ਤੇ ਲੱਗ ਰਿਹਾ, ਮੇਰੀਆਂ ਅਤੇ ਸੁਖਸਾਗਰ ਦੀਆਂ ਸਿਸਕੀਆਂ ਦਾ ਢੇਰ, ਬੇਬੇ ਜੀ ਦੇ ਕਮਰੇ ਵੱਲ ਨੂੰ ਵਗਣ ਲੱਗਾ।

-ਹਾਏ, ਹਾਏ! ਬੇਬੇ ਜੀ ਦਾ ਮੱਥਾ ਉਹਨਾਂ ਦੇ ਹੱਥਾਂ ਵਿਚ ਹੋ ਗਿਆ। ਆਹ ਕੀ ਭਾਣਾ ਵਰਤ ਗਿਆ ਇਕ ਦਿਨ 'ਚ ਈ?

ਨੀਂਦ ਵਿਚ ਬੇਖ਼ਬਰ ਡੁੱਬੀ ਸੁਖਦੀਪ ਨੂੰ ਬੇਬੇ ਜੀ ਕੋਲ ਛੱਡ ਕੇ, ਘੁੱਟੇ-ਹੋਏ ਗਲ਼ੇ

'ਚੋਂ ਉਫ਼-ਉਫ਼-ਉਫ਼-ਉਫ਼. ਕਰਦੀ ਹੋਈ ਸੁਖਸਾਗਰ, ਲਿਵਿੰਗਰੂਮ ਵੱਲ ਨੂੰ ਚਲੀ ਗਈ। ਉਸ ਨੂੰ ਦਿਲਾਸਾ ਦੇਣ ਲਈ ਮੈਂ ਵੀ ਉਸਦੇ ਪਿੱਛੇ-ਪਿੱਛੇ ਹੋ ਲਿਆ। ਉਸਨੇ ਆਪਣਾ ਚਿਹਰਾ ਕਿਰਨਪਾਲ ਵਾਲ਼ੀ ਕਰਿਬ ਦੀ ਸੱਖਣਤਾ ਵਿਚ ਢੇਰੀ ਕਰ ਦਿੱਤਾ: ਹੁਣ ਉਹ ਵਾਰੀ-ਵਾਰੀ ਭਾਲੂਆਂ, ਬੱਤਖਾਂ ਤੇ ਛਣਕਣਿਆਂ ਨੂੰ ਚੁੱਕਣ ਲੱਗੀ, ਤੇ ਅੱਖਾਂ 'ਚੋਂ ਨੱਕ ਵੱਲ ਨੂੰ ਢਲ਼-ਰਹੀ ਨਮੀ ਨਾਲ ਗਿੱਲੇ ਹੋ ਰਹੇ ਆਪਣੇ ਬੁੱਲ੍ਹਾਂ ਕੋਲ਼ ਲੈ ਜਾਣ ਲੱਗੀ। ਕਈ ਹਫ਼ਤੇ ਪਹਿਲਾਂ ਕਰਿਬ ਦੀਆਂ ਬਾਹੀਆਂ ਨਾਲ਼ ਟੁੰਗੇ ਰੰਗ-ਬਰੰਗੇ ਭੁਕਾਨੇ ਪਿਚਕ ਚੁੱਕੇ ਸਨ: ਉਹਨਾਂ ਉੱਪਰ ਉਂਗਲ਼ਾਂ ਫੇਰਦੀ ਹੋਈ ਉਹ 'ਉਫ਼-ਉਫ਼' ਵਿਚ ਖਿੰਡਣ ਲੱਗੀ।

ਸੁਖਦੀਪ ਹੁਣ ਬੇਬੇ ਜੀ ਦੀਆਂ ਬਾਹਾਂ 'ਚ ਸੀ, ਅਤੇ ਮੈਂ ਤੇ ਸੁਖਸਾਗਰ ਵਿੰਟਰ-ਜੈਕਟਾਂ ਪਹਿਨ ਕੇ ਕਾਰ-ਪਾਰਕਿੰਗ ਵੱਲ ਨੂੰ ਉੱਤਰ ਗਏ।

ਹਾਈਵੇਅ ਦੇ ਦੋਹੀਂ ਪਾਸੀਂ ਕੰਧ-ਬਣੀ ਬਰਫ਼ ਦੀ ਠਾਰੀ ਸੁਖਸਾਗਰ ਦੇ ਚਿਹਰੇ ਉੱਪਰ ਵੀ ਪੈੜਾਂ ਕਰ ਰਹੀ ਸੀ। ਅਸਮਾਨ 'ਚੋਂ ਸੜਕ ਉੱਪਰ ਉੱਤਰ ਰਹੇ ਬਰਫ਼ ਦੇ ਫੰਬੇ ਸਾਡੇ ਸਿਰਾਂ ਵਿਚ ਵੀ ਡਿੱਗ ਰਹੇ ਸਨ। ਸਵੇਰੇ ਫ਼ੋਨ ਉੱਤੇ ਸੁਣੇ ਡਾਕਟਰ ਦੇ ਬੋਲ ਮੇਰੇ ਮੱਥੇ ਅੰਦਰ ਖੜਕਣ ਲੱਗੇ: ਹਰ ਕੰਡੀਸ਼ਨ ਹੈਸ ਸਡਨਲੀ...

ਕਾਰ ਜਿਉਂ-ਜਿਉਂ ਟਰਾਂਟੋ ਦੇ ਨੇੜ ਵੱਲ ਨੂੰ ਵਧ ਰਹੀ ਸੀ, ਮੈਨੂੰ ਕਿਰਨਪਾਲ ਦਾ ਸਾਰਾ ਜਿਸਮ ਚਿੱਟੀ ਚਾਦਰ 'ਚ ਲਿਪਟਿਆ-ਹੋਇਆ ਦਿਸਣ ਲੱਗਾ।

ਮੇਰੇ ਦਿਲ 'ਚ ਵਾਰ-ਵਾਰ ਉਬਾਲ਼ ਉੱਠਦਾ ਕਿ ਡਾਕਟਰ ਵੱਲੋਂ ਸੁਬਹ ਫ਼ੋਨ ਉੱਪਰ ਕਿਰਨਪਾਲ ਬਾਰੇ ਹੋਈ ਗੱਲਬਾਤ ਸਾਗਰ ਨਾਲ਼ ਇਨ-ਬਿਨ ਸਾਂਝੀ ਕਰ ਲਵਾਂ, ਪਰ ਅੰਦਰੋਂ ਆਵਾਜ਼ ਉੱਠੀ: ਕਾਹਨੂੰ ਹੁਣੇ ਈ ਰੋਣ-ਸਿਸਕਣ 'ਚ ਧੱਕਣੈ ਵਿਚਾਰੀ ਨੂੰ!

ਹਸਪਤਾਲ ਦੀ ਪਾਰਕਿੰਗ 'ਚ ਗੱਡੀ ਖਲਿਆਰ ਕੇ ਮੇਰਾ ਅਤੇ ਸੁਖਸਾਗਰ ਦਾ ਸੰਸਾ ਮੁੱਖ-ਦੁਆਰ ਵੱਲ ਨੂੰ ਵਗਣ ਲੱਗਾ: ਮੁੱਖ-ਦਰਵਾਜ਼ਿਉਂ ਅੰਦਰ ਹੋਏ ਤਾਂ ਮੇਰੇ ਬੁੱਲ੍ਹਾਂ ਉੱਪਰ ਖੁਸ਼ਕੀ ਫੈਲਣ ਲੱਗੀ। ਸੁਖਸਾਗਰ ਨੈਪਕਿਨਾਂ ਦੀ ਥਹੀ ਨੂੰ ਬਾਹਰ ਕੱਢਣ ਲਈ ਪਰਸ 'ਚ ਫਰੋਲ਼ਾ-ਫਰੋਲ਼ੀ ਕਰਨ ਲੱਗੀ।

ਐਲੀਵੇਟਰ ਹੁਣ ਉੱਪਰ ਨੂੰ ਚੜ੍ਹ ਰਿਹਾ ਸੀ ਤੇ ਮੇਰਾ ਸਰੀਰ ਡਿਗੂੰ-ਡਿਗੂੰ ਕਰਨ ਲੱਗ ਪਿਆ ਸੀ।

ਚੇਜਿੰਗਰੂਮ 'ਚ ਗਾਊਨਾਂ ਦੀਆਂ ਤਹਿਆਂ ਖੁਲ੍ਹੀਆਂ; ਫਿਰ ਮਾਸਕਾਂ ਨੂੰ ਨੱਕ-ਮੂੰਹ ਉੱਤੇ ਚਾੜ੍ਹ ਕੇ ਅਸੀਂ ਕਿਰਨਪਾਲ ਵਾਲ਼ੇ ਕਮਰੇ ਵੱਲ ਨੂੰ ਹੋ ਤੁਰੇ।

ਸਾਡੀਆਂ ਨਜ਼ਰਾਂ ਵਿਚਲਾ ਡਰ ਖੱਬੇ-ਸੱਜੇ ਝਾਕਦਾ ਹੋਇਆ ਕਿਰਨਪਾਲ ਵਾਲ਼ੇ ਕਮਰੇ ਦੇ ਦਰਵਾਜ਼ਿਉਂ ਅੰਦਰ ਹੋਇਆ। ਮੇਰੇ ਦਿਮਾਗ਼ 'ਚ ਸਵੇਰ ਵੇਲ਼ੇ ਆਈ ਫੋਨ ਕਾਲ ਵੱਜ ਰਹੀ ਸੀ: ਸੁਬਹ ਹਸਪਤਾਲ ਤੋਂ ਗਈ ਵਾਲ਼ੀ ਕਾਲ! ਡਾਕਟਰ ਦੇ ਉਦਾਸ ਬੋਲ: ਪੀਲੀਆ...

ਇਕ, ਦੋ, ਤਿੰਨ... ਕਈ ਡਾਕਟਰ ਤੇ ਕਈ ਨਰਸਾਂ ਟੀਮ ਦੇ ਮੁੱਖੀ ਉਦਾਲ਼ੇ ਖਲੋਤੇ ਸਨ! ਡਾਕਟਰ ਦੇ ਹੱਥ 'ਚ ਚੀਨੀ ਦੀ ਪਲੇਟ ਤੇ ਉਸ ਵਿਚ ਕੋਈ ਸ਼ੈਅ ਸੀ, ਜਿਸ ਨੂੰ ਕਈ ਵਾਰੀ ਸੁੰਘਣ ਤੋਂ ਬਾਅਦ ਡਾਕਟਰ ਨੇ ਉਸਨੂੰ ਬਾਕੀ ਡਾਕਟਰਾਂ ਵੱਲ ਵਧਾਅ ਦਿੱਤਾ।

ਸਾਡੀ ਪੈੜਚਾਲ ਸੁਣਦਿਆਂ ਸਾਰਿਆਂ ਦੀਆਂ ਨਜ਼ਰਾਂ ਸਾਡੇ ਵੱਲ ਗਿੜੀਆਂ।

-ਇਜ਼ ਇਟ... ਗਿਲਜ਼? ਮੁਖੀ-ਡਾਕਟਰ ਦੀਆਂ ਅੱਖਾਂ, ਉਸਦੀਆਂ ਐਨਕਾਂ ਦੇ ਫਰੇਮ ਉਪਰੋਂਸਾਡੇ ਵੱਲ ਸੇਧਤ ਹੋਈਆਂ।

ਮੇਰੀ ਛਾਤੀ 'ਚੋਂ ਉੱਠਿਆ "ਯੈੱਸ" ਮੇਰੇ ਸੰਘ ਵਿਚ ਹੀ ਫਸ ਗਿਆ। ਮੈਂ ਆਪਣੀਆਂ ਅੱਖਾਂ ਅਤੇ ਬੁਲ੍ਹਾਂ ਦਾ ਕਸੇਵਾਂ, ਉੱਪਰੋਂ ਹੇਠਾਂ ਵੱਲ ਨੂੰ ਹਿਲਾਇਆ।

ਸੁਖਸਾਗਰ ਦੀਆਂ ਉਂਗਲ਼ਾਂ 'ਚ ਫੜਿਆ ਨੈਪਕਿਨ ਉਸਦੀਆਂ ਝਿੰਮਣੀਆਂ ਉੱਪਰ ਫਿਰਨ ਲੱਗਾ।

ਡਾਕਟਰਾਂ ਅਤੇ ਨਰਸਾਂ ਦੀਆਂ ਨਜ਼ਰਾਂ ਇਕ-ਦੂਜੇ ਦੀਆਂ ਨਜ਼ਰਾਂ ਨਾਲ਼ ਟਕਰਾਉਣ ਲੱਗੀਆਂ।

-ਆ.ਅਮ ਕਿਰਨਪਾਲਜ਼ ਲਿਵਰ ਸਪੈਸ਼ਲਿਸਟ; ਡਾਕਟਰ ਨੇ ਆਪਣਾ ਹੱਥ ਪਹਿਲਾਂ ਮੇਰੇ ਵੱਲੀਂ ਤੇ ਫ਼ਿਰ ਸਾਗਰ ਵੱਲ ਵਧਾਇਆ। - ਜਦੋਂ ਅੱਜ ਸਵੇਰੇ ਤੁਹਾਨੂੰ ਫ਼ੋਨ ਕੀਤਾ ਸੀ, ਅਸੀਂ ਕਿਰਨਪਾਲ ਦੇ ਜਾਂਡਿਸ (ਪੀਲੀਆ) ਤੋਂ ਘਬਰਾਏ ਹੋਏ ਸੀ!

ਇਹ ਕਹਿ ਕੇ, ਮੁੱਖੀ-ਡਾਕਟਰ ਕਦੇ ਮੇਰੇ ਵੱਲ ਤੇ ਕਦੇ ਸਾਗਰ ਵੱਲ ਝਾਕਣ ਲੱਗਾ।

ਬੱਚੇ ਦੇ ਸਟੂਲ ਵਿਚ ਇਕ ਖ਼ਾਸ ਕਿਸਮ ਦੀ ਬੋਅ ਹੁੰਦੀ ਹੈ ਜਿਹੜੀ ਲਿਵਰ ਦੇ ਸਿਹਤਮੰਦ ਹੋਣ ਦੀ ਨਿਸ਼ਾਨੀ ਹੁੰਦੀ ਹੈ... ਕਿਰਨਪਾਲ ਦੇ ਸਟੂਲ ਦਾ ਜਿਹੜਾ ਸੈਂਪਲ ਅੱਧੀ ਰਾਤ ਤੋਂ ਬਾਅਦ ਲਿਆ ਸੀ, ਉਸ ਵਿੱਚੋਂ ਉਹ ਵਿਲੱਖਣ ਕਿਸਮ ਦੀ ਬੋਅ ਗ਼ਾਇਬ ਸੀ; ਇਸੇ ਲਈ ਅਸੀਂ ਅੱਜ ਸਵੇਰੇ ਤੁਹਾਨੂੰ ਸੂਚਤ ਕਰ ਦਿੱਤਾ ਸੀ ਕਿ ਕਿਰਨਪਾਲ ਦੀ ਹਾਲਤ...

ਮੇਰੀਆਂ ਅੱਖਾਂ ਵਿਚਲੀ ਨਮੀ ਇਨਕਿਊਬੇਟਰ ਵੱਲ ਗਿੜੀ: ਇਨਕਿਊਬੇਟਰ ਬਿਲਕੁਲ ਖ਼ਾਲੀ ਵੀ ਜਾਪਿਆ ਤੇ ਉਸ ਵਿਚ ਨਿੱਕੇ-ਨਿੱਕੇ ਸਾਹ ਰੀਂਗਦੇ ਵੀ ਦਿਸੇ।

ਫ਼ਿਰ ਮੇਰਾ ਅੰਦਰ ਤ੍ਰਭਕਿਆ, ਤੇ ਮੈਨੂੰ ਡਾਕਟਰ ਦੇ ਉਹਨਾਂ ਸ਼ਬਦਾਂ ਤੋਂ ਖ਼ੌਫ਼ ਆਉਣ ਲੱਗਾ ਜਿਹੜੇ ਉਸਨੇ ਹਾਲੇ ਬੋਲਣੇ ਸਨ। ਦਿਲ ਕਰੇ ਡਾਕਟਰ ਨੂੰ ਕਹਿ ਦਿਆਂ ਕਿ ਉਹ ਕਿਰਨਪਾਲ ਬਾਰੇ ਹੋਰ ਕੁਝ ਵੀ ਨਾ ਬੋਲੇ।

ਡਾਕਟਰ ਨੇ ਆਪਣੀਆਂ ਨਜ਼ਰਾਂ ਆਪਣੇ ਹੱਥ ਵਿਚ ਫੜੀ ਪਲੇਟ ਵੱਲ ਘੁੰਮਾਈਆਂ। ਆਹ ਸੈਂਪਲ, ਇਹ ਵੀਹ ਮਿੰਟ ਪਹਿਲਾਂ ਦਾ ਹੈ।

ਮੁੱਖੀ ਡਾਕਟਰ ਨੇ ਛਿਣ-ਭੰਗਰਾ ਲਿਸ਼ਕਾਰਾ ਉਸਦੇ ਉਦਾਲ਼ੇ ਖਲੋਤੇ ਡਾਕਟਰਾਂ ਵੱਲ ਮਾਰਿਆ। ਡਾਕਟਰਾਂ ਦੇ ਚਿਹਰੇ 'ਹਾਂ-ਹਾਂ' ਦੀ ਮੁਦਰਾ 'ਚ ਹਿੱਲੇ।

-ਐਸ ਸੈਂਪਲ ਦੀ ਬੋਅ ਕਾਫ਼ੀ...ਆਈ ਮਿਨ...

ਡਾਕਟਰ ਦੇ ਬੁੱਲ੍ਹਾਂ ਉੱਤੇ ਦਿਲਾਸਾ ਹਰਕਤ ਕਰਨ ਲੱਗਾ।

-ਇਹ ਬੋਅ ਪਹਿਲਾਂ ਵਾਲ਼ੇ ਸੈਂਪਲ ਤੋਂ ਵੱਖਰੀ ਹੈ!

ਮੈਨੂੰ ਜਾਪਿਆ ਡਾਕਟਰ ਕੁਝ ਅਣਸੁਖਾਵਾਂ ਕਹਿਣ ਲਈ ਭੂਮਿਕਾ ਬੰਨ੍ਹ ਰਿਹਾ ਸੀ।

-ਸਾਨੂੰ ਤਾਂ ਬੱਸ ਇਹ ਦੱਸੋ ਕਿ ਖ਼ਤਰੇ ਤੋਂ ਬਾਹਰ ਐ ਕਿ... ਘੁੱਟੇ-ਹੋਏ ਸੰਘ ਵਿਚੋਂ ਮੇਰਾ ਡਰ ਰੀਂਗਿਆ।

-ਲਿਵਰ ਕਮਾਲ ਦਾ ਪੁਰਜ਼ਾ ਹੈ, ਮਿਸਟਰ ਗਿੱਲ! ਇਹਦੇ ਵਿਚ ਆਪਣੀ ਮੁਰੰਮਤ ਆਪ ਹੀ ਕਰਨ ਦੀ ਤਾਕਤ ਹੁੰਦੀ ਐ!

-ਬੱਸ... ਮੇਰੀ ਧੀ ਨੂੰ ਬਚਾਅ ਲਵੋ ਡਾਕਟਰ! ਸੁਖਸਾਗਰ ਦੇ ਗਲ਼ੇ ਅਤੇ ਨੱਕ 'ਚੋਂ ਹਟਕੋਰੇ ਡੁੱਲ੍ਹਣ ਲੱਗੇ!

ਮੈਨੂੰ ਜਾਪਿਆ ਜਿਵੇਂ ਅਧਮੋਈ ਮੱਛੀ ਨਿਆਗਰਾ ਦੀਆਂ ਧਾਰਾਂ ਰਾਹੀਂ ਉੱਪਰ ਵੱਲ ਨੂੰ ਚੜ੍ਹਨ ਲੱਗ ਪਈ ਹੋਵੇ! ◻◻

(Ramoowalia@gmail.com)

ਪ੍ਰੋਫੈਸਰ ਐਨ ਮਰਫ਼ੀ ਨਾਲ ਇਕ ਮੁਲਾਕਾਤ

ਅਵਤਾਰ ਸਿੰਘ ਬਿਲਿੰਗ

ਬਦੇਸ ਵਿਚ ਪੰਜਾਬੀ ਭਾਸ਼ਾ ਤੇ ਸਾਹਿਤ ਵੱਲ ਵਿਸ਼ੇਸ਼ ਝੁਕਾਅ ਰੱਖਣ ਵਾਲੀ ਡਾ. ਐਨ ਮਰਫ਼ੀ ਦੀ ਮਹਿਮਾ ਮੈਂ ਪਿਛਲੇ ਚਾਰ ਪੰਜ ਸਾਲਾਂ ਤੋਂ ਹਰ ਤਰਫ਼ ਤੋਂ ਸੁਣਦਾ ਆਇਆ ਸਾਂ, ਪਰ ਅੰਤਰਰਾਸ਼ਟਰੀ ਪੱਧਰ ਦੀ ਏਸ ਇਤਿਹਾਸ ਖੋਜੀ ਤੇ ਵਿਦਵਾਨ ਹਸਤੀ ਨੂੰ ਵੈਨਕੂਵਰ-ਕੈਨੇਡਾ ਵਿਖੇ ਨੇੜਿਉਂ ਤੱਕਣ ਅਤੇ ਮਿਲਣ ਦਾ ਸਬੱਬ ਪਿਛਲੇ ਸਾਲ ਅਕਤੂਬਰ ਵਿਚ ਹੋਏ ਪਹਿਲੇ ਢਾਹਾਂ ਸਾਹਿਤ ਇਨਾਮ ਸਮਾਗਮਾਂ ਦੌਰਾਨ ਹੀ ਜੁੜਿਆ। ਪੰਜਾਬੀ ਨਾਵਲ ਤੇ ਕਹਾਣੀ ਲਈ ਅੰਤਰਰਾਸ਼ਟਰੀ ਪੱਧਰ ਦੇ ਇਸ ਐਵਾਰਡ ਦੀ ਸਥਾਪਤੀ ਵਿਚ ਉਸਦੀ ਦੇਣ ਬੜੀ ਗੌਲਣਯੋਗ ਹੈ ਅਤੇ ਉਦਘਾਟਨੀ ਇਨਾਮਾਂ ਦੀ ਉਹ ਚੇਅਰ-ਪਰਸਨ ਵੀ ਰਹੀ ਹੈ। ਹਫ਼ਤਾ ਭਰ ਦੇ ਇਹਨਾਂ ਪ੍ਰੋਗਰਾਮਾਂ ਦੌਰਾਨ ਮੈਨੂੰ ਅਤੇ ਲਹਿੰਦੇ ਪੰਜਾਬ ਦੇ ਇਨਾਮੀ ਕਹਾਣੀਕਾਰ ਜਨਾਬ ਜ਼ੁਬੈਰ ਅਹਿਮਦ ਨੂੰ ਗਰੇਟਰ ਵੈਨਕੂਵਰ ਦੀਆਂ ਕੁਝ ਹੋਰ ਸਾਹਿਤਕ ਸ਼ਖ਼ਸੀਅਤਾਂ ਨਾਲ ਪ੍ਰੋ. ਮਰਫ਼ੀ ਦੇ ਘਰ ਇਕ ਸ਼ਾਮ ਦੀ ਰੋਟੀ ਉੱਤੇ ਸੱਦਿਆ ਗਿਆ ਤਾਂ ਵੈਨਕੂਵਰ ਦੇ ਦਿਲ ਵਿਚ ਵੱਸਦੀ, ਸਾਦਗੀ ਦੀ ਮਿਸਾਲ ਪ੍ਰੋ. ਮਰਫ਼ੀ ਦੀ ਘਰ-ਗ੍ਰਹਿਸਤੀ ਵਿਚੋਂ ਜਿਹੜਾ ਨਿੱਘ ਤੇ ਆਦਰ-ਭਾਵ ਸਾਡੇ ਹਿੱਸੇ ਆਇਆ, ਉਹ ਕੈਨੇਡਾ-ਅਮਰੀਕਾ ਦੇ ਬਹੁਤੇ ਪਰਿਵਾਰਾਂ ਵਿਚੋਂ ਗਾਇਬ ਹੁੰਦਾ ਜਾ ਰਿਹਾ ਹੈ, ਜਿਹੜੇ ਅੱਜ ਕੱਲ ਘਰ ਤੋਂ ਬਾਹਰ ਹੋਟਲਾਂ-ਢਾਬਿਆਂ ਵਿਚ ਖਾਣਾ ਖਾਣ-ਖਵਾਉਣ ਨੂੰ ਸਟੇਟਸ-ਸਿੰਬਲ ਸਮਝੀਂ ਬੈਠੇ ਹਨ। ਪ੍ਰੋਫੈਸਰ ਐਨ, ਉਸਦੇ ਜੀਵਨ ਸਾਥੀ ਰਘੂਵੇਂਦਰ ਤੇ ਦੋ ਵਿਦਿਆਰਥਣਾਂ ਵੱਲੋਂ ਆਪਣੀ ਰਸੋਈ ਵਿਚ ਹੱਥੀਂ ਤਿਆਰ ਕੀਤੇ ਭੋਜਨ ਨੇ ਸਾਡੇ ਕਿਰਸਾਣੀ ਆਧਾਰਤ ਪਰਿਵਾਰਾਂ ਦੀ ਪ੍ਰਾਹੁਣਚਾਰੀ ਦੀ ਯਾਦ ਤਾਜ਼ਾ ਕਰਵਾ ਦਿੱਤੀ। ਬਾਅਦ ਵਿਚ ਇਕ ਦਿਨ ਯੂਨੀਵਰਸਿਟੀ ਔਵ ਬ੍ਰਿਟਿਸ਼ ਕੋਲੰਬੀਆ ਦੇ ਏਸ਼ੀਅਨ ਵਿਭਾਗ ਦੇ ਪੰਜਾਬੀ ਪੜ੍ਹਦੇ ਵਿਦਿਆਰਥੀਆਂ ਨਾਲ ਆਪਣੇ ਰੂ-ਬ-ਰੂ ਮੌਕੇ ਜਿਹੜੀ ਅਧਿਆਪਕ-ਵਿਦਿਆਰਥੀ ਨੇੜਤਾ ਅਤੇ ਸੁਖਾਵਾਂ ਵਿੱਦਿਅਕ ਮਾਹੌਲ ਮੈਂ ਪ੍ਰੋਫੈਸਰ ਐਨ ਮਰਫ਼ੀ ਤੇ ਉਸਦੇ ਕੋਲੀਗ ਸੁਖਵੰਤ ਹੁੰਦਲ ਵੱਲੋਂ ਬਣਾਇਆ ਦੇਖਿਆ, ਉਹ ਵੀ ਸਾਡੇ ਲਈ ਇਕ ਮਿਸਾਲ ਸੀ।

ਡਾਕਟਰ ਮਰਫ਼ੀ 'ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ' ਵੈਨਕੂਵਰ, ਕੈਨੇਡਾ ਦੇ 'ਏਸ਼ੀਅਨ ਸਟੱਡੀਜ਼ ਵਿਭਾਗ' ਵਿਚ ਐਸੋਸੀਏਟ ਪ੍ਰੋਫੈਸਰ ਹੈ। ਐਨ ਮਰਫ਼ੀ ਦਾ ਪਰਿਵਾਰਕ ਪਿਛੋਕੜ ਇੰਗਲੈਂਡ ਦੇ ਗੁਆਂਢੀ ਦੇਸ ਆਇਰਲੈਂਡ ਦਾ ਹੈ, ਜਿਹੜਾ ਭਾਰਤ ਵਾਂਗ ਹੀ ਬਰਤਾਨਵੀ ਬਸਤੀਵਾਦ ਤੋਂ ਨਿਜਾਤ ਪਾਉਣ ਲਈ ਤੇ ਆਪਣੀ ਵੱਖਰੀ ਪਛਾਣ ਬਣਾਉਣ ਵਾਸਤੇ ਲੰਬਾ ਅਰਸਾ ਇੰਗਲੈਂਡ ਵਿਰੁੱਧ ਸੰਘਰਸ਼ ਕਰਦਾ ਰਿਹਾ ਹੈ। ਇੰਟਰਨੈਸ਼ਨਲ ਪੱਧਰ ਉੱਤੇ ਏਸ਼ੀਅਨ ਇਤਿਹਾਸ, ਸਭਿਆਚਾਰ ਅਤੇ ਸਾਹਿਤ, ਖ਼ਾਸ ਤੌਰ 'ਤੇ ਪੰਜਾਬੀ ਬੋਲੀ ਨੂੰ ਕੈਨੇਡਾ ਵਿਚ ਸਥਾਨਕ ਪੱਧਰ ਉੱਪਰ ਅਤੇ ਯੂ.ਬੀ.ਸੀ. ਵਿਚ ਅਕਾਦਮਿਕ ਲੈਵਲ ਉੱਤੇ ਵਧਦੀ-ਵਿਗਸਦੀ ਦੇਖਣ ਲਈ ਉਹ ਬੇਹੱਦ ਸਰਗਰਮ ਅਤੇ ਤਨੋਂ ਮਨੋਂ ਸਮਰਪਤ ਹਸਤੀ ਹੈ। ਕੁਝ ਸਮਾਂ ਪਹਿਲਾਂ ਉਸਦੀ ਇਤਿਹਾਸ ਦੇ ਸੋਮਿਆਂ ਬਾਰੇ ਅੰਗਰੇਜ਼ੀ ਵਿਚ ਪ੍ਰਕਾਸ਼ਤ ਪੁਸਤਕ 'ਮੈਟੀਰੀਅਲਇਟੀ ਔਵ ਦਾ ਪਾਸਟ'(ਗੁਜ਼ਰੇ ਸਮਿਆਂ ਦੀ ਸਾਕਾਰਤਾ) ਬੜੀ ਚਰਚਤ ਰਹੀ ਹੈ, ਜਿਸ ਵਿਚ ਉਸਨੇ ਦਸ ਗੁਰੂ ਸਾਹਿਬਾਨ ਨਾਲ ਸੰਬੰਧਤ ਪਵਿੱਤਰ ਵਸਤਾਂ, ਯਾਦਗਾਰਾਂ, ਹੁਕਮਨਾਮਿਆਂ ਤੇ ਦੇਸੀ ਬਦੇਸੀ ਲਿਖਤੀ ਸੋਮਿਆਂ ਨੂੰ ਇਕ ਇਤਿਹਾਸਕਾਰ ਦੀ ਦ੍ਰਿਸ਼ਟੀ ਤੋਂ ਬੜੀ ਨਿਰਪੱਖਤਾ ਨਾਲ ਨਿਰਖਦੇ-ਪਰਖਦੇ ਹੋਏ ਜਿੱਥੇ ਬੀਤੇ ਸਮੇਂ ਨੂੰ ਸਾਕਾਰ ਕਰਨ ਦਾ ਸਫਲ ਯਤਨ ਕੀਤਾ ਹੈ, ਉੱਥੇ ਅਜਿਹਾ ਕਰਦਿਆਂ ਉਹੀ ਸ਼ਰਧਾ ਭਾਵਨਾ ਬਰਕਰਾਰ ਰੱਖੀ ਹੈ ਜੋ ਸਿੱਖ ਭਾਈਚਾਰਾ ਇਹਨਾਂ ਪਾਵਨ ਵਸਤਾਂ ਯਾਦਗਾਰਾਂ ਵਾਸਤੇ ਹਮੇਸ਼ਾ ਦਿਖਾਉਂਦਾ ਆਇਆ ਹੈ। ਪੇਸ਼ ਹੈ ਇਸ ਅਸਾਧਾਰਨ ਸ਼ਖ਼ਸੀਅਤ ਨਾਲ ਕੀਤੀ ਇਕ ਖ਼ਾਸ ਮੁਲਾਕਾਤ। --ਅਵਤਾਰ ਸਿੰਘ ਬਿਲਿੰਗ

--ਪ੍ਰੋਫੈਸਰ ਮਰਫ਼ੀ, ਤੁਹਾਨੂੰ ਭਲੀ ਭਾਂਤ ਪਤਾ ਹੈ ਕਿ ਅਸੀਂ ਭਾਰਤੀ ਲੋਕ ਕਿਸੇ ਨੂੰ ਵੀ ਮਿਲਦੇ ਵਕਤ ਉਸਦੇ ਪਰਿਵਾਰਕ ਪਿਛੋਕੜ ਬਾਰੇ ਜ਼ਰੂਰ ਜਾਨਣਾ ਚਾਹੁੰਦੇ ਹਾਂ। ਸੋ ਤੁਹਾਨੂੰ ਆਪਣੇ ਮਾਤਾ ਪਿਤਾ, ਜਨਮ ਭੂਮੀ ਬਾਰੇ ਦੱਸਣ ਵਿਚ ਕੋਈ ਇਤਰਾਜ਼ ਤਾਂ ਨਹੀਂ?

ਬਿਲਿੰਗ ਜੀ, ਮੈਨੂੰ ਸਗੋਂ ਆਪਣੀਆਂ ਜੜ੍ਹਾਂ ਬਾਰੇ ਦੱਸ ਕੇ ਖੁਸ਼ੀ ਮਹਿਸੂਸ ਹੋ ਰਹੀ ਹੈ। ਮੈਂ ਅਮਰੀਕਾ ਦੇ ਨਿਊਯਾਰਕ ਸ਼ਹਿਰ ਤੋਂ ਹਾਂ। ਉੱਥੇ ਬਰੁੱਕਲੀਅਨ ਵਿਖੇ ਜਨਮੀ, ਬੇਸ਼ੱਕ ਪਰਿਵਾਰਕ ਪਿਛੋਕੜ ਪੱਖੋਂ ਆਇਰਲੈਂਡ ਨਾਲ ਸੰਬੰਧ ਰੱਖਦੀ ਹਾਂ। ਮੇਰੀ ਮਾਤਾ ਐਨਾ ਮਰਫ਼ੀ, ਆਇਰਲੈਂਡ ਦੇ ਲਿਮਰਿਕ ਵਿਚ ਵੱਡੀ ਹੋਈ ਜਦੋਂ ਕਿ ਮੇਰੇ ਪਿਤਾ ਡੇਵਿਡ ਮਰਫ਼ੀ, ਕਿਊਨਜ਼ ਨਿਊਯਾਰਕ ਵਿਚ ਵੱਸਦੇ ਆਇਰਸ਼-ਅਮਰੀਕਨ ਸਨ। ਅਸਲ ਵਿਚ ਮੇਰੀ ਮਾਂ ਦੀ ਪੈਦਾਇਸ਼ ਹੋਈ ਤਾਂ ਨਿਊਯਾਰਕ ਸਿਟੀ ਵਿਚ ਹੀ ਸੀ, ਪਰ ਜਦੋਂ ਅਜੇ ਉਹ ਬਾਲੜੀ ਸੀ, ਉਸ ਨੂੰ 1930 ਦੇ ਮੁੱਢਲੇ ਸਾਲਾਂ ਦੇ ਘਾਤਕ ਮੰਦਵਾੜੇ ਕਾਰਨ ਆਪਣੇ ਪਰਿਵਾਰ ਨਾਲ ਵਾਪਸ ਆਇਰਲੈਂਡ ਜਾਣਾ ਪਿਆ। ਸਤਾਰਾਂ ਸਾਲਾਂ ਦੀ ਹੋਈ ਤਾਂ ਉਹ ਰੋਮਨ ਕੈਥੋਲਿਕ ਈਸਾਈ ਸੰਤਣੀ ਬਣ ਕੇ ਮੁੜ ਅਮਰੀਕਾ ਪਰਤੀ। ਪਰ ਪੰਜ ਸਾਲਾਂ ਮਗਰੋਂ ਉਸ ਦੇ ਮਨ ਨੇ ਸਕੂਲ ਅਧਿਆਪਕਾ ਬਣਨ ਲਈ ਅਜਿਹੀ ਕਰਵਟ ਲਈ ਕਿ ਉਹ ਸਾਧਗਿਰੀ ਤਿਆਗ ਕੇ ਪੜ੍ਹਨ ਵਾਸਤੇ ਨਿਊਯਾਰਕ ਚਲੀ ਗਈ। ਉੱਥੇ ਹੀ ਉਸਦਾ ਮੇਲ ਮਿਲਾਪ ਅਤੇ ਵਿਆਹ ਮੇਰੇ ਪਿਤਾ ਜੀ ਨਾਲ ਹੋਇਆ। ਸੋ ਮੇਰੀ ਪਾਲਣਾ ਅਜਿਹੇ ਪਰਿਵਾਰ ਵਿਚ ਹੋਈ ਜਿਸਨੂੰ ਆਪਣੀ ਆਇਰਸ਼ ਵਿਰਾਸਤ ਤੇ ਸਭਿਆਚਾਰ ਉੱਤੇ ਬੜਾ ਮਾਣ ਸੀ।

--ਆਪਣੇ ਬਚਪਨ ਅਤੇ ਪਾਲਣਪੋਸ਼ਣ ਬਾਰੇ ਵੀ ਦੱਸੋ ਜੀ।

ਸਾਡਾ ਪਰਿਵਾਰ ਆਇਰਲੈਂਡ ਅਤੇ ਅਮਰੀਕਾ ਦੋਹਾਂ ਦੇਸਾਂ ਵਿਖੇ ਗਰੀਬੀ ਦੀ ਦਲਦਲ ਵਿਚ ਡੂੰਘਾ ਧੱਸਿਆ ਰਿਹਾ। ਪਰ ਮੈਨੂੰ ਆਪਣੇ ਪਿਤਾ ਜੀ ਅਤੇ ਮਾਂ ਉਪਰ ਅੰਤਾਂ ਦਾ ਮਾਣ ਹੈ, ਜਿਹਨਾਂ ਨੇ ਸਖਤ ਮੁਸ਼ੱਕਤ ਕਰਕੇ ਮੈਨੂੰ ਉਹ ਮੌਕੇ ਮੁਹੱਈਆ ਕਰਵਾਏ ਜਿਹੜੇ ਮੇਰੇ ਜਿਹੇ ਪਰਿਵਾਰਕ ਪਿਛੋਕੜ ਵਾਲੇ ਵਿਅਕਤੀ ਨੂੰ ਨਸੀਬ ਨਹੀਂ ਹੁੰਦੇ। ਖ਼ਾਸ ਕਰਕੇ ਆਪਣੀ ਮਾਤਾ ਦੀ ਦੀਰਘ ਦ੍ਰਿਸ਼ਟੀ ਅਤੇ ਸਖਤ ਘਾਲਣਾ ਸਦਕਾ ਹੀ ਮੈਂ ਮਨ ਭਾਉਂਦੀ ਵਿੱਦਿਆ ਹਾਸਲ ਕੀਤੀ ਅਤੇ ਪ੍ਰੋਫੈਸਰ ਬਣਨ ਦਾ ਲਕਸ਼ ਪੂਰਾ ਕਰ ਸਕੀ। ਮੇਰੀ ਮਾਂ ਨੂੰ ਵਿੱਦਿਆ ਦੀ ਸ਼ਕਤੀ ਉੱਤੇ ਅਥਾਹ ਵਿਸ਼ਵਾਸ ਹੈ। ਉਸ ਇਕੱਲੀ-ਕਾਰੀ ਨੂੰ ਹੀ ਮੈਥੋਂ ਵੱਡੀਆਂ ਦੋ ਭੈਣਾਂ-ਜੀਨ ਤੇ ਸਿਊਸਨ- ਸਮੇਤ ਸਾਨੂੰ ਤਿੰਨਾਂ ਨੂੰ ਪਾਲਣ-ਪੜ੍ਹਾਉਣ ਦੀ ਜ਼ਿੰਮੇਂਵਾਰੀ ਨਿਭਾਉਣੀ ਪਈ ਕਿਉਂਕਿ ਮੈਂ ਮਸਾਂ ਨੌਂ ਸਾਲਾਂ ਦੀ ਸਾਂ ਜਦੋਂ ਮੇਰੇ ਪਿਤਾ ਚਲਾਣਾ ਕਰ ਗਏ। ਮੇਰੀ ਮਾਤਾ ਦਾ ਸਾਰਾ ਪਰਿਵਾਰ ਆਇਰਲੈਂਡ ਵਿਚ ਹੋਣ ਕਾਰਨ ਕਿਸੇ ਆਪਣੇ ਦਾ ਸਹਾਰਾ ਵੀ ਨਹੀਂ ਸੀ। ਸਿਰੜੀ ਮਾਂ ਨੇ ਇਕ ਪ੍ਰਾਇਮਰੀ ਟੀਚਰ ਵਜੋਂ ਸਖਤ ਮਿਹਨਤ ਕਰਕੇ ਸਾਨੂੰ ਪ੍ਰਵਾਨ ਚੜ੍ਹਾਇਆ। ਨਿਰਸੰਦੇਹ ਉਸਨੇ ਇਕ ਮਾਂ ਵਜੋਂ ਬੜੀ ਬਹਾਦਰ ਅਤੇ ਜੁਝਾਰੂ ਕਿਸਮ ਦੀ ਔਰਤ ਹੋਣ ਦਾ ਸਬੂਤ ਦਿੱਤਾ ਹੈ।

--ਕੀ ਤੁਹਾਥੋਂ ਵੱਡੀਆਂ ਇਹ ਦੋਵੇਂ ਭੈਣਾਂ ਵੀ ਕਿਸੇ ਖ਼ਾਸ ਸਾਹਿਤਕ ਜਾਂ ਸਭਿਆਚਾਰਕ ਖੇਤਰ ਵਿਚ ਰੁਚੀ ਰੱਖਦੀਆਂ ਹਨ?

ਅਵਤਾਰ ਜੀ, ਸਭ ਤੋਂ ਵੱਡੀ ਜੀਨ ਨੂੰ ਪਹਿਲਾਂ ਤਾਂ ਸਾਹਿਤ ਵਿਚ ਚੰਗੀ ਦਿਲਚਸਪੀ ਸੀ। ਉਸ ਨੇ ਉੱਚ ਪਾਏ ਦੀਆਂ ਕਹਾਣੀਆਂ ਵੀ ਲਿਖੀਆਂ। ਪਰ ਫੇਰ ਉਸਦਾ ਸਾਹਿਤ ਨਾਲੋਂ ਸੰਬੰਧ ਟੁੱਟ ਗਿਆ। ਪਿਛਲੇ ਸਾਲ ਉਸ ਨੇ ਵਡੇਰੀ ਉਮਰ ਦੇ ਬਾਵਜੂਦ ਨਰਸਿੰਗ ਵਿਚ ਪੀਐੱਚ.ਡੀ. ਦੀ ਡਿਗਰੀ ਹਾਸਲ ਕੀਤੀ।

--ਤੁਹਾਡੇ ਪਤੀ ਰਘੂਵੇਂਦਰ ਰਾਓ ਇਕ ਸਫਲ ਭਾਰਤੀ ਸੰਗੀਤਕਾਰ, ਸ਼ਾਇਰ ਅਤੇ ਚਿੱਤਰਕਾਰ ਹਨ। ਕੀ ਆਪਣੇ ਦੋਹਾਂ ਵਿਚਕਾਰ ਤੁਸੀਂ ਕਦੇ ਕੋਈ ਸਭਿਆਚਾਰਕ ਪਾੜਾ ਮਹਿਸੂਸ ਤਾਂ ਨਹੀਂ ਕੀਤਾ?

ਬਿਲਕੁਲ ਨਹੀਂ। ਮੇਰਾ ਜੀਵਨ ਸਾਥੀ ਤੇ ਮੈਂ ਹਮਖਿਆਲੀਏ ਹਾਂ। ਆਪੋ ਆਪਣੇ ਕਲਚਰ ਤੇ ਪਰੰਪਰਾ ਵਿਚ ਸਾਡਾ ਦ੍ਰਿੜ ਵਿਸ਼ਵਾਸ ਹੈ। ਇਸਦੇ ਬਾਵਜੂਦ ਅਸੀ ਦੋਵੇਂ ਵਿਸ਼ਾਲ ਗਲੋਬਲ ਦ੍ਰਿਸ਼ਟੀ ਵੀ ਰੱਖਦੇ ਹਾਂ। ਮੇਰੇ ਪਤੀ ਕੇ.ਵੀ.ਰਘੂਵੇਂਦਰ ਰਾਓ, ਅਸਲ ਵਿਚ ਦੱਖਣੀ ਭਾਰਤ ਕਰਨਾਟਕ(ਬੰਗਲੌਰ) ਤੋਂ ਹਨ। ਕੇ. ਅਰਥਾਤ 'ਕਾਰਕਾਲਾ' ਇਹਨਾਂ ਦੇ ਪਿੰਡ ਦਾ ਨਾਂ ਹੈ, ਜਦੋਂ ਕਿ ਵੀ.'ਵਾਸੂਦੇਵ' ਪਿਤਾ ਜੀ ਦਾ ਨਾਮ ਹੈ। ਇਹਨਾਂ ਦੀ ਮਾਤ ਭਾਸ਼ਾ ਕੰਨੜ ਹੈ ਜਿਸ ਲਈ ਉਹ ਖ਼ਾਸ ਸ਼ਰਧਾ ਭਾਵਨਾ ਵੀ ਰੱਖਦੇ ਹਨ। ਇਹ ਕੰਨੜ ਤੇ ਉਰਦੂ ਦੋਹਾਂ ਭਾਸ਼ਾਵਾਂ ਵਿਚ ਗਾਉਂਦੇ ਹਨ। ਬਹੁਤ ਸਾਰੇ ਭਾਰਤੀਆਂ ਵਾਂਗ ਕਈ ਬੋਲੀਆਂ ਬੋਲ ਲੈਂਦੇ ਹਨ। ਅੱਜ ਕਲ੍ਹ ਪੰਜਾਬੀ ਸਿੱਖ ਰਹੇ ਹਨ।

--ਸੰਗੀਤ, ਚਿੱਤਰ ਕਲਾ ਤੇ ਕਵਿਤਾ ਵਿਚੋਂ ਰਘੂ ਜੀ ਦਾ ਵਿਸ਼ੇਸ਼ ਖੇਤਰ ਕਿਹੜਾ ਹੈ?

ਬੜੇ ਸਫਲ ਸਮਕਾਲੀ ਚਿੱਤਰਕਾਰ ਹੋਣ ਕਰਕੇ ਰਘੂ ਜੀ ਸੰਸਾਰ ਪੱਧਰ ਉੱਤੇ ਇਸ ਕਲਾ ਨੂੰ ਸੰਬੋਧਤ ਹਨ। ਵਿਸ਼ਵ ਭਰ ਦੇ ਕਈ ਦੇਸਾਂ ਵਿਚ ਕਲਾ ਲਈ ਰੈਜ਼ੀਡੈਂਸੀ ਕਰ ਚੁੱਕੇ ਹਨ। ਅੰਤਰ ਰਾਸ਼ਟਰੀ ਪੱਧਰ ਉੱਪਰ ਰਹਿਣ-ਵਿਚਰਨ ਕਰਕੇ ਬ੍ਰਹਿਮੰਡੀ ਚੇਤਨਾ ਦੇ ਮਾਲਕ ਹਨ। ਮੈਂ ਵੀ ਆਪਣੇ ਆਇਰਸ਼ ਪਿਛੋਕੜ ਤੇ ਅਮਰੀਕਨ ਪਾਲਣ-ਪੋਸ਼ਣ ਦੇ ਬਾਵਜੂਦ ਜੀਵਨ ਦਾ ਬਹੁਤਾ ਸਮਾਂ ਦੱਖਣੀ ਏਸ਼ੀਆ ਦੀਆਂ ਭਾਸ਼ਾਵਾਂ ਅਤੇ ਸਭਿਆਚਾਰਾਂ ਨੂੰ ਸਮਝਣ-ਸਿੱਖਣ ਵਿਚ ਬਤੀਤ ਕੀਤਾ ਹੈ। ਸੋ ਜਿਹੜੀ ਤੁਸਾਂ ਹੁਣੇ ਪਾੜੇ ਵਾਲੀ ਗੱਲ ਛੋਹੀ ਸੀ, ਅਜਿਹੀ ਕੋਈ ਤ੍ਰੇੜ ਸਾਡੇ ਦਰਮਿਆਨ ਹੈ ਨਹੀਂ। ਮੈਂ ਤਾਂ ਸਗੋਂ ਕਈ ਵਾਰੀ ਖਿਆਲ ਕਰਦੀ ਹਾਂ ਕਿ ਲੰਬੇ ਸਮੇਂ ਤੋਂ ਮੇਰਾ ਜੀਵਨ ਰਘੂ ਹੋਰਾਂ ਦੀ ਹੀ ਉਡੀਕ ਵਿਚ ਸੀ।

--ਬੱਚਿਆਂ ਬਾਰੇ ਵੀ ਜਾਨਣਾ ਚਾਹੁੰਦਾ ਹਾਂ।

ਤੁਸੀਂ ਇਕ ਸ਼ਾਮ ਸਾਡੇ ਘਰ ਆਏ ਸੀ, ਅਵਤਾਰ ਜੀ। ਜਿਹੜਾ ਤੁਹਾਨੂੰ ਰੋਟੀ ਵਰਤਾਉਂਦਾ ਸੀ, ਉਹ ਸਾਡਾ ਵੱਡਾ ਲੜਕਾ ਆਇਡਨ ਹੈ, ਜਿਸਦੀ ਉਮਰ ਗਿਆਰਾਂ ਸਾਲ ਹੈ। ਛੋਟਾ ਤਿੰਨ ਸਾਲਾਂ ਦਾ ਨੰਨ੍ਹਾ ਮੁੰਨਾ ਜਿਹੜਾ ਤੁਹਾਡੇ ਵਾਪਸ ਜਾਣ ਵੇਲੇ ਸੌਣ ਲਈ ਰਿਹਾੜ ਕਰਦਾ ਸੀ, ਉਸਦਾ ਨਾਮ ਅਸੀਂ ਮਹਾਨ ਕਵੀ ਭਗਤ ਕਬੀਰ ਜੀ ਦੇ ਸਤਿਕਾਰ ਵਜੋਂ 'ਕਬੀਰ' ਰੱਖਿਆ, ਕਿਉਂਕਿ ਰਘੂ ਜੀ ਤੇ ਮੈਂ ਭਗਤ ਕਬੀਰ ਜੀ ਸੰਬੰਧੀ ਇਕ ਸਾਂਝੇ ਪ੍ਰੋਜੈਕਟ ਉੱਪਰ ਖੋਜ-ਕਾਰਜ ਕਰਨ ਹੀਲੇ ਹੀ ਇਕ ਦੂਜੇ ਦੇ ਸੰਪਰਕ ਵਿਚ ਆਏ ਸੀ। ਮੇਰਾ ਬੜਾ ਚਿੱਤ ਕਰਦਾ ਹੈ ਕਿ ਕਾਸ਼ !ਸਾਡੀ ਕੋਈ ਧੀ ਵੀ ਹੁੰਦੀ। ਘਰ ਵਿਚ ਧੀ ਨਾ ਹੋਣ ਦਾ ਦੁੱਖ ਹੈ। ਖ਼ੈਰ,ਅਸੀਂ ਇਹਨਾਂ ਦੋਹਾਂ ਸਪੁੱਤਰਾਂ ਦਾ ਧੀਆਂ ਵਾਂਗ ਹੀ ਪਾਲਣ-ਪੋਸ਼ਣ ਕਰਾਂਗੇ ਅਤੇ ਪੜ੍ਹਾਵਾਂਗੇ। ਅਸੀਂ ਚਾਹੁੰਦੇ ਹਾਂ ਕਿ ਇਹ ਧੀਆਂ ਵਰਗੇ ਸਾਊ ਪੁੱਤ ਬਣਨ।

--ਪ੍ਰੋਫੈਸਰ ਮਰਫ਼ੀ, ਹੁਣ ਤੁਹਾਡੀ ਪੜ੍ਹਾਈ ਅਤੇ ਉੱਚ ਵਿੱਦਿਆ ਵੱਲ ਆਉਂਦੇ ਹਾਂ।

ਬਿਲਿੰਗ ਜੀ, ਮੈਂ ਅੰਡਰ-ਗਰੈਜੂਏਟ ਡਿਗਰੀ ਬਰਾਊਨ ਯੂਨੀਵਰਸਿਟੀ ਤੋਂ ਅਤੇ ਐੱਮ.ਏ. ਵਾਸ਼ਿੰਗਟਨ ਯੂਨੀਵਰਸਿਟੀ ਸੀਆਟਲ ਦੇ 'ਏਸ਼ੀਅਨ ਭਾਸ਼ਾਵਾਂ ਤੇ ਸਾਹਿਤ ਵਿਭਾਗ' ਤੋਂ ਕੀਤੀ। ਬੀ.ਏ. ਕਰਨ ਪਿੱਛੋਂ ਮੈਨੂੰ ਦੋ ਵਰ੍ਹਿਆਂ ਲਈ ਨਿਊਯਾਰਕ ਦੇ ਪਬਲਿਕ ਸਕੂਲਾਂ ਵਿਚ ਪੜ੍ਹਾਉਣਾ ਪਿਆ। ਐੱਮ.ਏ. ਕਰਨ ਮਗਰੋਂ ਮੈਂ ਸੀਆਟਲ ਏਸ਼ੀਅਨ ਆਰਟ ਮਿਊਜ਼ੀਅਮ ਵਿਚ ਐਜੂਕੇਟਰ ਲੱਗ ਗਈ, ਜਿੱਥੋਂ ਮੇਰੇ ਅੰਦਰ ਵੱਖੋ ਵੱਖਰੇ ਸਭਿਆਚਾਰਾਂ ਨਾਲ ਸੰਬੰਧਤ ਵਸਤੂਆਂ ਵਿਚ ਦਿਲਚਸਪੀ ਜਾਗ ਪਈ। ਬਾਅਦ ਵਿਚ ਜਦੋਂ ਕੋਲੰਬੀਆ ਯੂਨੀਵਰਸਿਟੀ ਨਿਊਯਾਰਕ ਤੋਂ ਪੀਐੱਚ.ਡੀ ਕਰ ਰਹੀ ਸਾਂ ਤਾਂ ਮੈ ਪੂਰਬ-ਕਾਲਜੀਏਟ

ਵਿੱਦਿਆ, ਮਿਊਜ਼ੀਅਮ ਅਧਿਐਨ ਅਤੇ ਸੰਪਾਦਨਾ ਸਮੇਤ ਗੈਲਰੀ ਪ੍ਰੋਜੈਕਟਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੀ ਰਹੀ।

--ਐਨ ਮਰਫ਼ੀ ਜੀ, ਤੁਹਾਨੂੰ ਉੱਚ ਵਿੱਦਿਆ ਗ੍ਰਹਿਣ ਕਰਨ ਦੀ ਲਗਨ ਕੀ ਕਿਸੇ ਅਧਿਆਪਕ ਪਾਸੋਂ ਲੱਗੀ? ਮੇਰਾ ਮਤਲਬ ਹੈ, ਤੁਹਾਡਾ ਹੋਰ ਪ੍ਰੇਰਨਾ ਸਰੋਤ ਕੌਣ ਸੀ?

ਅਸਲ ਵਿਚ ਮੈਂ ਕਿਸੇ ਇਕ ਅਧਿਆਪਕ ਪਾਸੋਂ ਵਿੱਦਿਆ ਹਾਸਿਲ ਨਹੀਂ ਕੀਤੀ। ਕੋਲੰਬੀਆ ਯੂਨੀਵਰਸਿਟੀ ਵਿਖੇ ਬਹੁਤ ਸਾਰੇ ਉੱਚ ਕੋਟੀ ਦੇ ਵਿਦਵਾਨਾਂ ਅਤੇ ਵੱਖੋ ਵੱਖਰੇ ਆਹਲਾ ਸਾਧਨਾਂ ਤੋਂ ਵਿੱਦਿਅਕ ਲਾਹਾ ਲਿਆ, ਜਿਹੜੇ ਮੇਰੇ ਲਈ ਸਮੂਹਕ ਰੂਪ ਵਿਚ ਪ੍ਰੇਰਨਾ ਸਰੋਤ ਸਾਬਤ ਹੋਏ। ਦੂਜਾ ਵੱਡਾ ਉਤਸ਼ਾਹ ਦਾ ਸੋਮਾ ਮੇਰੇ ਸੁਰਗਵਾਸੀ ਪਿਤਾ ਜੀ ਦੀ ਲਾਇਬਰੇਰੀ ਵਿਚਲੀਆਂ ਉੱਤਮ ਪੁਸਤਕਾਂ ਸਨ। ਮੇਰੇ ਤਾਇਆ ਰੌਬਰਟ ਪੈਟਰਿਕ ਮਰਫ਼ੀ, ਜੋ ਐਨਥਰੋਪੋਲੋਜੀ ਦੇ ਪ੍ਰੋਫੈਸਰ ਸੀ, ਉਹ ਵੀ ਮੇਰੇ ਵਾਸਤੇ ਪ੍ਰੇਰਨਾ ਸਰੋਤ ਸਾਬਤ ਹੋਏ। ਮੇਰੇ ਪਿਤਾ ਦੇ ਖਾਨਦਾਨ ਵਿਚੋਂ ਉਹ ਇਕੋ ਇਕ ਪੀਐੱਚ.ਡੀ ਹੋਣ ਕਰਕੇ ਮੇਰਾ ਰਾਹ-ਦਿਸੇਰਾ ਬਣੇ। ਤਾਂ ਹੀ ਆਪਣੀ ਮਾਂ ਦੇ ਖਾਨਦਾਨ ਵਿਚੋਂ ਮੈਂ ਇਕੱਲੀ ਪੀਐੱਚ. ਡੀ ਕਰਨ ਵਿਚ ਸਫਲ ਹੋ ਸਕੀ।

--ਯੂਰਪੀਅਨ ਪਿਛੋਕੜ ਤੇ ਅਮਰੀਕਨ ਨਾਗਰਿਕਤਾ ਦੇ ਧਾਰਨੀ ਹੁੰਦੇ ਹੋਏ ਤੁਸੀਂ ਏਸ਼ੀਅਨ ਇਤਿਹਾਸ, ਸਭਿਆਚਾਰ ਤੇ ਸਾਹਿਤ ਵੱਲ ਦਿਲਚਸਪੀ ਕਿਵੇਂ ਲੈਣ ਲੱਗੇ?

ਮੈਂ ਪੰਜਾਬੀ ਤੇ ਆਇਰਿਸ਼ ਸਮਾਜ- ਸਭਿਆਚਾਰ ਵਿਚ ਮਜ਼ਬੂਤ ਸਮਾਨਤਾ ਦੇਖਦੀ ਹਾਂ। ਮੇਰੇ ਖਿਆਲ ਵਿਚ ਮੈਂ ਏਸੇ ਕਾਰਨ ਦੱਖਣੀ ਏਸ਼ੀਆ, ਖ਼ਾਸ ਕਰਕੇ ਪੰਜਾਬ ਦੇ ਖਿੱਤੇ ਵੱਲ ਖਿੱਚੀ ਗਈ। ਪਰਿਵਾਰ ਤੇ ਪਰੰਪਰਾ ਉੱਪਰ ਜ਼ਿਆਦਾ ਜ਼ੋਰ ਦੇਣ ਦੇ ਸੰਬੰਧ ਵਿਚ ਇਹਨਾਂ ਦੋਹਾਂ ਸਭਿਆਚਾਰਾਂ ਵਿਚ ਤਕੜੀ ਆਪਸੀ ਸਮਾਨਤਾ ਹੈ। ਇਵੇਂ ਹੀ ਗੀਤ ਸੰਗੀਤ ਅਤੇ ਸਾਹਿਤ ਨੂੰ ਕਿਰਸਾਣੀ ਆਧਾਰਤ ਬਹੁਤ ਮਜ਼ਬੂਤ ਲੋਕਧਾਰਾ ਅਨੁਸਾਰ ਮਾਨਣਾ ਵੀ ਦੋਹਾਂ ਕਲਚਰਾਂ ਦੀ ਸਾਂਝੀ ਵਿਸ਼ੇਸ਼ਤਾ ਹੈ। ਮੈਂ ਆਪਣੀ ਮਾਤਭੂਮੀ ਆਇਰਲੈਂਡ ਵਾਂਗ ਹੀ ਕਿਸੇ ਅਜਿਹੀ ਜ਼ਮੀਨ ਅਤੇ ਉੱਤਰ ਬਸਤੀਵਾਦੀ ਸੁਸਾਇਟੀ ਦੀ ਭਾਲ ਵਿਚ ਸਾਂ। ਇੰਨ ਬਿੰਨ ਆਇਰਲੈਂਡ ਵਾਂਗੂੰ ਪੰਜਾਬ ਵੀ ਅੰਗਰੇਜ਼ਾਂ ਦੀ ਬਸਤੀ ਬਣਿਆ ਅਤੇ ਇਹਨਾਂ ਦੋਹਾਂ ਖਿੱਤਿਆਂ ਨੂੰ ਛੱਡਣ ਮੌਕੇ ਬ੍ਰਿਟਿਸ਼ ਨੇ ਇਕੋ ਤਰਜ਼ ਅਰਥਾਤ ਧਾਰਮਿਕ ਆਧਾਰ ਉੱਤੇ ਦੋਹਾਂ ਦਾ ਬਟਵਾਰਾ ਕਰ ਦਿੱਤਾ। ਬੇਸ਼ੱਕ ਇਹ ਇਕੋ ਜਿਹਾ ਵਰਤਾਰਾ ਦੋਹਾਂ ਥਾਵਾਂ ਉਪਰ ਇਕੋ ਸਮੇਂ ਨਹੀਂ ਵਾਪਰਿਆ। ਮੈਂ ਇਹ ਸਮਝਣਾ ਚਾਹੁੰਦੀ ਸਾਂ ਕਿ ਦੋ ਭਿੰਨ-ਭਿੰਨ ਕਾਲ-ਖੰਡਾਂ ਦੌਰਾਨ ਇਹ ਭਾਣਾ ਕਿਉਂ ਤੇ ਕਿਵੇਂ ਵਰਤਿਆ। ਮੇਰਾ ਆਪਣਾ ਖਾਨਦਾਨ ਆਇਰਲੈਂਡ ਵਿਖੇ ਅੰਗਰੇਜ਼ੀ ਰਾਜ ਦੇ ਖਾਤਮੇ ਲਈ ਸਰਗਰਮ ਰਿਹਾ ਸੀ, ਜਿਸ ਕਰਕੇ ਦੱਖਣੀ ਏਸ਼ੀਆ ਵਿਚ ਉਪਜੀ ਬਸਤੀਵਾਦੀ ਵਿਰੋਧੀ ਲਹਿਰ ਮੇਰੇ ਵਾਸਤੇ ਬੜਾ ਤਕੜਾ ਨਿੱਜੀ ਮਹੱਤਵ ਵੀ ਰੱਖਦੀ ਹੈ।

--ਮੈਡਮ ਮਰਫ਼ੀ, ਕੀ ਏਸ ਤਰਫ਼ ਆਉਣ ਦਾ ਕੋਈ ਹੋਰ ਕਾਰਨ ਵੀ ਸੀ?

ਹਾਂ ਬਿਲਿੰਗ ਜੀ, ਜਦੋਂ ਮੈਂ ਹਾਲੇ ਕਾਲਿਜ ਦੀ ਪੜ੍ਹਾਈ ਪੂਰੀ ਵੀ ਨਹੀਂ ਸੀ ਕੀਤੀ ਤਾਂ ਮੇਰੇ ਕਈ ਸੰਗੀ ਸਾਥੀ ਮੇਰੀ ਖੋਜੀ ਬਿਰਤੀ ਦੇਖ ਕੇ ਸੁਝਾਅ ਦਿੰਦੇ ਕਿ ਮੇਰੇ ਲਈ ਆਪਣੀ ਮਾਤਭੂਮੀ ਆਇਰਲੈਂਡ ਬਾਰੇ ਸਮਾਜਕ-ਸਭਿਆਚਾਰਕ ਅਧਿਐਨ ਕਰਨਾ ਬਿਹਤਰ ਰਹੇਗਾ, ਕਿਉਂਕਿ ਮੇਰਾ ਉਸ ਖੇਤਰ ਨਾਲ ਬਹੁਤ ਜ਼ਬਰਦਸਤ ਲਗਾਵ ਸੀ ਤੇ ਮੈਂ ਉਸ ਪਿਛੋਕੜ ਦੀ ਵੀ ਹਾਂ। ਪਰ ਮੈਂ ਤਾਂ ਅਜਿਹੀ ਖਿੱਚ ਰੱਖਦੀ ਕਿਸੇ ਹੋਰ ਜ਼ਮੀਨ ਨੂੰ ਢੂੰਡਣਾ ਚਾਹੁੰਦੀ ਸਾਂ ਤਾਂ ਕਿ ਦੋਹਾਂ ਸਭਿਆਚਾਰਾਂ ਵਿਚਲੀਆਂ ਸਮਾਨਤਾਵਾਂ ਅਤੇ ਅੰਤਰਾਂ ਨੂੰ ਘੋਖ ਪਰਖ ਸਕਾਂ। ਮੇਰਾ ਇਹ ਨਿੱਜੀ ਵਿਚਾਰ ਹੈ ਕਿ ਜੇ ਅਸੀਂ ਸੰਸਾਰ ਵਿਚ ਅਮਨ ਦੇਖਣਾ ਚਾਹੁੰਦੇ ਹਾਂ ਤਾਂ ਸਾਨੂੰ ਸਾਰਿਆਂ ਨੂੰ ਆਪੋ ਆਪਣੀ ਦੁਨੀਆਂ ਵਿਚੋਂ ਨਿਕਲ ਕੇ ਵਿਸ਼ਾਲ

ਸੰਸਾਰ ਨੂੰ ਆਪਣੇ ਕਲਾਵੇ ਵਿਚ ਲੈਣਾ ਸ਼ੋਭਦਾ ਹੈ। ਤੁਹਾਨੂੰ ਨਵੀਂ ਗੱਲ ਦੱਸਾਂ। ਮੈਂ ਦੱਖਣੀ ਏਸ਼ੀਆ ਵਿਚ ਇਕ ਹੋਰ ਵਜ੍ਹਾ ਕਰਕੇ ਵੀ ਰੁਚੀ ਦਿਖਾਉਣ ਲੱਗੀ। ਨਿਊਯਾਰਕ ਦੇ ਆਪਣੇ ਮੌਜੂਦਾ ਅਮਰੀਕਨ ਆਲੇ ਦੁਆਲੇ ਵਿਚ ਵੀ ਮੈਂ ਅਜਿਹੀਆਂ ਹੀ ਸਮਾਨਤਾਵਾਂ ਦੇਖ ਰਹੀ ਸੀ। ਬੇਸ਼ੱਕ ਅਮਰੀਕਾ ਵਿਚ ਵੰਨ ਸੁਵੰਨੇ ਸਭਿਆਚਾਰਾਂ ਦੀ ਬੜੀ ਅਦਭੁੱਤ ਭਿੰਨਤਾ ਹੈ। ਪਰ ਇੱਥੇ ਵੀ ਕਦੇ ਕਦਾਈਂ ਦੱਖਣੀ ਏਸ਼ੀਆ ਵਰਗਾ ਹੀ ਟਕਰਾਓ ਪੈਦਾ ਹੋ ਜਾਂਦਾ ਹੈ। ਸੰਖੇਪ ਵਿਚ ਗੱਲ ਮੁਕਾਈਏ ਕਿ ਜਿਹੜੇ ਮਸਲੇ ਅਤੇ ਸਮੱਸਿਆਵਾਂ ਨਿਊਯਾਰਕ ਵਿਚ ਹਨ, ਉਹੋ ਜੇਹੀਆਂ ਹੀ ਨਵੀਂ ਦਿੱਲੀ ਤੇ ਬੰਗਲੌਰ ਵਿਚ ਦੇਖੀਆਂ ਜਾ ਸਕਦੀਆਂ ਹਨ। ਹੋਰ ਦੇਖੋ, ਅਜਿਹੇ ਮਸਲਿਆਂ ਨਾਲ ਨਿਪਟਣ, ਉਹਨਾਂ ਨੂੰ ਹੱਲ ਕਰਨ ਜਾਂ ਹਾਲਾਤ ਨੂੰ ਕਾਬੂ ਹੇਠ ਰੱਖਣ ਲਈ ਉਪਰੋਕਤ ਥਾਵਾਂ ਉੱਤੇ ਅਤੇ ਸਮਾਜਾਂ ਵਿਚ ਜਿਹੜਾ ਤਰੀਕਾ ਅਪਣਾਇਆ ਜਾਂਦਾ ਹੈ, ਉਹ ਵੀ ਆਪਸ ਵਿਚ ਰਲਦਾ-ਮਿਲਦਾ ਹੁੰਦਾ ਹੈ। ਮੇਰੇ ਕਹਿਣ ਦਾ ਮਤਲਬ ਹੈ ਕਿ ਅਸੀਂ ਇਕ ਦੂਜੇ ਸਮਾਜ ਤੇ ਸਭਿਆਚਾਰ ਕੋਲੋਂ ਬੜਾ ਕੁਝ ਸਿੱਖ ਸਕਦੇ ਹਾਂ ਅਤੇ ਸਾਡੇ ਸਭਨਾਂ ਵੱਲੋਂ ਵਿਸ਼ਵ ਪੱਧਰ ਉੱਤੇ ਅਜਿਹੇ ਅੰਤਰ-ਵਿਰੋਧਾਂ ਵੱਲ ਵਿਸ਼ੇਸ਼ ਤਵੱਜੋ ਦੇਣੀ ਬਣਦੀ ਹੈ।

-- ਸਭਿਆਚਾਰਕ ਅਧਿਐਨ ਦੇ ਸੰਬੰਧ ਵਿਚ ਤੁਹਾਡੀ ਸਭ ਤੋਂ ਪਹਿਲਾਂ ਕੀ ਕਰਨ ਦੀ ਮਨਸ਼ਾ ਹੈ?

ਵਿਚਾਰ ਵਟਾਂਦਰੇ ਤੇ ਬਹਿਸ-ਮੁਬਾਹਸੇ ਰਾਹੀਂ ਦੋ ਕਲਚਰਾਂ ਦੀਆਂ ਸਮਾਨਤਾਵਾਂ ਅਸਮਾਨਤਾਵਾਂ ਨੂੰ ਮੁਖਾਤਬ ਹੋਣਾ। ਮੈਂ ਤੱਥਾਂ ਅਤੇ ਖੋਜ ਉਪਰ ਆਧਾਰਤ ਸੂਝ-ਸਮਝ ਵਿਕਸਤ ਕਰਨਾ ਚਾਹੁੰਦੀ ਹਾਂ। ਇਸ ਸੰਬੰਧੀ ਆਪਣੀ ਕਲਾਸ ਵਿਚ ਪੜ੍ਹਾਉਣ ਵੇਲੇ ਵਿਦਿਆਰਥੀਆਂ ਨੂੰ ਖੋਜ ਦੇ ਸਾਧਨਾਂ ਵੱਲ ਖ਼ਾਸ ਤਵੱਜੋ ਦੇਣ ਦਾ ਸੁਝਾਅ ਦਿੰਦੀ ਹਾਂ। ਕਿਸੇ ਸੁਸਾਇਟੀ ਤੇ ਕਲਚਰ ਨੂੰ ਸਮਝਣ ਵਿਚ ਵਕਤ ਲੱਗਦਾ ਹੈ ਅਤੇ ਵਕਤ ਨਾਲ ਸਾਡੀ ਸਮਝ ਵੀ ਬਦਲ ਜਾਂਦੀ ਹੈ। ਜੇ ਕੱਟੜਵਾਦ ਤੇ ਪੁਰਾਣੀਆਂ ਮਾਨਤਾਵਾਂ ਨੂੰ ਹਰਾਉਣਾ ਹੈ ਤਾਂ ਸਾਨੂੰ ਸਮਾਂ ਕੱਢਣਾ ਪਵੇਗਾ ਅਤੇ ਆਪਣੇ ਵਿਚਾਰਾਂ ਉਪਰ ਅੜੇ ਰਹਿਣ ਦੀ ਬਜਾਏ ਉਹਨਾਂ ਨੂੰ ਬਦਲਣ ਤੇ ਵਿਕਸਤ ਹੋਣ ਦੀ ਆਗਿਆ ਵੀ ਦੇਣੀ ਜ਼ਰੂਰੀ ਹੈ।

--ਪੰਜਾਬ ਬਾਰੇ ਤੁਹਾਡਾ ਲਕਸ਼ ਕੀ ਹੈ?

ਇਕ ਸਕਾਲਰ ਵਜੋਂ ਇਸ ਖਿੱਤੇ ਨੂੰ ਏਸ ਦੇ ਸੀਮਿਤ ਦਾਇਰੇ ਦੀ ਬਜਾਏ ਸੰਸਾਰ ਪੱਧਰ ਉੱਪਰ ਬੇਸ਼ੁਮਾਰ ਸਰੋਤਿਆਂ ਦਰਸ਼ਕਾਂ ਦੇ ਰੂ-ਬ-ਰੂ ਕਰਨਾ। ਸਰੋਤਿਆਂ/ਦਰਸ਼ਕਾਂ ਦੀ ਵਿਸ਼ਾਲ ਦੁਨੀਆਂ ਨੂੰ ਇਸਦੇ ਗੁੰਝਲਦਾਰ ਪਰ ਹਮੇਸ਼ਾ ਬਦਲਦੇ-ਵਿਗਸਦੇ ਰਹੇ ਸਾਹਿਤਕ-ਧਾਰਮਿਕ ਸਭਿਆਚਾਰ ਨੂੰ ਸਮਝਣ ਵਿਚ ਸਹਾਈ ਹੋਣਾ ਅਤੇ ਉਹਨਾਂ ਬਦਲਾਵਾਂ ਵਿਚੋਂ ਸਾਰਿਆਂ ਦੇ ਫਾਇਦੇ ਲਈ ਤੱਥਾਂ ਦੀ ਤਲਾਸ਼ ਕਰਨੀ।

--ਮੇਰੀ ਜਾਣਕਾਰੀ ਅਨੁਸਾਰ ਤੁਸੀਂ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ, ਹਿੰਦੀ, ਸੰਸਕ੍ਰਿਤ, ਫਾਰਸੀ, ਉਰਦੂ ਸਮੇਤ ਪੰਜ ਭਾਸ਼ਾਵਾਂ ਵਿਚ ਮਾਹਿਰ ਹੋ?

ਇਹਨਾਂ ਸਾਰੀਆਂ ਵਿਚ ਮਾਹਿਰ ਨਹੀਂ, ਪਰ ਸਾਰੀਆਂ ਦਾ ਅਧਿਐਨ ਜ਼ਰੂਰ ਕੀਤਾ ਹੈ। ਪੰਜਾਬੀ, ਹਿੰਦੀ ਤੇ ਉਰਦੂ 'ਤੇ ਮੇਰੀ ਚੰਗੀ ਪਕੜ ਹੈ। ਸੰਸਕ੍ਰਿਤ ਵੀ ਸਿੱਖੀ, ਪਰ ਬੋਲ ਨਹੀਂ ਸਕਦੀ। ਫਾਰਸੀ ਦੀ ਥੋੜ੍ਹੀ-ਬਹੁਤ ਵਰਤੋਂ 'ਮੈਟੀਰੀਅਲਇਟੀ ਔਵ ਦਾ ਪਾਸਟ' ਲਿਖਣ ਵਕਤ ਕੀਤੀ ਸੀ ਪਰ ਆਪਣੇ ਨਾਲ ਇਕ ਫਾਰਸੀ-ਮਾਹਿਰ ਨੂੰ ਰੱਖਿਆ ਸੀ ਤਾਂਕਿ ਮਹਾਰਾਜਾ ਰਣਜੀਤ ਸਿੰਘ ਅਤੇ ਉਸਦੇ ਵਾਰਿਸਾਂ ਦੇ ਦਰਬਾਰ ਸੰਬੰਧੀ ਸੋਮਿਆਂ ਨੂੰ ਚੰਗੀ ਤਰਾਂ ਵਾਚ ਸਕਾਂ। ਮਨ ਵਿਚ ਪੂਰੀ ਤਰ੍ਹਾਂ ਫਾਰਸੀ ਸਿੱਖਣ ਦੀ ਤਮੰਨਾ ਜ਼ਰੂਰ ਹੈ।

--ਮੈਡਮ ਜੀ, ਇਤਿਹਾਸ ਦੇ ਸੰਬੰਧ ਵਿਚ 'ਮੈਟੀਰੀਅਲਟੀ ਔਵ ਦਾ ਪਾਸਟ' ਤੋਂ ਤੁਹਾਡਾ ਅਸਲੀ ਭਾਵ ਕੀ ਹੈ?

ਡੇਵਿਡ ਲੌਵਨਥਲ ਨਾਂ ਦੇ ਵਿਦਵਾਨ ਨੇ ਭੂਤਕਾਲ ਨੂੰ 'ਬੇਗਾਨਾ ਦੇਸ' ਆਖਿਆ ਸੀ। ਉਹ ਧਰਤੀ ਜਿੱਥੇ ਚਾਹੁੰਦੇ ਹੋਏ ਵੀ ਅਸੀਂ ਜਾ ਨਹੀਂ ਸਕਦੇ। ਉਸ ਗੁਜ਼ਰ ਚੁੱਕੇ ਸਮੇਂ ਨੂੰ ਯਾਦਾਂ ਦੇ ਸਹਾਰੇ ਹੀ ਸਮਝ ਸਕਦੇ ਹਾਂ। ਜਦੋਂ ਯਾਦਾਂ ਨੂੰ ਇਕੱਤਰ ਕਰਕੇ ਬੀਤੇ ਸਮੇਂ ਬਾਰੇ ਕਹਾਣੀ ਸੁਣਾਉਂਦੇ ਹਾਂ, ਉਹ 'ਹਿਸਟਰੀ' ਬਣ ਜਾਂਦੀ ਹੈ ਬੀਤੇ ਕੱਲ੍ਹ ਬਾਰੇ ਲਿਖਤੀ ਬਿਰਤਾਂਤ। ਸੋ ਸਿੱਖ ਗੁਰੂ ਸਾਹਿਬਾਨ ਨਾਲ ਸੰਬੰਧਤ ਯਾਦਾਂ ਤੇ ਪਰੰਪਰਾਵਾਂ ਨੂੰ ਜੋੜ ਕੇ ਸਿੱਖ ਇਤਿਹਾਸ ਬਣ ਜਾਂਦਾ ਹੈ। 'ਬੀਤੇ ਦੀ ਸਾਕਾਰਤਾ' ਤੋਂ ਮੇਰਾ ਮਤਲਬ ਹੈ- ਭੂਤਕਾਲ ਦੇ ਉਹ ਪਹਿਲੂ ਜਿਹੜੇ ਮੈਟੀਰੀਅਲ, ਧਾਤ, ਕਪੜਾ, ਕਾਗ਼ਜ਼ ਜਾਂ ਸਥਾਨ ਆਦਿ ਜੋ ਸਾਡੇ ਸਾਹਮਣੇ ਸਾਕਾਰ ਤੇ ਸਥੂਲ ਰੂਪ ਵਿਚ ਮੌਜੂਦ ਹਨ, ਜਿਹਨਾਂ ਨੂੰ ਕੋਈ ਵਿਅਕਤੀ ਵਿਸ਼ੇਸ਼ ਵਰਤਦੇ ਰਹੇ ਹਨ, ਜੋ ਹੁਣ ਯਾਦਗਾਰ ਵਜੋਂ ਸੰਭਾਲਿਆ ਹੈ। ਇਸ ਪੁਸਤਕ ਵਿਚ ਮੇਰੀ ਕੋਸ਼ਿਸ਼ ਇਤਿਹਾਸ ਲਿਖਣ ਦੇ ਕਾਰਜ ਦੀ ਸਮੂਰਤ ਵਸਤੂਆਂ, ਸਥਾਨਾਂ ਨਾਲ ਗੁਫ਼ਤਗੂ ਕਰਵਾਉਣਾ ਹੈ ਤਾਂਕਿ ਸਾਡੀ ਇਤਿਹਾਸਕ ਸਮਝ ਹੋਰ ਅਮੀਰ ਹੋ ਸਕੇ। ਇਤਿਹਾਸ ਲਿਖਣ ਤੇ ਯਾਦਗਾਰੀ ਵਸਤੂਆਂ-ਸਥਾਨਾਂ ਦੇ ਸੰਬੰਧ ਵਿਚ ਮਹੱਤਵ ਹੋਰ ਸਪਸ਼ਟ ਹੋ ਸਕੇ।

--ਸਿੱਖ ਧਰਮ ਤੇ ਇਤਿਹਾਸ ਨਾਲ ਸੰਬੰਧਤ ਯਾਦਗਾਰੀ ਮੈਟੀਰੀਅਲ ਦਾ ਬੜਾ ਰੰਗਦਾਰ ਵਰਨਣ ਕਰਨ ਵਾਲੀ ਅਤੇ ਸੁਪ੍ਰਸਿੱਧ ਔਕਸਫੋਰਡ ਯੂਨੀਵਰਸਿਟੀ ਪ੍ਰੈਸ ਦੁਆਰਾ ਪ੍ਰਕਾਸ਼ਤ ਤੁਹਾਡੀ ਇਸ ਪੁਸਤਕ ਨੂੰ ਪੜ੍ਹਦਿਆਂ ਜਾਪਦਾ ਹੈ ਕਿ ਤੁਸੀਂ ਜ਼ਰੂਰ ਇਹਨਾਂ ਸਾਰੇ ਸੋਮਿਆਂ - ਸਥਾਨਾਂ ਨੂੰ ਆਪ ਜਾ ਕੇ ਅੱਖੀਂ ਦੇਖਿਆ ਹੋਵੇਗਾ। ਕੀ ਇਹ ਸੱਚ ਹੈ?

ਨਹੀਂ ਜੀ। ਕੀ ਕਿਸੇ ਵਿਅਕਤੀ ਲਈ ਸਿੱਖ ਧਰਮ ਨਾਲ ਸੰਬੰਧਤ ਸਾਰੇ ਸਥਾਨਾਂ ਦੀ ਨਿੱਜੀ ਯਾਤਰਾ ਕਰਨੀ ਸੰਭਵ ਹੈ? ਇਸ ਸੰਬੰਧ ਵਿਚ ਕਈ ਦੇਸਾਂ ਵਿਚਲੇ ਨਿੱਕੇ ਵੱਡੇ ਸਾਰੇ ਸਥਾਨਾਂ ਦੀ ਜ਼ਿਆਰਤ ਕਰਨ ਵਿਚ ਉਸਦਾ ਸਾਰਾ ਜੀਵਨ ਨਹੀਂ ਲੱਗ ਜਾਵੇਗਾ? ਮੈਂ ਇਹਨਾਂ ਵਿਚੋਂ ਬਹੁਤ ਸਾਰਿਆਂ ਦੀ ਯਾਤਰਾ ਜ਼ਰੂਰ ਕੀਤੀ ਹੈ ਅਤੇ ਉੱਥੇ ਸਸ਼ੋਭਤ ਯਾਦਗਾਰੀ ਵਸਤੂਆਂ ਦੀ ਵਿਸ਼ਾਲ ਸਭਿਆਚਾਰਕ ਸੰਦਰਭ ਵਿਚ ਮਹਾਨਤਾ ਸਮਝਣ ਦਾ ਜਤਨ ਜ਼ਰੂਰ ਕੀਤਾ ਹੈ। ਹੋ ਸਕਦਾ ਹੈ, ਮੈਥੋਂ ਬਾਅਦ ਆਉਣ ਵਾਲੇ ਇਤਿਹਾਸਕਾਰ ਇਸ ਪੱਖ ਤੋਂ ਹੋਰ ਰੋਸ਼ਨੀ ਪਾ ਸਕਣ।

--ਏਸ ਦੋਰਾਨ ਦੋਹਾਂ ਦੇਸਾਂ ਦੀਆਂ ਸਰਕਾਰਾਂ ਅਤੇ ਆਮ ਪਬਲਿਕ ਵੱਲੋਂ ਤੁਹਾਨੂੰ ਕਿਹੋ ਜਿਹਾ ਸਹਿਯੋਗ ਮਿਲਿਆ?

ਮੇਰੇ ਖੋਜ ਕਾਰਜ ਦੌਰਾਨ ਬਹੁਤ ਸਾਰੀਆਂ ਸ਼ਖ਼ਸੀਅਤਾਂ ਨੇ ਖੁੱਲ੍ਹਦਿਲੀ ਨਾਲ ਮੈਨੂੰ ਸਹਿਯੋਗ ਦਿੱਤਾ, ਜਿਹਨਾਂ ਦੀ ਮੈਂ ਸਦਾ ਰਿਣੀ ਰਹਾਂਗੀ। ਪਰ ਇਕ ਔਰਤ ਵਜੋਂ ਭਾਰਤ ਵਿਚ ਅਜਿਹਾ ਕਾਰਜ ਕਰਨਾ ਬਹੁਤ ਕਠਿਨ ਹੈ। ਜੋ ਵੀ ਰੁਕਾਵਟ ਮੇਰੇ ਰਾਹ ਵਿਚ ਆਈ, ਉਹ ਮੇਰੇ ਔਰਤ ਹੋਣ ਕਾਰਨ ਹੀ ਸੀ।

--ਤੁਸੀਂ ਆਪ ਤੋਂ ਪਹਿਲੇ ਕਿੰਨੇ ਹੀ ਹੋਰ ਇਤਿਹਾਸਕਾਰਾਂ ਦਾ ਜ਼ਿਕਰ ਕੀਤਾ ਹੈ। ਫੇਰ ਤੁਹਾਡਾ ਇਹ ਪੁਸਤਕ ਲਿਖਣ ਦਾ ਮਕਸਦ ਕੀ ਰਹਿ ਗਿਆ?

ਦੇਖੋ, ਵਿਦਵਤਾ ਭਰਪੂਰ ਕਾਰਜ ਕਰਨ ਵੇਲੇ ਆਪ ਤੋਂ ਪਹਿਲੇ ਵਿਦਵਾਨਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੋ ਜਾਂਦਾ ਹੈ। ਨਹੀਂ ਤਾਂ ਲੋਕ ਉਸ ਕ੍ਰਿਤ ਨੂੰ ਲੇਖਕ ਵੱਲੋਂ ਦਿੱਤੇ ਨਿੱਜੀ ਬਿਆਨ ਤੋਂ ਵੱਧ ਕੁਝ ਨਹੀਂ ਸਮਝਣਗੇ। ਮਿਸਾਲ ਵਜੋਂ ਜੇ ਕੋਈ ਬੰਦਾ ਕਿਸੇ ਕਮਰੇ ਵਿਚ ਦਾਖਲ ਹੁੰਦਾ ਹੈ ਜਿੱਥੇ ਹੋਰ ਵੀ ਬੁੱਧੀਮਾਨ ਬੈਠੇ ਹੋਣ। ਉਹਨਾਂ ਨੂੰ ਬਗ਼ੈਰ ਸੁਣੇ, ਬਗ਼ੈਰ ਕਿਸੇ ਨੂੰ

ਮੁਖ਼ਾਤਬ ਹੋਏ, ਉਹ ਉੱਚੀ ਆਵਾਜ਼ ਵਿਚ ਆਪਣੀਆਂ ਸੁਣਾ ਕੇ ਬਾਹਰ ਆ ਜਾਂਦਾ ਹੈ। ਬੇਸ਼ੱਕ ਉਹਦੀਆਂ ਗੱਲਾਂ ਕਿੰਨੀਆਂ ਮੁੱਲਵਾਨ ਵੀ ਹੋਣ, ਪਰ ਦੂਜਿਆਂ ਦੀ ਸ਼ਮੂਲੀਅਤ ਬਿਨਾਂ, ਬਗ਼ੈਰ ਉਹਨਾਂ ਨਾਲ ਸੰਵਾਦ ਰਚਾਏ, ਉਸਦਾ ਪ੍ਰਭਾਵ ਸੀਮਤ ਹੋਵੇਗਾ। ਸਚਾਈ ਇਹ ਹੈ, ਬਿਲਿੰਗ ਜੀ, ਕਿ ਇਕ ਵਿਦਵਤਾ ਭਰਪੂਰ ਪੁਸਤਕ ਸਮਕਾਲੀਆਂ ਨਾਲ ਸੰਵਾਦ ਰਚਾਉਣ ਵਾਸਤੇ ਹੀ ਲਿਖੀ ਜਾਂਦੀ ਹੈ। ਇਹ ਆਮ ਜਨ ਸਾਧਾਰਨ ਵਿਚ ਚਰਚਤ ਹੋਈ ਕਿਤਾਬ ਵਰਗੀ ਨਹੀਂ ਹੁੰਦੀ।

--ਤੁਸੀਂ ਆਪਣੀ ਏਸ ਪੁਸਤਕ ਨੂੰ ਦੂਜਿਆਂ ਨਾਲੋਂ ਕਿਵੇਂ ਭਿੰਨ ਸਮਝਦੇ ਹੋ?

ਮੇਰੀ ਇਹ ਕਿਤਾਬ ਕਈ ਵਿਦਵਾਨਾਂ ਨਾਲ ਸਹਿਮਤੀ ਪ੍ਰਗਟ ਕਰਦੀ ਹੈ। ਕਈਆਂ ਨਾਲੋਂ ਕਈ ਢੰਗਾਂ ਨਾਲ ਵੱਖਰੀ ਵੀ ਹੈ। ਮੈਂ ਸਾਰਿਆਂ ਨਾਲ ਸਹਿਮਤ ਨਹੀਂ। ਮੈਂ ਆਪਣੀ ਵੱਖਰੀ ਸਮਝ ਅਨੁਸਾਰ ਕਈਆਂ ਨਾਲੋਂ ਅਲਹਿਦਾ ਵਿਚਾਰ ਵੀ ਪੇਸ਼ ਕੀਤੇ ਹਨ।

--ਯਾਦ ਅਤੇ ਇਤਿਹਾਸ ਵਿਚ ਕੀ ਅੰਤਰ ਹੈ?

ਯਾਦ ਅਤੇ ਇਤਿਹਾਸ ਦਾ ਗੂੜ੍ਹਾ ਰਿਸ਼ਤਾ ਹੈ। ਦੋਵੇਂ ਬੀਤੇ ਸਮੇਂ ਦੇ ਬਿਰਤਾਂਤ ਨਾਲ ਸੰਬੰਧ ਰੱਖਦੇ ਹਨ। ਯਾਦਾਂ ਨਿੱਜੀ ਹੁੰਦੀਆਂ ਹਨ ਪਰ ਸਮੂਹਕ ਜਾਂ ਸਮਾਜਕ ਵੀ ਹੋ ਸਕਦੀਆਂ ਹਨ। ਇਤਿਹਾਸ ਜ਼ਿਆਦਾ ਗੁੰਝਲਦਾਰ ਹੁੰਦਾ ਹੈ। ਮੇਰੇ ਮਨ ਵਿਚ ਮੇਰੇ ਪਿਤਾ ਦੀਆਂ ਕਿੰਨੀਆਂ ਹੀ ਯਾਦਾਂ ਹਨ। ਪਰ ਉਸਦੀ ਜੀਵਨੀ ਲਿਖਣ ਲਈ ਇਹਨਾਂ ਨੂੰ ਹੋਰ ਚੀਜ਼ਾਂ ਅਤੇ ਗੱਲਾਂ ਨਾਲ ਜੋੜ ਕੇ ਬਿਰਤਾਂਤ ਸਿਰਜਿਆ ਜਾਵੇਗਾ। ਜੇ ਉੱਨੀਵੀਂ ਸਦੀ ਜਾਂ ਮੇਰੇ ਪਿਤਾ ਦੇ ਸਮੇਂ ਦੇ ਨਿਊਯਾਰਕ ਦਾ ਇਤਿਹਾਸ ਲਿਖਣਾ ਹੋਵੇ ਤਾਂ ਹੋਰ ਚੀਜ਼ਾਂ ਤੇ ਨਾਵਾਂ ਥਾਵਾਂ ਦੀ ਜ਼ਰੂਰਤ ਪਵੇਗੀ। ਸੋ ਇਤਿਹਾਸ ਦੀ ਇਮਾਰਤ ਉਸਾਰੀ ਵਿਚ ਯਾਦਾਂ ਇੱਟਾਂ ਦਾ ਕੰਮ ਕਰਦੀਆਂ ਹਨ।

--ਤੁਸੀਂ ਕੁਝ ਸ਼ਬਦ-ਜੁੱਟਾਂ ਜਿਵੇਂ 'ਵਰਤਮਾਨ'ਚ ਬਦਲਿਆ ਭੂਤਕਾਲ' ਜਾਂ 'ਬੀਤੇ ਸਮੇਂ ਨੂੰ ਮੁੜ ਜਿਊਣਾ' ਆਦਿ ਦੀ ਵਾਰ-ਵਾਰ ਵਰਤੋਂ ਕੀਤੀ ਹੈ। ਜ਼ਰਾ ਵਿਆਖਿਆ ਕਰੋਗੇ?

ਜਿਵੇਂ ਅਸੀਂ ਪਹਿਲਾਂ ਵਿਚਾਰ ਕੀਤਾ ਹੈ, ਭੂਤਕਾਲ ਤਾਂ ਲੰਘ ਚੁੱਕਾ ਵਕਤ ਹੈ ਜੋ ਵਾਪਸ ਨਹੀਂ ਆ ਸਕਦਾ। ਪਰ ਉਸਦਾ ਚੀਜ਼ਾਂ, ਸਥਾਨਾਂ, ਯਾਦਗਾਰਾਂ ਦੇ ਸਹਾਰੇ ਕਿਸੇ ਹੱਦ ਤਕ ਅਹਿਸਾਸ ਕਰਾਇਆ ਜਾ ਸਕਦਾ ਹੈ।

--ਇਤਿਹਾਸਕਾਰ ਮੈਕਲਿਓਡ ਅਨੁਸਾਰ ਸਿੰਘ ਸਭਾ ਦੀ ਸਥਾਪਨਾ ਤੋਂ ਪਹਿਲਾਂ ਪੰਜ ਕੱਕਿਆਂ ਨੂੰ ਰਹਿਤ ਵਿਚ ਸ਼ੁਮਾਰ ਕਰਨ ਦਾ ਕੋਈ ਜ਼ਿਕਰ ਨਹੀਂ। ਤੁਹਾਡਾ ਕੀ ਵਿਚਾਰ ਹੈ?

ਆਮ ਤੌਰ 'ਤੇ ਵਿਦਵਾਨਾਂ ਵੱਲੋਂ ਇਹ ਤਸਲੀਮ ਕੀਤਾ ਗਿਆ ਹੈ ਕਿ ਪੰਜ ਕੱਕਿਆਂ ਦੀ ਸਮੂਹਕ ਪਰਿਭਾਸ਼ਾ ਅਸਲ ਵਿਚ ਉੱਨੀਵੀਂ ਸਦੀ ਦੇ ਅਖੀਰਲੇ ਅੱਧ ਵਿਚ ਦਿੱਤੀ ਗਈ। ਇਸ ਬਾਰੇ ਇਕੱਲੇ ਮੈਕਲਿਓਡ ਨੇ ਹੀ ਨਹੀਂ, ਡਾ.ਪਿਸ਼ੌਰਾ ਸਿੰਘ ਸਮੇਤ ਕਈ ਹੋਰਾਂ ਨੇ ਵੀ ਜ਼ਿਕਰ ਕੀਤਾ ਹੈ। ਦੇਖੋ, ਕੇਸਾਂ ਅਤੇ ਪੰਜ ਸ਼ਸਤਰਾਂ ਦੀ ਗਵਾਹੀ ਤਾਂ ਇਤਿਹਾਸ ਪਹਿਲਾਂ ਵੀ ਭਰਦਾ ਹੈ। ਪਰ ਮੇਰੀ ਪੁਸਤਕ ਵਿਚ ਤਾਂ ਪੰਜ ਕੱਕਿਆਂ ਦੀ ਪਰੰਪਰਕ, ਸਭਿਆਚਾਰਕ ਮਹਾਨਤਾ ਦਰਸਾਈ ਗਈ ਹੈ।

--ਕੀ ਤੁਹਾਡੇ ਵਿਚਾਰ ਮੁਤਾਬਕ ਉਨੀਵੀਂ ਸਦੀ ਤੋਂ ਬਾਅਦ ਸਿੱਖ ਕੌਮ ਕੁਝ ਜ਼ਿਆਦਾ ਹੀ 'ਮੂਲਵਾਦੀ' ਹੋ ਗਈ?

ਅਸਲ ਵਿਚ ਅਵਤਾਰ, ਇਹ 'ਮੂਲਵਾਦ' ਇਕ ਅਤਿ ਆਧੁਨਿਕ ਧਾਰਨਾ ਹੈ। ਇੰਝ ਜਦੋਂ ਅੱਜ ਆਧੁਨਿਕਤਾ ਤੇ ਧਰਮ-ਨਿਰਪੇਖਤਾ ਨਾਲ ਏਸਨੂੰ ਮੇਲ ਕੇ ਦੇਖਿਆ ਜਾਂਦਾ ਹੈ ਤਾਂ

ਉੱਨੀਵੀ ਸਦੀ ਤੋਂ ਮਗਰੋਂ ਸਾਰੇ ਧਰਮ ਹੀ 'ਜ਼ਿਆਦਾ ਮੂਲਵਾਦੀ' ਹੋ ਗਏ ਹਨ। ਪਰ ਸਿੱਖ ਪੰਰਪਰਾ ਵਿਚ ਏਨੀ ਵੱਧ ਭਿੰਨਤਾ ਅਤੇ ਤਬਦੀਲੀ ਨੂੰ ਸਵੀਕਾਰਨ ਦੀ ਸ਼ਕਤੀ ਹੈ ਕਿ ਇਸ ਦੀ ਸਮੁੱਚਤਾ ਬਾਰੇ ਇੰਝ ਆਸਾਨੀ ਨਾਲ ਇਹ ਗੱਲ ਸਾਬਤ ਕਰਨੀ ਅਸੰਭਵ ਹੈ।

--ਤੁਸੀਂ ਸੈਨਾਪਤਿ ਦੇ 'ਗੁਰ ਸੋਭਾ ਗਰੰਥ' ਅਤੇ ਕੋਇਰ ਸਿੰਘ ਦੇ 'ਗੁਰ ਬਿਲਾਸ ਪਾਤਸ਼ਾਹੀ ਦਸ' ਦਾ ਕਿਵੇਂ ਮੁੱਲਾਂਕਣ ਕਰਦੇ ਹੋ?

'ਗੁਰ ਸੋਭਾ' ਗੁਰੂ ਸਾਹਿਬ ਦੇ ਇਸ ਸੰਸਾਰ ਵਿਚ ਬਿਤਾਏ ਜੀਵਨ ਬਾਰੇ ਇਤਿਹਾਸਕ ਵਰਨਣ ਹੈ। ਪਰ ਜਿਵੇਂ ਮੈਕਲਿਓਡ ਦਾ ਕਥਨ ਹੈ, ਇਸ ਵਿਚ ਸਾਨੂੰ ਪ੍ਰਾਪਤ ਸਿੱਖ ਰਹਿਤ ਦੇ ਕੁਝ ਮੁੱਢਲੇ ਤੱਤ ਵੀ ਮੌਜੂਦ ਮਿਲਦੇ ਹਨ। ਇਸ ਤੋਂ ਪਹਿਲੀ ਵਾਰ ਪਤਾ ਚੱਲਦਾ ਹੈ ਕਿ ਗੁਰੂ ਸਾਹਿਬ ਆਪਣੇ ਖਾਲਸੇ ਪਾਸੋਂ ਕਿਸ ਰਹਿਤ ਦੀ ਤਵੱਕੋ ਰੱਖਦੇ ਸਨ। ਇੰਝ ਸੈਨਾਪਤਿ ਦਾ ਇਹ ਗਰੰਥ ਗੁਰੂ ਜੀ ਦੇ ਜੀਵਨ ਤੇ ਸਿੱਖ ਪੰਥ ਦੀ ਸਿੱਖੀ ਦੀ ਗੱਲ ਕਈ ਤਰੀਕਿਆਂ ਨਾਲ ਕਰਦਾ ਹੈ। ਜਦੋਂਕਿ ਕੋਇਰ ਸਿੰਘ ਵੱਲੋਂ 'ਗੁਰ ਬਿਲਾਸ' ਵਿਚ ਮੁਗਲ ਸਾਮਰਾਜ ਤੇ ਹਿੰਦੂ ਰਿਆਸਤਾਂ ਦੇ ਮੁਕਾਬਲੇ 'ਸਟੇਟ ਓਰੀਐਂਟਿਡ ਆਰਟੀਕੁਲੇਸ਼ਨਜ਼' ਅਰਥਾਤ ਅਪਣੇ ਰਾਜ ਦੀ ਸਥਾਪਨਾ ਬਾਰੇ ਵਿਚਾਰ ਵੀ ਪੇਸ਼ ਕੀਤੇ ਗਏ ਹਨ।

--ਕੇਸਰ ਸਿੰਘ ਛਿੱਬਰ ਦੇ ਬੰਸਾਵਲੀਨਾਮਾ ਦੇ ਮੁਕਾਬਲੇ ਕੋਇਰ ਸਿੰਘ ਦੇ ਗੁਰ ਬਿਲਾਸ ਦੀ ਕੀ ਮਹੱਤਤਾ ਹੈ?

ਅਠਾਰਵੀਂ ਸਦੀ ਅਤੇ ਉੱਨੀਵੀਂ ਦੇ ਮੁੱਢ ਵਿਚਲੇ ਇਹਨਾਂ ਗਰੰਥਾਂ ਦੀ ਸਿੱਖੀ ਨੂੰ ਇਤਿਹਾਸਕ ਆਕਾਰ ਦੇਣ ਵਿਚ ਬੜੀ ਮਹਾਨਤਾ ਹੈ। ਗੁਰਬਿਲਾਸ ਵਿਚ ਮੇਰੀ ਖ਼ਾਸ ਦਿਲਚਸਪੀ ਇਸ ਲਈ ਵੀ ਹੈ ਕਿਉਂਕਿ ਇਹ ਜ਼ਾਤ ਪਾਤ ਦੇ ਵਿਰੋਧ ਵਿਚ ਸਿੱਖ ਧਰਮ ਵਲੋਂ ਵਿਕਸਤ ਇਕ ਸ਼ਕਤੀਸ਼ਾਲੀ 'ਵਿਯਨ' ਅਰਥਾਤ ਦੂਰ-ਦ੍ਰਿਸ਼ਟੀ ਦੀ ਵਿਆਖਿਆ ਕਰਦਾ ਹੈ।

--ਹੁਕਮਨਾਮਿਆਂ ਨੇ ਸਿੱਖ ਇਤਿਹਾਸ ਨੂੰ ਸਾਕਾਰ ਕਰਨ ਵਿਚ ਕਿਵੇਂ ਬਹੁਪੱਖੀ ਰੋਲ ਨਿਭਾਇਆ ਹੈ?

ਹੁਕਮਨਾਮਿਆਂ ਨੂੰ ਸਦੀਆਂ ਤੋਂ ਸਿੱਖ ਕੌਮ ਦੁਆਰਾ ਸੰਭਾਲਿਆ ਤੇ ਸਤਿਕਾਰਿਆ ਜਾ ਰਿਹਾ ਹੈ। ਇਹ ਗੁਰੂ ਸਾਹਿਬਾਨ ਅਤੇ ਸਿੱਖਾਂ ਦਰਮਿਆਨ ਕਾਇਮ ਰਹੇ ਠੋਸ ਜਾਂ ਸ਼ਾਖਸਾਤ ਰਿਸ਼ਤੇ ਨੂੰ ਦਰਸਾਉਂਦੇ ਹਨ। ਮਹੱਤਵਪੂਰਨ ਦਸਤਾਵੇਜ਼ਾਂ ਅਤੇ ਉਹਨਾਂ ਨੂੰ ਪ੍ਰਾਪਤ ਕਰਨ ਵਾਲੇ ਪਾਤਰਾਂ ਨਾਲ ਅਪਣੱਤ ਅਤੇ ਵਡੇਰੀ ਸਭਿਆਚਾਰਕ ਸਿਧਾਂਤਕ ਨੈਤਿਕਤਾ ਪ੍ਰਗਟਾਉਣ ਕਾਰਨ ਵੀ ਇਹਨਾਂ ਦੀ ਬੜੀ ਮਹਾਨਤਾ ਹੈ।

--"ਭਾਈ ਸੰਤੋਖ ਸਿੰਘ ਦੁਆਰਾ ਰਚਿਤ 'ਸੂਰਜ ਪ੍ਰਕਾਸ਼' ਅਤੇ ਰਤਨ ਸਿੰਘ ਭੰਗੂ ਦਾ 'ਪ੍ਰਾਚੀਨ ਪੰਥ ਪ੍ਰਕਾਸ਼' ਸਿੱਖ ਸਭਿਆਚਾਰ ਦੇ ਦੋ ਵਿਰੋਧੀ ਧਰੁਵਾਂ ਦੀ ਨਿਸ਼ਾਨਦੇਹੀ ਕਰਦੇ ਹਨ"। ਤੁਹਾਡੀ ਕੀ ਰਾਇ ਹੈ?

ਇਹ ਦੂਜੇ ਇਤਿਹਾਸਕਾਰਾਂ ਦੇ ਵਿਚਾਰ ਹਨ। ਮੇਰੀ ਨਿੱਜੀ ਰਾਇ ਮੁਤਾਬਕ ਸਿੱਖ ਇਤਿਹਾਸਕਾਰੀ ਵਿਚ ਇਹ ਦੋਵੇਂ ਗਰੰਥ ਆਪਸੀ ਨੇੜਤਾ ਰੱਖਦੇ,ਇਕ ਦੂਜੇ ਦੇ ਪੂਰਕ ਹਨ। ਬੇਸ਼ੱਕ ਇਹਨਾਂ ਦਾ ਵਿਸ਼ਾ ਵਸਤੂ ਅਤੇ ਲਿਖਣ ਢੰਗ ਜ਼ਰੂਰ ਵੱਖੋ ਵੱਖਰੇ ਹਨ। ਭੰਗੂ ਦੀ ਲਿਖਤ ਦਾ ਸੰਬੰਧ ਗੁਰੂ ਸਾਹਿਬਾਨ ਤੋਂ ਮਗਰੋਂ ਅਠਾਰਵੀਂ ਸਦੀ ਵਿਚ ਉੱਠੇ ਸਿੱਖ ਮੁਖੀਆਂ ਵੱਲੋਂ ਰਾਜਸੀ ਸ਼ਕਤੀ ਸਥਾਪਤ ਕਰਨ ਨਾਲ ਹੈ, ਜਦੋਂ ਕਿ 'ਸੂਰਜ ਪ੍ਰਕਾਸ਼' ਗੁਰੂ ਸਾਹਿਬਾਨ ਅਤੇ ਉਹਨਾਂ ਦੀ ਸਮਕਾਲੀ ਸਿੱਖ ਸੰਗਤ ਦੀ ਪ੍ਰਤੀਨਿਧਤਾ ਕਰਦਾ ਹੈ।

--ਫੇਰ ਇਤਿਹਾਸਕਾਰ ਫੀਨਿਖ ਨੇ ਰਤਨ ਸਿੰਘ ਭੰਗੂ ਦੇ 'ਪ੍ਰਾਚੀਨ ਪੰਥ ਪ੍ਰਕਾਸ਼' ਨੂੰ ਗੁਰ ਬਿਲਾਸ ਲੜੀ ਦਾ ਸਭ ਤੋਂ ਮਹਾਨ ਗਰੰਥ ਕਿਉਂ ਆਖਿਆ?

ਬਿਲਿੰਗ ਜੀ, ਇਹ ਗਰੰਥ ਖਾਲਸੇ ਦੀ ਰਾਜਸੀ ਸੂਝ ਬੂਝ ਤੇ ਪ੍ਰਭੂਸੱਤਾ ਪ੍ਰਾਪਤ ਕਰਨ ਕਰ ਹੀ ਫੀਨਿਖ ਨੂੰ ਏਨਾ ਮਹੱਤਵਪੂਰਨ ਜਾਪਿਆ। ਪਰ ਮੇਰੇ ਵਿਚਾਰ ਅਨੁਸਾਰ ਸਾਨੂੰ ਇਸ ਨਾਲੋਂ ਨਾਲ ਦੂਜੀਆਂ ਸਮਕਾਲੀ ਲਿਖਤਾਂ ਨੂੰ ਵੀ ਬਰਾਬਰ ਦੀ ਮਹਾਨਤਾ ਦੇਣੀ ਚਾਹੀਦੀ ਹੈ

--ਪ੍ਰੋਫੈਸਰ ਮਰਫ਼ੀ, ਤੁਹਾਡੇ ਖਿਆਲ ਮੁਤਾਬਿਕ 'ਗੁਰਦੁਆਰਾ ਸੁਧਾਰ ਲਹਿਰ' ਵਿ ਅਜਿਹੀ ਕਿਹੜੀ ਵਿਸ਼ੇਸ਼ਤਾ ਸੀ ਜਿਸਨੇ ਕੌਮੀ ਭਾਰਤੀ ਲੀਡਰਾਂ ਦਾ ਏਧਰ ਧਿਆ ਖਿੱਚਿਆ?

ਅਹਿੰਸਾ। ਇਹ ਲਹਿਰ ਅੱਜੋਕੇ ਦੱਖਣੀ ਏਸ਼ੀਆ, ਪੰਜਾਬ ਅਤੇ ਸਿੱਖ ਇਤਿਹਾਸ ਵਿ ਇਸਦੀ ਅਹਿੰਸਾ ਨੂੰ ਪਰਨਾਈ ਪਹੁੰਚ ਕਰਕੇ ਹੀ ਵੱਡਾ ਮਹੱਤਵ ਰੱਖਦੀ ਹੈ। ਬਿਨਾਂ ਸ਼ ਅਸੀਂ ਏਸ ਅੰਦੋਲਨ ਨੂੰ ਬਸਤੀਵਾਦੀ ਰਾਜ ਪਾਸੋਂ ਕੁਝ ਰਿਆਇਤਾਂ ਖੋਹਣ ਵਾਲਾ ਪਹਿ ਅਹਿੰਸਾਤਮਕ ਲੋਕ ਅੰਦੋਲਨ ਆਖ ਸਕਦੇ ਹਾਂ। ਇਸ ਲਹਿਰ ਦੀ ਅਜਿਹੀ ਉਘੜਵੇਂ ਵਿਸ਼ੇਸ਼ਤਾ ਦਾ ਭਾਰਤ ਦੀਆਂ ਆਮ ਇਤਿਹਾਸਕ ਪੁਸਤਕਾਂ ਵਿਚ ਢੁਕਵਾਂ ਜ਼ਿਕਰ ਨਹੀਂ ਕੀਤਾ ਗਿਆ।

--ਬਾਅਦ ਦੀਆਂ ਅਕਾਲੀ ਲਹਿਰਾਂ ਜਿਵੇਂ ਪੰਜਾਬੀ ਸੂਬਾ ਮੋਰਚਾ ਅਤੇ ਵ ਅਧਿਕਾਰਾਂ ਲਈ ਲੜੇ ਅੱਸੀਵਿਆਂ ਦੇ ਅਸਫਲ ਮੋਰਚੇ, ਗੁਰਦੁਆਰਾ ਲਹਿਰ ਵਾਂ ਭਾਰਤੀ ਲੀਡਰਾਂ ਤੇ ਹਿੰਦੂ ਬਰਾਦਰੀ ਦੀ ਹਮਦਰਦੀ ਕਿਉਂ ਨਹੀਂ ਜਿੱਤ ਸਕੇ?

ਅਵਤਾਰ ਸਿੰਘ ਜੀ, ਇਹ ਸਵਾਲ ਬਹੁਤ ਅਹਿਮ ਹੈ। ਤੇ ਮੇਰੀ ਅਗਲੀ ਕਿਤਾਬ ਵਾਸ ਇਸੇ ਦੇ ਬਾਰੇ ਮੈਂ ਅੱਜ ਕੱਲ ਬਹੁਤ ਸੋਚਦੀ ਹਾਂ। ਪਰ ਮੇਰੀ ਮੌਜੂਦਾ ਕਿਤਾਬ ਨਾਲ ਇਸ ਦ ਕੋਈ ਸੰਬੰਧ ਨਹੀਂ। ਸੋ ਏਸ ਸਾਰੇ ਕੁਝ ਦਾ ਭਰਵਾਂ ਜ਼ਿਕਰ ਮੈਂ ਪੰਜਾਬੀ ਭਾਸ਼ਾ ਲਈ ਚੱ ਪੰਜਾਬੀ ਸੂਬਾ ਮੋਰਚਾ ਨਾਲ ਸੰਬੰਧਤ ਆਪਣੀ ਆਉਣ ਵਾਲੀ ਪੁਸਤਕ ਵਿਚ ਕਰਾਂਗੀ। ਕੁ ਸਮਾਂ ਉਡੀਕ ਕਰੋ। ਹੁਣ ਤਾਂ ਏਹੀ ਕਾਰਜ ਕਰ ਰਹੀ ਹਾਂ।

--ਕੀ ਸਿੱਖ ਇਤਿਹਾਸ ਨਾਲ ਸੰਬੰਧਤ ਠੋਸ, ਸ਼ਾਖਸਾਤ ਮੈਟੀਰੀਅਲ ਨੂੰ ਹਿੰਦੂ ਮੂਰਤ ਪੂਜਾ ਨਾਲ ਮੇਲ ਕੇ ਦੇਖਿਆ ਜਾ ਸਕਦਾ ਹੈ?

ਬਹੁਤ ਸਾਰੀਆਂ ਸਥੂਲ ਯਾਦਗਾਰੀ ਵਸਤੂਆਂ ਅਜਿਹੀਆਂ ਹੁੰਦੀਆਂ ਹਨ ਜੋ ਕਿ ਵਿਅਕਤੀ ਵਾਸਤੇ ਵਿਸ਼ੇਸ਼ ਮਹਾਨਤਾ ਰੱਖਦੀਆਂ ਹਨ ਪਰ ਇਹਨਾਂ ਸਾਰੀਆਂ ਨੂੰ ਹਿੰ ਮੂਰਤੀ ਪੂਜਾ ਵਾਂਗ ਦੈਵੀ ਨਹੀਂ ਮੰਨਿਆਂ ਜਾ ਸਕਦਾ। ਪੁਸਤਕ ਦੇ ਆਰੰਭ ਵਿਚ ਮੈਂ ਆਪ ਪਿਤਾ ਦੀ ਲਾਇਬਰੇਰੀ ਵਿਚੋਂ ਮੈਨੂੰ ਵਿਰਾਸਤ ਵਿਚ ਮਿਲੀਆਂ ਪੁਸਤਕਾਂ ਦਾ ਜ਼ਿਕਰ ਕੀਤ ਸੀ ਜਿਹੜੀਆਂ ਮੈਂ ਅੱਜ ਵੀ ਪਵਿੱਤਰ ਖ਼ਜ਼ਾਨੇ ਵਾਂਗ ਸੰਭਾਲ ਕੇ ਰੱਖੀਆਂ ਹਨ, ਜਿਹਨਾਂ ਦ ਮੈਂ ਸਤਿਕਾਰ ਵੀ ਕਰਦੀ ਹਾਂ ਕਿਉਂਕਿ ਉਹ ਮੇਰੇ ਪਿਤਾ ਨਾਲ ਮੇਰੇ ਰਿਸ਼ਤੇ ਦੀਆਂ ਸੂਚ ਹਨ। ਮੈਂ ਇਹ ਨਹੀਂ ਸਮਝਦੀ ਕਿ ਮੇਰਾ ਪਿਤਾ ਹੁਣ ਵੀ ਇਹਨਾਂ ਪੁਸਤਕਾਂ ਵਿਚ ਮੌਜੂਦ ਹੈ ਨਾ ਹੀ ਇਹ ਵਿਸ਼ਵਾਸ ਕਰਦੀ ਹਾਂ ਕਿ ਇਹ ਪੁਸਤਕਾਂ ਮੇਰੇ ਗੁਜ਼ਰ ਚੁੱਕੇ ਪਿਤਾ ਨੂੰ ਵਾਪ ਮੋੜ ਲਿਆਉਣਗੀਆਂ। ਪਰ ਪਿਤਾ ਲਈ ਮੇਰਾ ਆਦਰ-ਸਤਿਕਾਰ ਅੱਜ ਵੀ ਬਰਕਰਾ ਹੈ। ਮੈਂ ਮੰਨਦੀ ਹਾਂ ਕਿ ਸਿੱਖ ਇਤਿਹਾਸ ਨਾਲ ਸੰਬੰਧਤ ਇਸ ਯਾਦਗਾਰੀ ਮੈਟੀਰੀਅਲ ਨਾ ਵੀ ਸਿੱਖ ਕੌਮ ਦੀ ਇਸੇ ਤਰ੍ਹਾਂ ਦੀ ਪਵਿੱਤਰਤਾ ਜੁੜੀ ਹੋਈ ਹੈ।

--ਆਪਣੀ ਏਸ ਮਨੌਤ ਦੀ ਜ਼ਰਾ ਹੋਰ ਵਿਆਖਿਆ ਕਰੋਗੇ?

ਅਸੀਂ ਫੇਰ ਹੋਰ ਮਿਸਾਲ ਲੈਂਦੇ ਹਾਂ। ਯਹੂਦੀ ਪਰੰਪਰਾ ਵੀ ਪਰਮਾਤਮਾ ਨੂੰ ਕਿਸੇ ਆਕਾ ਵਿਚ ਦਰਸਾਉਣ ਤੋਂ ਪੂਰੀ ਤਰ੍ਹਾਂ ਪਰੇ ਹੈ। ਪਰ ਉਹਨਾਂ ਕੋਲ ਵੀ ਜੁਡਾਇਜ਼ਮ ਨੂੰ ਕੋਈ ਸ਼ਕ ਪ੍ਰਦਾਨ ਕਰਨ ਬਾਰੇ ਸਥੂਲ ਮੈਟੀਰੀਅਲ ਮੌਜੂਦ ਹੈ ਜਿਸਤੋਂ ਸਾਨੂੰ ਯਹੂਦੀ ਮੱਤ ਦੇ ਰੀਤ ਰਿਵਾਜਾਂ ਤੇ ਸਿਧਾਂਤਾਂ ਬਾਰੇ ਜਾਣਕਾਰੀ ਮਿਲਦੀ ਹੈ। ਕੋਈ ਧਰਮ ਕਿਵੇਂ ਜੀਵਿਆ ਜਾਂਦਾ ਹੈ

ਇਸਦਾ ਗਿਆਨ ਉਸ ਮੱਤ ਦੇ ਠੋਸ ਮੈਟੀਰੀਅਲ ਕਲਚਰ ਤੋਂ ਹੀ ਮਿਲ ਸਕਦਾ ਹੈ। ਸਿੱਖੀ ਨਾਲ ਸੰਬੰਧਤ ਵੀ ਬਹੁਤ ਸਾਰੀਆਂ ਸਥੂਲ ਯਾਦਗਾਰੀ ਵਸਤਾਂ ਹਨ ਜਿਹਨਾਂ ਦੀ ਮਦਦ ਨਾਲ ਗੁਰੂ ਸਾਹਿਬਾਨ ਦੀ ਯਾਦ ਦਾ ਇਤਿਹਾਸਕ ਬਿਰਤਾਂਤ ਸਿਰਜਿਆ ਜਾ ਸਕਦਾ ਹੈ। ਇਸ ਪੁਸਤਕ ਵਿਚ ਮੇਰਾ ਮਕਸਦ ਉਸ ਯਾਦਗਾਰੀ ਮੈਟੀਰੀਅਲ ਤੇ ਸਿੱਖ ਮੱਤ ਨੂੰ ਦਰਸਾਉਂਦੀਆਂ ਲਿਖਤਾਂ ਉਪਰ ਚਾਨਣਾ ਪਾਉਣਾ ਹੈ ਤਾਂਕਿ ਸਿੱਖ ਯਾਦਗਾਰੀ ਮੈਟੀਰੀਅਲ ਤਕਨੀਕਾਂ ਨੂੰ ਇਕ ਵਿਰਾਟ ਮੈਟੀਰੀਅਲ ਸਭਿਆਚਾਰ ਦੇ ਪੱਖ ਤੋਂ ਵਾਚਿਆ ਜਾ ਸਕੇ। ਇਸ ਦਾ ਮਤਲਬ ਸਿੱਖ ਧਾਰਮਿਕ ਪਰੰਪਰਾ ਦੇ 'ਨਿਰਗੁਣ' ਤੇ 'ਨਿਰਾਕਾਰ' ਪੱਖਾਂ ਤੋਂ ਮੁਨਕਰ ਹੋਣਾ ਵੀ ਹਰਗਿਜ਼ ਨਹੀਂ।

--ਪ੍ਰੋਫੈਸਰ ਮਰਫ਼ੀ ਜੀ, ਆਪਣੇ ਜੀਵਨ ਜਾਂ ਆਪਣੀ ਆਉਣ ਵਾਲੀ ਪੁਸਤਕ ਬਾਰੇ ਜੇ ਕੋਈ ਅਗੇਤੀ ਜਾਣਕਾਰੀ ਇਸ ਮੁਲਾਕਾਤ ਰਾਹੀਂ ਪਾਠਕਾਂ ਨਾਲ ਸਾਂਝੀ ਕਰਨੀ ਚਾਹੁੰਦੇ ਹੋਵੋ?

ਮੇਰੀ ਆਉਣ ਵਾਲੀ ਪੁਸਤਕ ਭਾਰਤ, ਪਾਕਿਸਤਾਨ ਅਤੇ ਦੇਸ ਬਦੇਸ ਵਿਚ ਰਚੇ ਜਾਂਦੇ ਪੰਜਾਬੀ ਸਾਹਿਤ ਅਤੇ ਪੰਜਾਬੀ ਭਾਸ਼ਾ ਲਹਿਰ ਉਪਰ ਧਿਆਨ ਕੇਂਦਰਤ ਕਰਦੀ ਹੈ। ਮੇਰਾ ਦ੍ਰਿੜ ਵਿਸ਼ਵਾਸ ਹੈ ਕਿ ਏਸ ਵਕਤ ਪੰਜਾਬੀ ਉੱਤੇ ਜ਼ੋਰ ਦੇਣਾ ਬੜਾ ਜ਼ਰੂਰੀ ਹੈ ਕਿਉਂਕਿ ਪੰਜਾਬ ਤੇ ਦੱਖਣੀ ਏਸ਼ੀਆ ਤੋਂ ਬਾਹਰ ਵੱਸਦੇ-ਵਿਚਰਦੇ ਪੰਜਾਬੀਆਂ ਲਈ ਏਸ ਭਾਸ਼ਾ ਨੂੰ ਬਰਕਰਾਰ ਰੱਖਣਾ ਅੱਜ ਲਾਜ਼ਮੀ ਹੋ ਗਿਆ ਹੈ। ਭਾਰਤ ਤੇ ਪਾਕਿਸਤਾਨ ਵਿਚ ਵੀ ਜਿੱਥੇ ਪੰਜਾਬੀ ਦਾ ਸਿੱਧਾ ਮੁਕਾਬਲਾ ਹਿੰਦੀ, ਉਰਦੂ ਅਤੇ ਅੰਗਰੇਜ਼ੀ ਨਾਲ ਹੈ, ਅਜਿਹੀ ਚਿੰਤਾ ਤੇ ਚਿੰਤਨ ਕਰਨ ਦੀ ਜ਼ਰੂਰਤ ਹੈ। ਇੰਜ਼ ਪੰਜਾਬੀ ਸਾਹਿਤ ਤੇ ਭਾਸ਼ਾ ਉਪਰ ਜ਼ੋਰ ਦੇਣ ਨਾਲ ਅਸੀਂ ਪੰਜਾਬ ਵਿੱਚੋਂ ਪ੍ਰਾਪਤ ਭਾਸ਼ਾਈ ਸਮੱਗਰੀ ਦਾ ਵਿਸ਼ਵ ਸਾਹਿਤ ਤੇ ਭਾਸ਼ਾਵਾਂ ਨਾਲ ਸੰਵਾਦ ਰਚਾਉਣ ਦੇ ਸਮਰੱਥ ਹੋ ਜਾਵਾਂਗੇ ਅਤੇ ਉਸ ਸਮੱਗਰੀ ਨੂੰ ਸੰਸਾਰ ਭਰ ਦੇ ਸਕੂਲਾਂ ਕਾਲਿਜਾਂ ਵਿਚ ਸਿਲੇਬਸ ਵਜੋਂ ਸ਼ਾਮਲ ਕਰ ਸਕਾਂਗੇ। ਧਰਮਾਂ-ਮਜ਼ਹਬਾਂ ਦੀਆਂ ਸਰਹੱਦਾਂ ਟੱਪ ਕੇ ਪੰਜਾਬ ਵਿਚ ਨੈਤਿਕ ਵਿਚਾਰ-ਵਟਾਂਦਰਾ ਕਰਨ ਵਿਚ ਵੀ ਮੇਰੀ ਡੂੰਘੀ ਦਿਲਚਸਪੀ ਹੈ ਤੇ ਮੇਰੀ ਇਹ ਰੁਚੀ ਭਵਿੱਖ ਵਿਚ ਵੀ ਬਣੀ ਰਹੇਗੀ।

--ਤੁਸੀਂ ਪੰਜਾਬੀ ਨਾਵਲ ਤੇ ਕਹਾਣੀ ਲਈ ਆਰੰਭ ਹੋਏ ਢਾਹਾਂ ਸਾਹਿਤ ਇਨਾਮ ਦੀ ਸਥਾਪਤੀ ਨਾਲ ਬਹੁਤ ਨੇੜਿਉਂ ਜੁੜੇ ਹੋਏ ਹੋ। ਪੰਜਾਬੀ ਭਾਸ਼ਾ ਦੇ ਸਾਹਿਤ ਦੇ ਮਾਣ-ਸਤਿਕਾਰ ਵਿਚ ਅਜਿਹਾ ਅੰਤਰ ਰਾਸ਼ਟਰੀ ਉਦਮ ਕਰਨ ਦਾ ਵਿਚਾਰ ਅਸਲ ਵਿਚ ਕਿਸ ਦੇ ਮਨ ਦੀ ਕਾਢ ਹੈ?

ਅਵਤਾਰ ਜੀ, ਅਸੀਂ 2009 ਤੋਂ ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ ਰਾਹੀਂ ਇਕ ਸਾਹਿਤਕ ਇਨਾਮ ਬੀ.ਸੀ. ਦੇ ਸਾਹਿਤਕਾਰਾਂ ਨੂੰ ਦਿੰਦੇ ਆ ਰਹੇ ਹਾਂ, ਜਿਹੜਾ ਹੁਣ 2015 ਵਿਚ ਇੱਥੋਂ ਦੇ ਪੰਜਾਬੀ ਲੇਖਕ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਦਿੱਤਾ ਜਾਣ ਲੱਗਿਆ ਹੈ। ਮਿਸਟਰ ਬਰਜਿੰਦਰ ਢਾਹਾਂ 2012 ਵਿਚ ਮੇਰੇ ਕੋਲ ਯੂ.ਬੀ.ਸੀ. ਵਿਖੇ ਇਕ ਅਜਿਹੇ ਇੰਟਰਨੈਸ਼ਨਲ ਐਵਾਰਡ ਨੂੰ ਸਥਾਪਤ ਕਰਨ ਦੀ ਤਜਵੀਜ਼ ਲੈ ਕੇ ਆਏ ਜਿਹੜਾ ਪੰਜਾਬੀ ਸਾਹਿਤ ਲਈ ਸਭ ਤੋਂ ਵੱਡਾ ਹੋਵੇ। ਇਸ ਤਰ੍ਹਾਂ ਮੂਲ ਰੂਪ ਵਿਚ ਇਹ ਵੱਡਾ ਇਨਾਮ ਸਥਾਪਤ ਕਰਨ ਦਾ ਵਿਚਾਰ ਵੈਨਕੂਵਰ ਦੇ ਸਫਲ ਕਾਰੋਬਾਰੀ ਮਨੁੱਖ ਬਰਜਿੰਦਰ ਢਾਹਾਂ ਦਾ ਸੀ ਅਤੇ ਇਸ ਲਈ ਮਾਇਕ ਵਸੀਲੇ ਵੀ ਉਹਨਾਂ ਹੀ ਜੁਟਾਏ। ਮੈਂ 2012 ਤੋਂ 2014 ਤਕ ਭਾਰਤ, ਪਾਕਿਸਤਾਨ ਅਤੇ ਬ੍ਰਿਟਿਸ਼ ਕੋਲੰਬੀਆ ਦੇ ਪੰਜਾਬੀ ਦਾਨਸ਼ਵਰਾਂ ਦੀ ਸਲਾਹ ਨਾਲ ਇਹਨਾਂ ਇਨਾਮਾਂ ਦੀ ਰੂਪ ਰੇਖਾ ਉਲੀਕਣ ਲਈ ਮੁੱਖ ਰੋਲ ਅਦਾ ਕੀਤਾ।

--ਕਈ ਇਨਾਮ ਆਪਣੀ ਕਾਇਮੀ ਮਗਰੋਂ ਫੰਡਾਂ ਦੀ ਘਾਟ ਕਰਕੇ ਜਲਦੀ ਬੰਦ ਹੋ ਜਾਂਦੇ ਹਨ।ਪੰਜਾਬੀ ਲਈ ਏਸ ਵਕਾਰੀ ਐਵਾਰਡ ਦੇ ਭਵਿੱਖ ਬਾਰੇ ਤੁਹਾਡੀ ਕੀ ਰਾਏ ਹੈ?

ਬਿਲਿੰਗ ਜੀ, ਇਸ ਦਾ ਭਵਿੱਖ ਤਾਂ ਢਾਹਾਂ ਖਾਨਦਾਨ ਅਤੇ ਕੈਨੇਡਾ-ਇੰਡੀਆ ਐਜੂਕੇਸ਼ਨ ਸੁਸਾਇਟੀ ਦੀ ਕਾਰਗੁਜ਼ਾਰੀ ਉੱਤੇ ਨਿਰਭਰ ਕਰਦਾ ਹੈ, ਜੋ ਸਾਰਾ ਇੰਤਜ਼ਾਮ ਕਰਦੀ ਹੈ। ਪਰ ਮੈਨੂੰ ਪੱਕਾ ਯਕੀਨ ਹੈ ਕਿ ਉਹ ਇਹਨਾਂ ਇਨਾਮਾਂ ਪ੍ਰਤੀ ਪ੍ਰਗਟਾਈ ਆਪਣੀ ਨਿਸ਼ਟਾ ਨੂੰ ਬਾਖ਼ੂਬੀ ਬਰਕਰਾਰ ਰੱਖਣਗੇ।

--ਪ੍ਰੋ. ਮਰਫ਼ੀ, ਯੂ.ਬੀ.ਸੀ.ਵਿਖੇ ਕੀ ਪੰਜਾਬੀ ਦਾ ਵੱਖਰਾ ਡਿਪਾਰਟਮੈਂਟ ਹੈ?

ਏਹੀ ਸਮਝਦੇ ਕਈ ਪੰਜਾਬੀ ਪਿਆਰੇ ਮੈਨੂੰ ਪੰਜਾਬੀ ਵਿਭਾਗ ਦੀ ਮੁਖੀ ਵਜੋਂ ਸੰਬੋਧਨ ਕਰਦੇ ਹਨ। ਪਰ ਇੱਥੇ ਵੱਖਰਾ ਪੰਜਾਬੀ ਡਿਪਾਰਟਮੈਂਟ ਹੀ ਨਹੀਂ ਹੈ। ਮੈਂ ਡਿਪਾਰਟਮੈਂਟ ਔਫ਼ ਏਸ਼ੀਅਨ ਸਟੱਡੀਜ਼ ਵਿਖੇ ਐਸੋਸੀਏਟ ਪ੍ਰੋਫ਼ੈਸਰ ਹਾਂ। ਸੁਖਵੰਤ ਹੁੰਦਲ ਮੇਰੇ ਨਾਲ ਪੜ੍ਹਾਉਂਦੇ ਹਨ। ਤੇ ਅਸੀਂ ਦੋਵੇਂ ਏਸ਼ੀਅਨ ਸਟੱਡੀਜ਼ ਡਿਪਾਰਟਮੈਂਟ ਦੇ ਹੀ ਅੰਗ ਹਾਂ। ਇਸ ਵਿਭਾਗ ਦੇ ਸੁਯੋਗ ਮੁਖੀ ਪ੍ਰੋਫ਼ੈਸਰ ਜੇ.ਰੌਸ ਕਿੰਗ ਕੋਰੀਅਨ ਭਾਸ਼ਾ ਅਤੇ ਸਮਾਜਕ ਲਿੰਗੂਇਸਟਿਕਸ ਦੇ ਸਪੈਸ਼ਲਿਸਟ ਹੁੰਦੇ ਹੋਏ ਸਾਡੇ ਵੱਲੋਂ ਆਰੰਭੇ ਦੱਖਣੀ ਏਸ਼ੀਆ ਪ੍ਰੋਗਰਾਮ ਦੇ ਵੱਡੇ ਹਿਮਾਇਤੀ ਹਨ। ਉਹਨਾਂ ਪੰਜਾਬੀ ਅਤੇ ਦੱਖਣੀ ਏਸ਼ੀਅਨ ਭਾਸ਼ਾਵਾਂ ਵਾਸਤੇ ਕਾਫ਼ੀ ਸਲਾਹੁਣਜੋਗ ਕਾਰਜ ਕੀਤਾ ਹੈ।

--ਤੁਹਾਡੇ ਜੀਵਨ ਦਾ ਕੋਈ ਹੋਰ ਮਹੱਤਵਪੂਰਨ ਪੱਖ ਜਿਸ ਦਾ ਜ਼ਿਕਰ ਕਰਨੋਂ ਰਹਿ ਗਿਆ ਹੋਵੇ?

ਮੇਰਾ ਇਹ ਜੀਵਨ ਦੋ ਹੀ ਸੰਸਾਰਾਂ ਨੂੰ ਸਮਰਪਤ ਹੈ,ਅਵਤਾਰ ਬਿਲਿੰਗ ਜੀ। ਮੇਰੀ ਮੁੱਢਲੀ ਪਹਿਲ ਮੇਰਾ ਪਰਿਵਾਰ ਹੈ। ਮੈਂ ਪਰਿਵਾਰ ਲਈ ਹੀ ਬਣੀ ਹਾਂ। ਮੇਰਾ ਸ਼ਾਨਦਾਰ ਜੀਵਨ ਸਾਥੀ ਰਘੁਵੇਂਦਰ, ਮੇਰੇ ਸੋਹਣੇ ਦੋ ਲਾਲ -ਆਇਡਨ ਅਤੇ ਕਬੀਰ- ਮੇਰੇ ਜੀਵਨ ਦਾ ਧੁਰਾ ਹਨ। ਇਸਤੋਂ ਅੱਗੇ ਮੇਰਾ ਜੀਵਨ, ਮੇਰੀ ਵਿਦਵਤਾ-ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰਕ ਇਤਿਹਾਸ ਅਤੇ ਕੁੱਲ ਮਿਲਾ ਕੇ ਦੱਖਣੀ ਏਸ਼ੀਆ ਲਈ ਸਮਰਪਤ ਹੈ, ਜਿਹਨਾਂ ਨੂੰ ਤੁਸੀਂ ਮੇਰੇ ਜੀਵਨ ਨੂੰ ਸੇਧ ਦੇਣ ਵਾਲਾ ਚਾਨਣ ਮੁਨਾਰਾ ਆਖ ਸਕਦੇ ਹੋ। ਮੇਰੇ ਇਹ ਦੋਵੇਂ ਸੰਸਾਰ-ਪਰਿਵਾਰ ਲਈ ਪ੍ਰੇਮ ਤੇ ਪੰਜਾਬੀ ਪ੍ਰਤੀ ਸਨੇਹ ਜੁਦਾ ਜੁਦਾ ਨਾ ਹੋ ਕੇ ਇਕ ਦੂਜੇ ਨਾਲ ਘਿਓ-ਖਿਚੜੀ ਹਨ। ਮੈਂ ਆਪਣੀ ਕਿਤਾਬ ਵੱਡੇ ਪੁੱਤਰ ਆਇਡਨ ਨੂੰ ਸਮਰਪਤ ਕੀਤੀ ਹੈ ਕਿਉਂਕਿ ਇਸ ਪੁਸਤਕ ਲਈ ਕੀਤੀਆਂ ਯਾਤਰਾਵਾਂ ਦੌਰਾਨ ਅਤੇ ਇਸਦੇ ਲਿਖਣ ਕਾਰਜ ਸਮੇਂ ਉਹ ਹਮੇਸ਼ਾ ਮੇਰੇ ਅੰਗ-ਸੰਗ ਰਿਹਾ ਹੈ। ਮੇਰਾ ਜੀਵਨ ਸਾਥੀ ਰਘੁਵੇਂਦਰ ਰਾਓ ਅਤੇ ਮੈਂ, ਜਿਵੇਂ ਮੈਂ ਪਹਿਲਾਂ ਦੱਸ ਚੁੱਕੀ ਹਾਂ, ਦੱਖਣੀ ਏਸ਼ੀਅਨ ਸੰਗੀਤ, ਸਾਹਿਤ ਤੇ ਕਲਾ ਨੂੰ ਇਕੋ ਜਿੰਨਾ ਪਿਆਰ ਕਰਦੇ ਹਾਂ, ਕਿਉਂਕਿ ਇਸੇ ਬਹਾਨੇ ਸਾਡਾ ਆਪਸੀ ਮਿਲਾਪ ਸੰਭਵ ਹੋਇਆ ਸੀ।

--ਮੈਡਮ ਐਨ ਮਰਫ਼ੀ, ਉਮੀਦ ਕਰਦੇ ਹਾਂ ਕਿ ਤੁਸੀਂ ਆਪਣੇ ਮਿਸ਼ਨ ਵਿਚ ਕਾਮਯਾਬ ਹੋਵੋਗੇ ਅਤੇ ਸਮੁੱਚਾ ਪੰਜਾਬੀ ਜਗਤ ਤੁਹਾਡੇ ਏਸ ਉਦਮ ਦੀ ਕਦਰ ਕਰੇਗਾ।

ਬਿਲਿੰਗ ਸਾਹਿਬ, ਨਿਰਸੰਦੇਹ ਸਾਰੀ ਪੰਜਾਬੀ ਦੁਨੀਆਂ ਹੀ ਮੈਨੂੰ ਭਰਵਾਂ ਆਦਰ-ਮਾਣ ਦੇ ਰਹੀ ਹੈ। ਜਿਸ ਦਿਨ ਤੋਂ ਮੈਂ ਏਥੇ ਬੀ.ਸੀ. ਵਿਚ ਵੀ ਆਈ ਹਾਂ, ਇੱਥੋਂ ਦੀ ਪੰਜਾਬੀ ਲੇਖਕ ਬਰਾਦਰੀ ਨੇ ਮੈਨੂੰ ਨਿੱਜੀ ਅਤੇ ਜ਼ਿਹਨੀ ਪੱਖ ਤੋਂ ਬੜਾ ਸਹਾਰਾ ਬਖ਼ਸ਼ਿਆ ਹੈ। ਮੈਂ ਉਹਨਾਂ ਦੇ ਸਮਾਗਮਾਂ ਵਿਚ ਸਦਾ ਖਿੜੇ ਮੱਥੇ ਜਾਂਦੀ ਹਾਂ। ਉਹਨਾਂ ਦੀ ਕਵਿਤਾ, ਕਹਾਣੀ ਤੇ ਮੁੱਲਵਾਨ ਵਿਚਾਰਾਂ ਤੋਂ ਮੈਂ ਬਹੁਤ ਕੁਝ ਸਿਖਿਆ ਹੈ। ਸਾਰਾ ਪੰਜਾਬੀ ਜਗਤ ਸੱਚਮੁੱਚ ਹੀ ਬੌਧਿਕ ਪੱਖ ਤੋਂ ਬਹੁਤ ਜ਼ਿੰਦਾਦਿਲ ਤੇ ਰੌਣਕੀ ਸੰਸਾਰ ਹੈ, ਜਿਸ ਨੇ ਮੇਰੇ ਜੀਵਨ ਦੇ ਬੌਧਿਕ ਪੱਖ ਨੂੰ ਹੋਰ ਅਮੀਰੀ ਬਖ਼ਸ਼ੀ ਹੈ। ਅਤੇ ਇਸ ਭਾਈਚਾਰੇ ਦੇ ਪ੍ਰਭਾਵ ਕਰਕੇ ਹੀ ਮੈਂ ਪੰਜਾਬੀ ਭਾਸ਼ਾ ਅਤੇ ਸਾਹਿਤਕ ਲਹਿਰ ਬਾਰੇ ਆਪਣੇ ਖੋਜ ਕਾਰਜ ਨੂੰ ਨੇਪਰੇ ਚਾੜ੍ਹਨ ਦੀ ਪੂਰੀ ਉਮੀਦ ਰੱਖਦੀ ਹਾਂ।□□

(ਪਿੰਡ ਸੇਹ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ)

'47,ਦੇਸ਼ ਦੀ ਵੰਡ,ਪੰਜਾਬ ਵਿਚ ਕਤਲਾਮ : ਸੁਰਜੀਤ ਹਾਂਸ

ਵਿਦੇਸ਼ੀ ਰਾਜ ਦਾ ਪਰਿਣਾਮ ਸਮਾਜ ਦਾ ਭੂਗੋਲ ਅਤੇ ਜਨ ਦੀ ਨੁਹਾਰ ਬਦਲ ਜਾਣੀ ਸੀ। ਪੰਜਾਬ ਵਿਚ ਅੰਗਰੇਜ਼ੀ ਰਾਜ ਦਾ ਪਹਿਲਾ ਉੱਦਮ, ਬਾਕੀ ਹਿੰਦੁਸਤਾਨ ਵਾਂਗੂੰ, ਜ਼ਮੀਨ ਦਾ ਬੰਦੋਬਸਤ (Land Settlement) ਕਰਨਾ ਸੀ। ਇਹਦੇ ਅਨੁਸਾਰ ਜ਼ਮੀਨ ਦੇ ਮਾਲਕੀ ਇਖਤਿਆਰ (property rights) ਦਰਜ ਕਰਨੇ ਸੀ। ਮਾਲਿਕ ਕਾਨੂੰਨੀ ਤੌਰ 'ਤੇ ਕਾਸ਼ਤਕਾਰ ਸੀ ਭਾਵੇਂ ਉਹਦੀ ਜ਼ਾਤ ਜੱਟ ਨਾ ਵੀ ਹੋਵੇ ਜਾਂ ਖੇਤੀ ਨਾ ਵੀ ਕਰਦਾ ਹੋਵੇ। ਬਟਾਲੇ ਦੇ ਖੱਤਰੀ ਅਤੇ ਗੁੜਗਾਉਂ ਦੇ ਬ੍ਰਾਹਮਣ 'ਕਾਸ਼ਤਕਾਰ' ਸੀ।

ਬੰਦੋਬਸਤ ਦਾ ਨਿਕਟ-ਵਰਤੀ ਅਸਰ ਪੇਂਡੂ ਕਰਜ਼ੇ ਦਾ ਪਸਾਰ ਸੀ ਕਿਉਂਜੁ ਜ਼ਮੀਨ ਪਰਾਪਰਟੀ ਸੀ (ਜਿਸ ਦੀ ਵਿਕਰੀ ਹੋ ਸਕਦੀ ਸੀ) ਜਿਸ ਦੇ ਆਧਾਰ 'ਤੇ ਕਰਜ਼ਾ ਮਿਲ ਸਕਦਾ ਹੈ ਕਿਉਂਜੁ ਕਰਜ਼ਾ ਦੇਣ ਵਾਲਾ ਦੀਵਾਨੀ ਮੁਕੱਦਮਾ ਕਰ ਕੇ ਜ਼ਮੀਨ ਦਾ ਮਾਲਕ ਹੋ ਜਾਂਦਾ ਸੀ। ਬੰਦੋਬਸਤ ਤੋਂ ਕੋਈ ਪੰਜਾਹ ਕੁ ਸਾਲ 'ਚ ਹੀ ਕਰਜ਼ਾ ਸਿਆਸੀ ਰੰਗ ਇਖਤਿਆਰ ਕਰ ਗਿਆ।

ਅਗਲੇ ਪੰਜਾਹ ਸਾਲਾਂ 'ਚ ਪੰਜਾਬ ਵਿਚ ਸੇਪੀ ਦੀ ਸੰਸਥਾ ਮੁੱਕ ਗਈ ਕਿਉਂਜੁ ਜ਼ਮੀਨ ਦਾ ਮਾਲਕ ਸੇਪੀ 'ਤੇ ਖੇਤੀ ਕਰਨੀ ਕਰਾਉਣੀ ਬੰਦ ਕਰ ਸਕਦਾ ਸੀ। ਸੇਪੀ ਕਰਨ ਵਾਲਾ ਆਪਣੇ ਪਰੰਪਰਕ ਹੱਕ ਦਾ ਕਿਧਰੇ ਦਾਅਵਾ ਨਹੀਂ ਕਰ ਸਕਦਾ ਸੀ। 'ਹਰੇ ਇਨਕਲਾਬ' ਨੇ ਸੇਪੀ ਮੁਕਾ ਦਿੱਤੀ। ਕਰਜ਼ੇ ਦੇ ਪਸਾਰ ਅਤੇ ਸੇਪੀ ਦੇ ਖਾਤਮੇ ਲਈ ਬੰਦੋਬਸਤ ਲਾਜ਼ਮੀ ਸ਼ਰਤ (necessary condition) ਸੀ ਅਤੇ ਅਨਾਜ ਦੀਆਂ ਕੀਮਤਾਂ ਦਾ ਵਾਧਾ ਸਹਾਈ ਸ਼ਰਤ (auxiliary condition) ਹੋ ਗਿਆ। ਮਿਸਾਲ ਵਜੋਂ ਬਿਜਲੀ ਦੀ ਲਹਿਰ ਬਲਬ ਜਗਾਉਣ ਲਈ ਲਾਜ਼ਮੀ ਸ਼ਰਤ ਹੈ ਜੋ ਇਹਦੇ ਬਿਨਾਂ ਬੱਤੀ ਜਗ ਨਹੀਂ ਸਕਦੀ। ਪਰ ਬਿਜਲੀ ਹੁੰਦਿਆਂ ਵੀ ਬਲਬ ਦਾ ਜਗਣਾ ਅਵੱਸ਼ ਨਹੀਂ ਕਿਉਂ ਜੁ ਤਾਰਾਂ ਆਦਿ 'ਚ ਗੜਬੜ ਹੈ। ਤਾਰਾਂ ਆਦਿ ਦਾ ਠੀਕ ਹੋਣਾ ਸਹਾਈ ਸ਼ਰਤ ਹੈ। ਇਤਿਹਾਸਕਾਰਾਂ ਨੇ ਕਰਜ਼ੇ ਦੇ ਪਸਾਰ, ਇਹਦੀ ਰੋਕ ਥਾਮ ਬਾਰੇ ਕਾਫੀ ਕੁਝ ਕਿਹਾ ਹੈ ਪਰ ਇਹਦੀ ਬੁਨਿਆਦੀ ਸ਼ਰਤ ਬਾਰੇ ਉਹ ਚੌਕਸੀ ਨਹੀਂ ਵਿਖਾਈ ਜੋ ਇਹ ਮੰਗ ਕਰਦੀ ਹੈ।

ਇਸੇ ਕਿਸਮ ਦੀ ਤਰੁਟੀ ਪੰਜਾਬ ਦੇ ਕਤਲਾਮ ਨੂੰ ਸਮਝਣ ਵਿਚ ਨਜ਼ਰ ਆਉਂਦੀ ਹੈ ਜੋ ਫਿਰਕਾਪ੍ਰਸਤੀ ਨੂੰ ਦੋਸ਼ ਦਿੱਤਾ ਜਾਂਦਾ ਹੈ, ਪਰ ਫਿਰਕਾਪ੍ਰਸਤੀ ਦੀ ਉਤਪਤੀ ਦੀ ਕੋਈ ਗੱਲ ਨਹੀਂ ਸੁਣੀ ਦੀ। ਬਹੁਤਾ ਢੰਡੋਰਾ separate electorate (ਅੱਡਰੇ ਮੱਤਦਾਨ ਦਲਾਂ) ਦਾ ਪਿੱਟਿਆ ਜਾਂਦਾ ਹੈ। ਇਹਦੀ ਪੜਚੋਲ ਕਰਨ ਵਾਲੇ ਆਪ ਇਹਦੇ ਸਿਰ 'ਤੇ ਚੋਣਾਂ ਜਿੱਤ ਕੇ ਵਿਦੇਸ਼ੀ ਸਰਕਾਰ ਦੇ ਹਿੱਸੇਦਾਰ ਬਣਦੇ ਸੀ। ਅੰਗਰੇਜ਼ੀ ਮੁਹਾਵਰੇ ਅਨੁਸਾਰ hunting with hounds and running with hares ਕੁੱਤਿਆਂ ਨਾਲ ਸ਼ਿਕਾਰ ਅਤੇ ਖਰਗੋਸ਼ਾਂ ਨਾਲ ਭੱਜਣਾ- ਵਾਲੀ ਗੱਲ ਸੀ।

ਵੰਡ ਅਤੇ ਕਤਲਾਮ ਦਾ ਬੁਨਿਆਦੀ ਕਾਰਨ ਅਵਾਮੀ ਮਜ਼ਹਬ ਦਾ ਸੰਪਰਦਾਇਕਤਾ ਵਿਚ ਵਟ ਜਾਣਾ ਸੀ। ਇਹ ਨਾ ਤਾਂ ਜਨਤਕ ਇਰਾਦਾ ਸੀ, ਨਾ ਕਿਸੇ ਦੀ ਸਾਜ਼ਸ਼ ਸੀ, ਜਿਹੜਾ ਅੰਗਰੇਜ਼ੀ ਰਾਜ ਨਾਲ ਨਵੀਆਂ ਸੰਸਥਾਵਾਂ ਦੇ ਆਗਮਨ ਦਾ ਪਰਿਣਾਮ ਸੀ। ਪਹਿਲੇ ਪੱਚੀ ਤੀਹ ਸਾਲ ਅੰਗਰੇਜ਼ ਪ੍ਰਸ਼ਾਸਕਾਂ ਦੀ ਸ਼ਕਾਇਤ ਸੀ ਕਿ ਪੰਜਾਬੀ ਪ੍ਰਬੰਧਕੀ ਕਾਰਗੁਜ਼ਾਰੀ ਵਿਚ ਕੋਈ ਦਿਲਚਸਪੀ ਨਹੀਂ ਵਿਖਾਉਂਦੇ। ਇਹਦਾ ਕਾਰਨ ਜਨ ਦਾ, ਅੱਜ ਦੀ ਸ਼ਬਦਾਵਲੀ ਵਿਚ, ਰਾਜਨੀਤੀ ਅਤੇ ਇੰਤਜ਼ਾਮੀਏ ਤੋਂ ਬੇਮੁਖ ਹੋਣਾ ਸੀ, ਕਿਉਂ

ਜੁ ਪਰੰਪਰਾ ਅਨੁਸਾਰ ਉਹਦਾ ਕੰਮ ਇਹਨਾਂ ਨੂੰ ਸਹਾਰਨਾ ਹੀ ਸੀ, ਜੋ ਕਿਸੇ ਤਰ੍ਹਾਂ ਦੇ ਸਹਿਯੋਗ ਦਾ ਨਹੀਂ ਸੀ। ਸਮਾਜ ਨੇ ਰਾਜ ਨਾਲ ਤਾਂ ਸੰਸਥਾਵਾਂ ਦੀ ਕਾਰਜਤਾ ਰਾਹੀਂ ਵਾਹ ਪਾਉਣਾ ਸੀ, ਜਾਂ ਸਿੱਝਣਾ ਸੀ, ਜਿਸ ਵਿਚ ਇਹਨੂੰ ਠੀਕ ਪੱਧਰ ਦੀ ਸਫਲਤਾ ਨਹੀਂ ਹੋਈ।

ਪਰੈੱਸ ਦੀ ਮਿਸਾਲ ਹੀ ਪ੍ਰਕਾਸ਼ਕਾਰੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਗ੍ਰੰਥ ਸਾਹਿਬ ਦਾ ਨੁਸਖਾ ਤਿਆਰ ਕਰਨ ਲਈ ਇਕ ਤੋਂ ਦੋ ਸੌ ਰੁਪਏ ਲਗਦੇ ਸੀ ਜਿਹੜੇ 20ਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ 20 ਤੋਂ 40 ਹਜ਼ਾਰ ਰੁਪਏ ਬਰਾਬਰ ਸਨ। ਲੁਧਿਆਣਾ ਈਸਾਈ ਮਿਸ਼ਨ ਦੀ ਪੇਸ਼ਕਸ਼ ਸੀ ਕਿ ਜੇ ਗ੍ਰੰਥ ਸਾਹਿਬ ਨੂੰ ਛਾਪਿਆ ਜਾਵੇ ਤਾਂ ਕੀਮਤ ਸ਼ਾਇਦ 20 ਰੁਪਏ (4 ਹਜ਼ਾਰ) ਹੋਵੇ, ਜਿਸ ਦਾ ਮਹਾਰਾਜੇ ਨੇ ਕੋਈ ਜਵਾਬ ਨਹੀਂ ਦਿੱਤਾ।

1880-ਆਂ ਵਿਚ ਪੰਜਾਬੀਆਂ ਨੇ ਪਰੈੱਸ ਦੀ ਪੱਛਮੀ ਕਾਢ ਨੂੰ ਇੰਝ ਅਪਨਾ ਲਿਆ ਕਿ ਉਹ ਈਸਾਈ ਮਿਸ਼ਨਰੀਆਂ ਦਾ ਮੁਕਾਬਲਾ ਕਰਨ ਜੋਗੇ ਹੋ ਗਏ। ਸਾਡਾ ਪ੍ਰਕਾਸ਼ਨ (publication) ਵਿਹਾਰ ਧਾਰਮਿਕ ਸੁਧਾਰ ਤੋਂ ਸ਼ੁਰੂ ਹੁੰਦਾ ਹੈ, ਜਿਸ ਦੇ ਚਿੰਤਕ ਪੱਛਮੀ ਵਿੱਦਿਆ ਪ੍ਰਾਪਤ ਕਰਨ ਵਾਲੀ ਮਧ ਸ਼੍ਰੇਣੀ 'ਚੋਂ ਸੀ, ਜਿਹਨਾਂ ਨੂੰ ਆਰਥਿਕ ਸਹਾਇਤਾ ਲਈ ਧਨਾਢਾਂ ਰਈਸਾਂ 'ਤੇ ਨਿਰਭਰ ਹੋਣਾ ਪੈਂਦਾ ਸੀ। ਪਰੈੱਸ ਦੀ ਧਾਰਮਿਕ ਸੁਧਾਰ 'ਤੇ ਨਿਰਭਰਤਾ ਨੇ ਇਹਨੂੰ ਵਪਾਰ ਨਹੀਂ ਬਣਨ ਦਿੱਤਾ, ਸਗੋਂ ਧਾਰਮਿਕ ਕਰਤੱਵ ਦਾ ਅੰਸ਼ ਹੋਣ ਕਰਕੇ ਇਹਨੂੰ ਘਾਟੇ ਵਾਲਾ ਸੌਦਾ ਬਣਾਈ ਰੱਖਿਆ। ਸਾਡੇ ਪਰਚਿਆਂ ਪ੍ਰਕਾਸ਼ਕਾਂ ਦੀ ਅੱਜ ਵੀ ਇਹੀ ਰੁਚੀ ਕਾਇਮ ਹੈ।

'ਸਿੱਖ ਸਿਪਾਹੀ' ਅਨੁਸਾਰ ਅਖਬਾਰ ਸੰਪਰਦਾ (ਕੌਮੀਅਤ, ਸਮਕਾਲੀ ਅਰਥ) ਦਾ ਭਾਵ... ਸੰਗਠਨ ਦੀ ਸੇਵਾ ਕਰਨ ਵਿਚ ਅਦੁਤੀ ਸਾਧਨ ਹਨ। ਚਾਰ ਗੁਰਮੁਖੀ ਦੇ, ਦੋ ਉਰਦੂ ਦੇ, ਤੇ ਦੋ ਅੰਗਰੇਜ਼ੀ ਸਪਤਾਹਕ। ਪਾਠਕਾਂ ਦੀ ਗਿਣਤੀ ਮਸਾਂ 12,000 ਹੈ, ਜੋ ਸਿੱਖ (ਪੰਜਾਬੀ ਪਾਠਕ) ਆਬਾਦੀ ਦਾ ਇਕ ਫੀਸਦੀ ਹੈ (1928 ਦੀ ਪਰੈੱਸ ਰਿਪੋਰਟ ਅਨੁਸਾਰ)।

ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਚੀਫ ਖਾਲਸਾ ਦੀਵਾਨ ਨੈਸ਼ਨਲ (ਸੰਪਰਦਾਈ) ਐਜੂਕੇਸ਼ਨ ਫੰਡ ਲਈ ਇਕ ਲੱਖ ਰੁਪਈਆ ਇਕੱਠਾ ਨਾ ਕਰ ਸਕਿਆ ਪਰ ਨਣਕਾਣੇ ਦੇ ਸਾਕੇ ਪਿੱਛੋਂ ਕੁਝ ਮਹੀਨਿਆਂ ਵਿਚ ਹੀ ਸ਼ਹੀਦੀ ਫੰਡ ਲੱਖ ਤੋਂ ਜ਼ਿਆਦਾ ਜਮ੍ਹਾ ਹੋ ਗਿਆ। (ਸ਼ਾਇਦ, ਏਸੇ ਲਈ ਸਿੱਖਾਂ ਨੂੰ ਪ੍ਰਕਾਸ਼ਨ ਦਾ ਘਾਟਾ ਮੋਰਚੇ ਲਾ ਕੇ ਪੂਰਾ ਕਰਨਾ ਪੈਂਦਾ ਸੀ)। 1918-21 ਦੇ ਪੰਜਾਬੀ ਅਖਬਾਰਾਂ ਦੀ ਗਾਹਕੀ ਦੇ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਦਰਬਾਰ ਸਾਹਿਬ 'ਤੇ ਸਿੱਖ ਕਬਜ਼ੇ, ਨਣਕਾਣੇ ਸਾਹਿਬ ਦੇ ਸਾਕੇ, ਨਾਮਿਲਵਰਤਣ ਲਹਿਰ ਦੇ ਬਾਵਜੂਦ ਪੰਜਾਬੀ ਅਖਬਾਰਾਂ ਦੀ ਸਰਕੂਲੇਸ਼ਨ ਅਨੁਪਾਤ ਸਾਰ ਨਹੀਂ ਵਧੀ, ਜੋ ਇਹਦੇ ਗ੍ਰਾਮੀਨ ਪਿਛੋਕੜ ਦੀ ਕਰਾਮਾਤ ਹੈ। 1921-30 ਦੰਗਿਆਂ ਦਾ ਦਹਾਕਾ ਸੀ, ਜੋ ਸੰਸਕ੍ਰਿਤ, ਫਾਰਸੀ, ਅਰਬੀ ਦੀਆਂ ਕਿਤਾਬਾਂ ਵੀਹ ਸਾਲਾਂ ਦੇ (ਵਸੋਂ ਦੇ ਅਨੁਪਾਤ ਅਨੁਸਾਰ) ਦੇ ਘਾਟੇ ਮਗਰੋਂ ਵਧਣੀਆਂ ਸ਼ੁਰੂ ਹੋਈਆਂ। 1940 ਤਕ ਅੰਗਰੇਜ਼ੀ ਟਾਈਟਲ ਵਸੋਂ ਦੇ ਹਿਸਾਬ ਤੋਂ 113% ਵੱਧ ਸੀ; ਹਿੰਦੀ, ਪੰਜਾਬੀ, ਉਰਦੂ, ਫਾਰਸੀ, ਸੰਸਕ੍ਰਿਤ ਵਸੋਂ ਦੇ ਬਰਾਬਰ ਹੋਣ ਲਈ 56, 54.4, 66, 131, 116 ਹੋਰ ਵਧਣੇ ਚਾਹੀਦੇ ਸੀ- ਅੰਗਰੇਜ਼ੀ ਜ਼ਦ ਦੀ ਭੁੱਖ ਗਈ ਨਹੀਂ ਸਗੋਂ ਵਧਦੀ ਗਈ ਹੈ।

ਪਰੈੱਸ ਦੀ ਮੁਸ਼ਕਲ ਤੋਂ ਬਾਕੀ ਸੰਸਥਾਵਾਂ ਦੇ ਅਨੁਸਰਨ ਦੀ (adaptation) ਔਖ ਦਾ ਅਨੁਮਾਨ ਹੋ ਸਕਦਾ ਹੈ। ਮੇਰੀ ਪੰਜਾਬ ਵਿਚ ਪੱਛਮੀ ਵਿੱਦਿਆ ਦੇ ਪਸਾਰ ਦੀ

ਤੱਥਾਤਮਕ (factual) ਜਾਣਕਾਰੀ ਨਹੀਂ। ਖਾਲਸਾ ਕਾਲਿਜ ਦੀ ਮਿਸਾਲ ਖਾਲਸਾ ਸਕੂਲਾਂ ਦੀਆਂ ਮਜਬੂਰੀਆਂ ਦਾ ਨਮੂਨਾ ਹੈ। ਸਿੱਖ ਰਿਆਸਤਾਂ ਨੇ ਖਾਲਸਾ ਕਾਲਿਜ ਦੀ ਮਾਇਕ ਮਦਦ ਕੀਤੀ। ਏਸੇ ਕਰਕੇ ਹੋਸਟਲਾਂ ਦੇ ਨਾਉਂ 'ਪਟਿਆਲਾ ਹੋਸਟਲ', 'ਨਾਭਾ ਹੋਸਟਲ' ਹਨ। ਕਾਲਿਜ ਦੀ ਡਿਸਪੈਂਸਰੀ Ratigan ਦੇ ਨਾਉਂ 'ਤੇ ਸੀ ਜੋ ਲਾਹੌਰ ਹਾਈਕੋਰਟ ਦਾ ਪ੍ਰਸਿੱਧ ਵਕੀਲ ਸੀ, ਮਗਰੋਂ ਇਹਦਾ ਜੱਜ ਵੀ ਹੋ ਗਿਆ ਸੀ। ਮੁਕੱਦਮਾ ਜਿੱਤਣ ਦੇ ਖਿਆਲ ਨਾਲ ਸਾਇਲ ਇਹਨੂੰ ਹੀ ਕਰਦੇ ਸੀ ਜੋ ਪੰਜਾਬੀ ਮੁਹਾਵਰਾ ਬਣ ਗਿਆ- ਤੂੰ ਵੱਡਾ ਰਾਟੀਕੀਨ ਐਂ? ਫੇਰ ਸਿੱਖ ਕਾਸ਼ਤਕਾਰਾਂ ਨੂੰ ਮਾਲੀਏ ਨਾਲ ਪੈਸਾ ਰੁਪਈਆ ਖਾਲਸਾ ਕਾਲਿਜ ਲਈ ਦੇਣਾ ਪਿਆ। ਕਾਲਿਜ ਕਮੇਟੀ ਦਾ ਪ੍ਰਧਾਨ (ਅੰਗਰੇਜ਼) ਲਾਹੌਰ ਕਮਿਸ਼ਨਰੀ ਦਾ ਕਮਿਸ਼ਨਰ ਹੁੰਦਾ ਸੀ। ਖਾਲਸਾ ਕਾਲਿਜ ਦੇ ਅੰਗਰੇਜ਼ ਪ੍ਰਿੰਸੀਪਲ ਨੇ ਰਾਤੋ ਰਾਤ ਲਾਹੌਰ ਜਾ ਕੇ ਗਵਰਨਰ ਓਡਵਾਇਰ ਨੂੰ ਜਲਿਆਂਵਾਲੇ ਬਾਗ਼ ਦੇ ਕਤਲਾਮ ਦੀ ਖਬਰ ਦਿੱਤੀ ਸੀ।

ਮੇਰੇ ਵੇਲੇ ਖਾਲਸਾ ਸਕੂਲ ਹਾੜ੍ਹੀ ਦੀ ਫਸਲ 'ਤੇ ਪਿੰਡਾਂ ਵਿਚ ਦਾਣੇ ਇਕੱਠੇ ਕਰਦੇ ਹੁੰਦੇ ਸੀ ਤਾਂ ਜੁ ਸਕੂਲ ਦੀ ਮਾਲੀ ਮਦਦ ਹੋ ਸਕੇ। ਤੀਹ ਰੁਪਏ ਮਣ ਦੇ ਭਾਉ ਦੀ ਕਿੰਨੀ ਕੁ ਸਹਾਇਤਾ ਹੋ ਸਕਦੀ ਸੀ? ਜੋ ਸਕੂਲ ਲਈ ਇਹ ਵੀ ਗ਼ਨੀਮਤ ਸੀ। 1920 ਦਾ 'ਅਕਾਲੀ' ਅਖਬਾਰ ਅਕਸਰ ਸ਼ਕਾਇਤ ਕਰਦਾ ਹੈ ਕਿ ਖਾਲਸਾ ਸਕੂਲਾਂ 'ਚ ਸਿੱਖ ਅਧਿਆਪਕ ਸਰਕਾਰੀ ਸਕੂਲਾਂ ਵਾਲੀ ਤਨਖਾਹ ਨਾਲੋਂ ਦੁੱਗਣੇ ਪੈਸੇ ਮੰਗਦੇ ਹਨ, ਓਧਰ ਆਰਯਾ ਸਕੂਲਾਂ ਦੇ ਮਾਸਟਰ ਕੁਰਬਾਨੀ ਕਰਕੇ ਅੱਧੇ ਪੈਸੇ ਲੈਂਦੇ ਹਨ।

ਆਰਯਾ ਸਕੂਲਾਂ ਦੀ ਮਾਇਕ ਚੜ੍ਹਤ ਦਾ ਕਾਰਨ ਕੀ ਹੈ? ਸਿੱਖ ਐਜੂਕੇਸ਼ਨਲ ਸੁਸਾਇਟੀ ਤੋਂ ਦਸਾਂ ਸਾਲਾਂ ਵਿਚ ਲੱਖ ਰੁਪਈਆ ਇਕੱਠਾ ਨਾ ਹੋਇਆ ਜਿਹੜਾ ਆਰਯਾ ਸਮਾਜ ਨੇ ਲਾਹੌਰ ਰਾਤੋ ਰਾਤ ਇਕੱਠਾ ਕਰ ਲਿਆ। ਇਹੀ ਕਾਰਨ ਕਾਂਗਰਸ ਵਿਚ ਆਰਯ ਸਮਾਜ ਦੇ ਰਸੂਖ ਦੀ ਚੜ੍ਹਤ ਦਾ ਹੈ। ਇਹਨੇ ਸਰਕਾਰੀ ਨੌਕਰੀ ਲਈ 'ਲਿਆਕਤ' ਦੀ ਲੋੜ ਦੇ ਅਸੂਲ ਨੂੰ ਸ਼ਹਿ ਦਿੱਤੀ ਕਿਉਂਜੁ ਆਪ ਲਾਇਕ ਸੀ।

ਚੋਣ ਦੀ ਸੰਸਥਾ ਨਾਲ ਚੱਲਣਾ ਪੱਛਮੀ ਵਿੱਦਿਆ ਨੂੰ ਅਪਨਾਉਣ ਤੋਂ ਵੀ ਦੁਖਾਂਤੀ ਸਿੱਧ ਹੋਇਆ। 'ਸਥਾਨਕ ਦੇਸ' ਦੀ ਥਾਂਉਂ ਚੋਣ ਹਲਕੇ ਨਾਲ ਸਮਤਾ (identity)ਬਣਾਉਣੀ ਭਾਵਕ ਪੁਲਾਂਘ ਦੀ ਵੱਡੀ ਮੰਗ ਸੀ। ਇਲਾਕੇ ਅਰਥਾਤ 'ਸਥਾਨਕ ਦੇਸ' ਦਾ ਅੱਜ ਵੀ ਨਾਮਲੂਮ ਪ੍ਰਭਾਵ ਮਾਲਵੇ ਦੁਆਬੇ ਮਾਝੇ ਬਾਰੇ ਪ੍ਰਤਿਕਰਮਾਂ ਵਿਚ ਨਜ਼ਰ ਆਉਂਦਾ ਹੈ। ਮਕਲਾਉਡ ਨਿਊਜ਼ੀਲੈਂਡ 'ਚ ਪੰਜਾਬੀਆਂ ਦੇ ਪਰਵਾਸ ਨੂੰ ਸਮਝਣ ਲਈ ਦੁਆਬੇ ਨੂੰ ਦੋਨਾ, ਢਾਹਾ, ਸੀਰੋਵਾਲ, ਮੰਝਕੀ ਵਿਚ ਵੰਡਦਾ ਹੈ। ਨਾਲੇ ਬੋਲੀ ਸੁਣੀ ਦੀ ਹੈ- 'ਛੱਡਕੇ ਦੇਸ਼ ਦੁਆਬਾ ਅੰਬੀਆਂ ਨੂੰ ਤਰਸੇਂਗੀ'।19-ਵੀਂ ਸਦੀ ਦੇ ਅੱਧ ਵਿਚਕਾਰ ਭਾਈ ਸੰਤੋਖ ਸਿੰਘ ਹਾਂਸੀ ਤੇ ਹਿਸਾਰ ਨੂੰ ਦੋ ਦੇਸ਼ ਕਹਿੰਦਾ ਹੈ।'ਦੇਸ਼' ਦੀ ਸਭ ਤੋਂ ਖੂਬਸੂਰਤ ਵਿਆਖਿਆ 'ਹੀਰ ਵਾਰਿਸ' ਵਿਚ ਮਿਲਦੀ ਹੈ ਜਿਸਦੇ 611 ਬੰਦਾਂ ਵਿਚ ਦੇਸ-ਵਤਨ ਦੇ 82 ਹਵਾਲੇ ਹਨ। ਰਾਂਝਾ ਜੋਗੀ ਹੋਣ ਲਈ ਝੰਗ ਸਿਆਲ ਤੋਂ ਟਿੱਲਾ ਬਾਲਨਾਥ (ਜਿਹਲਮ) ਜਾਂਦਾ ਹੈ। ਫਾਸਲਾ 70, 80 ਮੀਲ ਹੈ, ਨਾਲੇ ਕਹਿੰਦਾ ਹੈ 'ਆਏ ਦੇਸ ਪ੍ਰਦੇਸ ਨੂੰ ਚੀਰ ਮੀਆਂ'। ਰਾਂਝੇ ਦੀ ਮਕਾਨ, ਮੁਲਕ ਨਾਤੇਦਾਰੀ ਮੰਡਲ ਨਾਲ ਸਾਂਝ ਹੈ। ਜੰਗਲ ਬੀਆਬਾਨ ਨੂੰ ਦੇਸ਼ ਦਾ ਹਿੱਸਾ ਨਹੀਂ ਸਮਝਿਆ ਜਾਂਦਾ, ਕਿਉਂਜੁ ਉੱਥੇ ਨਾਤੇਦਾਰੀ ਨਹੀਂ। ਜ਼ਿਮੀਂਦਾਰੀ ਦੀਆਂ ਹੱਦਾਂ ਨੂੰ ਰਾਜ ਕਿਹਾ ਹੈ, ਜਿਵੇਂ ਬੰਗਾਲ 'ਚ 'ਦਰਭੰਗਾ ਰਾਜ' ਹੈ। ਬਦਨਾਮੀ ਨਾਤੇਦਾਰੀ 'ਚ ਹੁੰਦੀ ਹੈ। ਇਸ ਲਈ ਜਿੱਥੋਂ ਤੋੜੀ ਬਦਨਾਮੀ ਹੁੰਦੀ ਹੈ ਉਹੀ ਦੇਸ਼ ਦੀ ਹੱਦ ਹੈ- 'ਸਾਰੇ ਦੇਸ ਵਿਚ ਧੁੰਮ ਤੇ ਸ਼ੋਰ ਹੋਇਆ, ਖਬਰਾਂ ਪਹੁੰਚੀਆਂ ਪਾਂਧੀਆਂ ਰਾਹੀਆਂ ਨੂੰ'। ਮੀਂਹ ਉਠਦਾ ਇਕ ਦੇਸ 'ਚੋਂ ਹੈ, ਤੇ ਵਸਦਾ ਦੂਜੇ ਵਿਚ - ਹਾਠ ਜੋੜਕੇ ਬੱਦਲਾਂ ਹਾਂਝ ਬੱਧੀ, ਵੇਖਾਂ ਕਿਹੜਾ ਦੇਸ਼

ਨਿਹਾਲ ਹੋਵੇ। ਮੈਦਾਨੀ ਇਲਾਕੇ ਵਿਚ ਦੁਮੇਲ (horizon) ਦਾ ਅਰਧ ਵਿਆਸ (radius) 30 ਮੀਲ ਦਾ ਹੁੰਦਾ ਹੈ।

ਪੂਰਵ- ਅੰਗਰੇਜ਼ ਜਨ ਦੀ ਨੁਹਾਰ ਹੀਰ ਦੇ ਰਾਂਝੇ ਨੂੰ ਜਵਾਬ ਵਿਚ ਹੈ 'ਕੌਣ ਜ਼ਾਤ ਤੇ ਵਤਨ ਕੀ ਸਾਈਆਂ ਦਾ'। ਚੋਣ ਹਲਕਾ ਜ਼ਾਤਾਂ ਵਤਨਾਂ ਨੂੰ ਰਲ਼ਾ ਕੇ ਰਾਜਨੀਤਕ ਸਮਤਾ ਬਣਾਉਂਦਾ ਹੈ ਜਿਸ ਲਈ ਕਿਸੇ ਕਿਸਮ ਦੇ ਉੱਦਮ ਅਤੇ ਤਨਜ਼ੀਮ ਦੀ ਲੋੜ ਹੈ। ਸਾਡੀ ਗ਼ਲਤੀ ਹੋਵੇਗੀ ਜੇ ਅਸੀਂ ਸੋਚੀਏ ਕਿ ਪੂਰਵ ਅੰਗਰੇਜ਼ ਸਮੇਂ ਰਾਜਨੀਤੀ ਅੱਜ ਵਾਂਗੂੰ ਜੀਵਨ ਦਾ ਨਿਤਾਪ੍ਰਤੀ ਹਿੱਸਾ ਸੀ। ਜਨ ਨੂੰ ਰਾਜਨੀਤੀ ਦਾ ਕੋਈ ਖਿਆਲ ਨਹੀਂ ਸੀ। ਉਹ ਤਾਂ ਕੇਵਲ ਵੱਡਿਆਂ ਦੀ ਤਾਬੇਦਾਰੀ ਜਾਣਦਾ ਸੀ। 18-ਵੀਂ ਸਦੀ ਵਿਚ ਵਲਾਇਤ ਦੇ ਮਾਣਸ ਦਾ ਇਹੀ ਹਾਲ ਸੀ। ਅਸੀਂ ਅੰਗਰੇਜ਼ੀ ਰਾਜ ਤੋਂ ਹੀ ਸਿਆਸਤ ਸਿੱਖੀ ਹੈ। ਸਾਡੀ ਅੱਜ ਵੀ ਰਾਜਨੀਤਕ ਸਮਝੌਤੇ ਦੀ ਅਲਪ ਯੋਗਤਾ ਹੈ। ਨਵੇਂ ਨਵੇਂ ਰਾਜਨੀਤੀ-ਪ੍ਰੇਮੀਆਂ ਨੂੰ ਸਮਝੌਤੇ ਦੀ ਸਿਖਲਾਈ ਦਾ ਕੋਈ ਮੌਕਾ ਹੀ ਨਹੀਂ ਮਿਲਿਆ, ਜੇ ਮਿਲਿਆ ਸੀ ਗੁਆ ਲਿਆ। ਬਾਕੀ ਨਵੀਨ 'ਖਾਣ, ਪੀਣ, ਸੰਸਥਾ' ਬਗਾਨੇ ਥਾਂਉਂ ਜਾ ਕੇ ਪਚਣੋਂ ਹਟ ਜਾਂਦੀ ਹੁੰਦੀ ਹੈ। ਜਿਵੇਂ ਆਦਿਮੂਲ ਅਮਰੀਕੀ ਤੰਬਾਕੂ ਯੌਰਪ-ਅਮਰੀਕਾ ਵਿਚ, ਸ਼ਰਾਬ (ਆਂਧਰਾ 'ਚ ਅਰਕ) ਹਿੰਦ ਵਿਚ, ਅਫੀਮ ਚੀਨ ਵਿਚ, ਸਾਮਵਾਦ ਕੰਬੋਡੀਆ ਵਿਚ। ਅਣਸ਼ਿਕਸਤ ਮਾਣਸ ਦੀ ਕਲਪਨਾ ਅਨੁਸਾਰ ਸਾਨੂੰ ਸੁਤੰਤਰਤਾ ਦੀ ਸਿਆਸਤ ਪਚੀ ਨਹੀਂ।

ਮੈਂ ਫਿਰਕਾਪ੍ਰਸਤੀ (ਸੰਪਰਦਾਇਕਤਾ) ਦਾ ਭਾਵਕ, ਬੌਧਿਕ ਵਿਰੋਧੀ ਹਾਂ। 1919-21 ਵਿਚ ਸਿੱਖਾਂ ਦੇ ਸਾਰੇ ਪੰਜਾਬੀ, ਉਰਦੂ, ਅੰਗਰੇਜ਼ੀ ਅਖਬਾਰ-ਸਪਤਾਹਕ ਪੜ੍ਹੇ ਹਨ। ਜੋ ਇੰਨੀ ਕੁ ਸਮਝ ਲੱਗੀ ਹੈ ਕਿ ਸੰਪਰਦਾਇਕਤਾ, ਕੀ ਮਾੜੀ ਕੀ ਚੰਗੀ ਲਈ ਵੀ ਕੁਰਬਾਨੀ ਕਰਨੀ ਪਈ ਹੈ। ਇਸ ਲਈ ਇਹਨੂੰ ਸਤਿਕਾਰ ਸਹਿਤ ਸਮਝਣ ਦੀ ਲੋੜ ਹੈ। ਇਹਨੇ ਭਿੰਨ ਜ਼ਾਤਾਂ ਨੂੰ ਸਿੱਖ ਧਰਮ ਦੇ ਝੰਡੇ ਥੱਲੇ ਇਕੱਠਾ ਕਰ ਕੇ ਸੰਪਰਦਾਇ ਸਮਤਾ - ਨੁਹਾਰ ਬਣਾ ਦਿੱਤੀ। ਸੰਪਰਦਾਇਕਤਾ ਦੀ ਸਮਾਜਕ ਲੋੜ ਇਸ ਕਰਕੇ ਪਈ ਜੋ ਕੋਈ ਵੀ ਜ਼ਾਤ ਜਾਂ ਇਲਾਕਾ ਆਪਣੇ ਆਪ ਅਖਬਾਰ, ਸਕੂਲ ਨਹੀਂ ਚਲਾ ਸਕਦਾ ਸੀ, ਨਾ ਇਹ ਚੋਣ ਲੜਨ ਦੇ ਯੋਗ ਸੀ। ਨਾ 'ਬਾਹੀਆ' ਰਾਜਨੀਤਕ ਵਤਨ ਹੋਣ ਲੱਗਾ ਸੀ।

ਅਖਬਾਰ, ਸਕੂਲ, ਚੋਣਾਂ ਤਾਂ ਸਹਾਈ ਪਰਿਸਥਿਤੀਆਂ ਵੰਡ ਦੇ ਕਤਲਾਮ ਦੇ ਪਿਛੋਕੜ ਦਾ ਹਿੱਸਾ ਬਣੀਆਂ, ਕੇਵਲ ਇਹਨਾਂ ਕਰਕੇ ਕਤਲਾਮ ਨਹੀਂ ਹੋਣ ਲੱਗਿਆ ਸੀ। ਸੰਪਰਦਾਇਕ ਕਤਲਾਮ ਲਈ ਅਵਾਮੀ ਮਜ਼ਹਬ (popular religion) ਦਾ ਖਾਤਮਾ ਜ਼ਰੂਰੀ ਸ਼ਰਤ ਸੀ। ਜਿਵੇਂ ਬਲਬ ਦੇ ਜਗਣ ਲਈ ਬਿਜਲੀ ਜ਼ਰੂਰੀ ਹੈ, ਪਰ ਬਿਜਲੀ ਹੁੰਦਿਆਂ ਵੀ ਜ਼ਰੂਰੀ ਨਹੀਂ ਕਿ ਬਲਬ ਜਗੇ ਕਿਉਂਕਿ ਸਰਕਟ (circuit) 'ਚ ਕਿਧਰੇ ਗੜਬੜ ਹੋ ਸਕਦੀ ਹੈ। ਅਵਾਮੀ ਮਜ਼ਹਬ ਸਥਾਨਕ ਰਿਵਾਜ ਦੀ ਸੂਰਤ ਇਖਤਿਆਰ ਕਰ ਲੈਂਦਾ ਹੈ। ਉਰਦੂ ਸ਼ਬਦਾਵਲੀ ਰਸਮ-ਉ ਰਿਵਾਜ ਦੀ ਹੈ; ਜਾਦੂ ਟੂਣੇ ਰਸਮ ਹੋ ਜਾਂਦੇ ਹਨ। ਇੰਝ ਲੋਕ ਰਿਵਾਜ ਅਤੇ ਜਨਤਕ ਧਰਮ popular custom, folk religion ਵਿਚ ਫਰਕ ਨਹੀਂ ਲਗਦਾ। ਦੂਸਰੇ ਪਾਸੇ ਸੰਸਥਾਈ ਧਰਮ ਬ੍ਰਹਮਵਿੱਦਿਆ (theology) ਅਤੇ ਸੰਗਠਨ (organization) ਵੱਲ ਉਲਾਰ ਹੁੰਦਾ ਰਹਿੰਦਾ। ਇਹਦੇ ਦੋਵੇਂ ਤੱਤ (elements) ਅਵਾਮੀ ਮਜ਼ਹਬ 'ਚ ਦਖਲ ਨਹੀਂ ਦਿੰਦੇ।

ਮੇਰੇ ਬਚਪਨ 'ਚ ਪੱਬੀਏਂ ਮੇਲਾ ਗੁੱਗੇ ਪੀਰ ਦਾ ਲਗਦਾ ਸੀ, ਸੱਪ ਲੜੇ ਦਾ ਹੱਥਹੌਲਾ ਹਿੱਸੋਵਾਲ ਹੁੰਦਾ, ਜਗਰਾਵੀਂ ਸੂਫੀ ਫਕੀਰ ਦੀ ਰੋਸ਼ਨੀ ਲਗਦੀ ਸੀ, ਬਾਕੀ 'ਧੰਨੀਏਂ ਸੁੱਖ ਬੱਕਰਾ, ਤੈਨੂੰ ਮੁੜਕੇ ਜਵਾਨੀ ਆਵੇ' ਨਾਲ ਹੋਰ ਬਹੁਤ ਕੁਝ ਸੀ। ਅਵਾਮੀ

ਮਜ਼ਹਬ ਨੂੰ ਵਹਿਮਪ੍ਰਸਤੀ ਕਹਿ ਕੇ ਦੁਰਕਾਰਨਾ ਕੋਈ ਔਖੀ ਗੱਲ ਨਹੀਂ ਸੀ। ਕਿਸੇ ਰਸਮ, ਉਪਾਉ, ਟੂਣੇ ਨੂੰ ਸਮਝਕੇ ਉਸਦਾ ਵਿਰੋਧ ਇਕ ਗੱਲ ਹੈ ਪਰ ਬੇਸਮਝੀ ਵਿਚ ਮੁਖਾਲਫਤ ਕਰਨੀ ਹੋਰ ਚੀਜ਼ ਹੈ। ਬੁੱਤਪ੍ਰਸਤੀ ਦੀ ਮਿਸਾਲ ਲੈ ਲਵੋ। ਮੰਤਰ ਨਾਲ ਦੇਵ ਨੂੰ ਬੁੱਤ ਵਿਚ ਵਸਣ (ਅਧਿ-ਵਾਸਨ) ਨੂੰ ਕਿਹਾ ਜਾਂਦਾ ਹੈ ਤਾਂ ਕਿਤੇ 'ਮੂਰਤੀ' ਬਣਦੀ ਹੈ। ਪੂਜਾ ਮੂਰਤੀ ਦੀ ਨਹੀਂ, ਮੂਰਤੀ ਵਿਚ ਦੇਵਤੇ ਦੀ ਹੁੰਦੀ ਹੈ, ਜੋ ਅਮੂਰਤ ਸ਼ਕਤੀ ਸ਼ਰਧਾ ਅਧੀਨ ਸਥੂਲ ਹੋ ਗਈ ਹੈ ਜਾਂ, ਲਗਦੀ ਹੈ। ਬੁੱਤਪ੍ਰਸਤੀ ਦੀ ਆਲੋਚਨਾ ਲਈ ਬੁੱਤ ਦੀ ਨਹੀਂ, ਮੰਤਰ ਦੀ ਆਲੋਚਨਾ ਜ਼ਰੂਰੀ ਹੈ, ਜਿਸ ਤੋਂ ਸੰਸਥਾਈ ਧਰਮ ਗੁਰੇਜ਼ ਕਰਦੇ ਹਨ ਕਿਉਂਜੁ ਧਰਮ ਗ੍ਰੰਥ ਕਿਸੇ ਹੱਦ ਤਕ ਆਪ ਮੰਤਰ ਜੇਹੇ ਹੁੰਦੇ ਹਨ।

ਧਾਰਮਿਕ ਸੁਧਾਰ ਲਹਿਰਾਂ ਸਮੇਂ ਸੁਧੀਰ ਕੱਕੜ ਦੀ Shamans, Mystics & Doctors, 1982, ਜੇਹੀ ਰਚਨਾ ਸੁਲੱਭ ਨਹੀਂ ਜੋ ਅਵਾਮੀ ਮਜ਼ਹਬ ਦਾ ਪੱਖ ਪੂਰਿਆ ਜਾਵੇ। ਇਕ ਪਾਸੇ ਪੱਛਮੀ ਵਿੱਦਿਆ ਪ੍ਰਾਪਤ ਪੜ੍ਹੇ-ਲਿਖੇ ਧਰਮ ਸੁਧਾਰਕ ਸਨ, ਦੂਜੇ ਬੰਨੇ ਅਨਪੜ੍ਹ ਕਿਰਤੀ ਸਨ। ਦਿਲਚਸਪ ਗੱਲ ਹੈ ਕਿ ਹਿੰਦੂ, ਸਿੱਖਾਂ ਮੁਸਲਮਾਨਾਂ ਦੀ ਜਿਹੜੀ ਸਹਿਮਤੀ ਕਿਸੇ ਚੀਜ਼ 'ਤੇ ਨਹੀਂ ਹੁੰਦੀ ਸੀ, ਅਵਾਮੀ ਮਜ਼ਹਬ ਦੀ ਮੁਖਾਲਫਤ ਵਿਚ ਪੱਕੀ ਸੀ। ਨਾਲੇ ਹੈਰਾਨੀ ਹੈ ਕਿ ਵਿਦੇਸ਼ੀ ਸਰਕਾਰ ਵੀ ਇਹਨਾਂ ਨਾਲ ਰਲ਼ੀ ਹੋਈ ਸੀ।

ਵਾਰਿਸ ਸ਼ਾਹ 79 ਜਾਤਾਂ ਅਤੇ 36 ਫਿਰਕਿਆਂ ਦੀ ਗੱਲ ਕਰਦਾ ਹੈ (ਹਿੰਦੂ, ਮੁਸਲਾਮਾਨ, ਇਕ ਸਿੱਖ) ਇਹਨਾਂ ਨੂੰ ਇੱਬਸਟਨ ਦੇ Castes and Tribes of the Punjab ਦਾ ਖਾਕਾ (sketch) ਕਿਹਾ ਜਾ ਸਕਦਾ ਹੈ। ਵਿਦੇਸ਼ੀ ਰਾਜ ਨਾਲ ਆਈਆਂ ਨਵੀਆਂ ਸੰਸਥਾਵਾਂ ਦੀ ਕਾਮਯਾਬੀ ਜਾਂ ਸੰਪਰਦਾਇਕਤਾ ਦੀ ਸਫਲਤਾ separate electorate ਦੀ ਕਰਨੀ ਸੀ। ਸੰਪਰਦਾਇਕਤਾ ਦੇ ਵਿਹਾਰ ਨੇ ਜਾਤਾਂ ਅਤੇ ਇਲਾਕੇ 'ਸਥਾਨਕ ਦੇਸ਼' 'ਚੋਂ ਕੱਢਕੇ ਸਿਆਸੀ ਸਪੇਸ (political space) ਵਿਚ ਪਾ ਦਿੱਤੇ। ਸਥਾਨਕ ਦੇਸ਼ ਵਾਲੀ ਭਿੰਨਤਾ ਰਾਜਨੀਤਕ ਇਕਸਾਰਤਾ (uniformity) ਹੋ ਗਈ। ਨਾਲੇ ਚੋਣ ਨੇ ਸਥਾਨਕ ਦੇਸ਼ ਦੇ ਸੀਮਤ ਖੇਤਰਫਲ ਨੂੰ ਵਧਾ ਕੇ ਸਿਆਸੀ ਹਲਕਾ ਬਣਾ ਦਿੱਤਾ।

ਵਿਦੇਸ਼ੀ ਰਾਜ ਦਾ ਦੂਸਰਾ ਮਹੱਤਵਪੂਰਨ ਪਰਿਣਾਮ ਸੀ ਕਿ ਇਹਦੇ ਅਸਰ ਥੱਲੇ ਸਥਾਨਕ ਦੇਸ਼ ਤਾਂ ਸੰਪਰਦਾਇਕ ਮੱਤ-ਗਣਾਂ 'ਚ ਵੰਡ ਹੋ ਕੇ ਇਕ ਤਰ੍ਹਾਂ ਵਧ ਗਿਆ ਪਰ ਹਲਕੇ 'ਚ ਗੁੰਮ ਹੋ ਗਿਆ। ਦੂਜੇ ਬੰਨੇ ਉਪਰਲਾ ਰੂਹਾਨੀ ਮੁਲਕ ਆਪਣੀ ਭਿੰਨਤਾ ਤੋਂ ਵਾਂਝਤ ਹੋ ਗਿਆ।

ਪੂਰਵ ਅੰਗਰੇਜ਼ ਸਮੇਂ ਪੀਰ, ਪੈਗ਼ੰਬਰ ਜਨ ਦੀ ਲੌਕਿਕ ਰਕਸ਼ਾ, ਉਹਦਾ ਭਲਾ ਤੇ ਹਿਤ ਕਰਦੇ ਸੀ। ਜਿਵੇਂ ਸ਼ੇਖ ਫਰੀਦ ਬਾਰੇ ਇਹ ਕਿਹਾ ਗਿਆ ਹੈ, 'ਸ਼ਕਰਗੰਜ 'ਚੇ ਆਣ ਮੁਕਾਮ ਕੀਤਾ, ਦੁੱਖ ਦਰਦ ਪੰਜਾਬ ਦਾ ਦੂਰ ਹੈ ਜੀ'। ਸ਼ਕਰਗੰਜ ਖੰਡ ਦਾ ਖਜ਼ਾਨਾ। ਸਿੱਖ ਪ੍ਰਵਚਨ ਅਨੁਸਾਰ ਗੁਰੂ ਸਾਹਿਬ ਇਲਾਕਾ ਤਾਰਦੇ ਫਲਾਨੇ ਪਿੰਡ ਪਹੁੰਚੇ। ਸਖੀ ਸਰਵਰ ਦਾਨੀਆਂ ਦਾ ਸਰਦਾਰ। ਲੋਕ ਮੁਹਾਵਰੇ ਵਿਚ ਅਸੀਂ ਖਾਸ ਮਿੱਤਰ ਨੂੰ 'ਬੰਦਾ ਪਰਵਰ' ਸਖੀ ਸਰਵਰ ਕਹਿੰਦੇ ਪ੍ਰਣਾਮ ਕਰਦੇ ਹਾਂ। ਦੁਆਬੇ 'ਚ ਸਖੀ ਸਰਵਰ ਦੀ ਖਾਸ ਮਾਨਤਾ ਸੀ। ਵਲਾਇਤ ਦਾ ਮਤਲਬ ਉਹ ਇਲਾਕਾ ਜਿਸ 'ਤੇ ਵਲੀ (ਸੂਫੀ ਫਕੀਰ) ਦਾ ਸੁਖ-ਵਰਤੀ ਅਸਰ ਹੈ। ਪੀਰ, ਫਕੀਰ, ਗੁਰੂ, ਸੰਤ, ਸਾਧੂ ਚਲਦੇ ਫਿਰਦੇ 'ਚਿੰਤਪੁਰਨੀ' 'ਮਨਸਾ ਦੇਵੀ' ਹੁੰਦੇ ਹਨ।

ਰਾਂਝੇ ਦੇ ਪੰਜ ਪੀਰਾਂ ਦਾ ਆਪਣਾ ਆਪਣਾ ਕੇਂਦਰ ਹੈ। ਖਵਾਜਾ ਖਿਜਰ ਭੁੱਲਿਆਂ ਨੂੰ ਰਾਹ ਦੱਸਣ ਵਾਲਾ ਹੈ। ਮਹੱਤਵਪੂਰਨ ਤੱਥ ਹੈ ਕਿ ਸਥਾਨਕ ਦੇਸ਼ ਸੀਮਤ ਸੀ ਪਰ ਇਹਦੇ

ਉੱਤੇ ਰੂਹਾਨੀ ਮੁਲਕ ਬਹੁਤ ਲੰਮਾ ਚੌੜਾ ਸੀ। ਚੋਣ ਹਲਕਿਆਂ ਉੱਤੇ ਸ਼ਾਇਦ ਭਿੰਨਤਾ-ਹੀਣ ਰੂਹਾਨੀ ਮੁਲਕ ਛਾਉਣ ਲੱਗਿਆ ਜਿਸ ਨਾਲ ਧਰਮ ਦੀ ਸੰਪਰਦਾਇਕਤਾ ਵਧਦੀ ਗਈ ਪਰ ਆਤਮਿਕਤਾ ਘਟਦੀ ਗਈ। ਇਸੇ ਕਾਰਨ ਸੰਪਰਦਾਇਕਤਾ ਦੀ ਧਾਰਮਿਕ ਆਲੋਚਨਾ ਕੋਸ਼ਿਸ਼-ਇ ਨਾਕਾਮ ਹੋਣੀ ਜ਼ਰੂਰੀ ਹੋ ਜਾਂਦੀ ਹੈ।

ਆਧੁਨਿਕ ਰਾਜਨੀਤੀ ਦਰਸ਼ਨ ਦਾ ਆਧਾਰ ਹੈ ਕਿ 'ਆਜ਼ਾਦੀ ਜੀਵਨ ਤੇ ਜਾਇਦਾਦ ਦੀ ਰਕਸ਼ਾ' ਹੈ (freedom is protection of life and property) - ਦੇਸ਼ ਦੀ ਵੰਡ ਦੇ ਪਿਛੋਕੜ ਵਿਚ ਕਾਂਗਰਸ ਦੀਆਂ ਦੋ ਵੱਡੀਆਂ ਗ਼ਲਤੀਆ ਹਨ ਜਿਹਨਾਂ ਦਾ ਬੁੱਧੀਮਾਨ ਜ਼ਿਕਰ ਨਹੀਂ ਕਰਦੇ। ਅੰਗਰੇਜ਼ੀ ਸਰਕਾਰ ਕਈ ਸਾਲ ਗੁਰਦੁਆਰਾ ਸੁਧਾਰ ਦੀ ਵਿਰੋਧਤਾ ਕਰਦੀ ਰਹੀ ਕਿਉਂਜੁ ਗੁਰਦੁਆਰੇ ਉਦਾਸੀਆ ਦੀ ਜਾਇਦਾਦ ਸੀ ਜੋ ਕਿਸੇ ਹੋਰ ਨੂੰ ਕਾਨੂੰਨੀ ਤੌਰ 'ਤੇ ਦਿੱਤੇ ਨਹੀਂ ਜਾ ਸਕਦੇ ਸੀ। ਅੰਗਰੇਜ਼ ਤਾਂ ਗੁਰਦੁਆਰਾ ਅੰਦੋਲਨ ਦੇ ਦਬਾਉ ਹੇਠ ਜਾਇਦਾਦ ਦੇ ਅਸੂਲ ਤੋਂ ਪਿੱਛੇ ਹਟ ਗਏ, ਜੋ ਗੁਰਦੁਆਰਾ ਐਕਟ ਰਾਹੀਂ ਸਿੱਖਾਂ ਨੂੰ ਗੁਰਦੁਆਰੇ ਦੇ ਦਿੱਤੇ ਪਰ ਕਾਂਗਰਸ ਨੂੰ ਜਾਇਦਾਦ ਦੇ ਅਸੂਲ ਦਾ ਭੂਤ ਚਿੰਬੜਿਆ ਰਿਹਾ ਜੋ 1899 ਤੋਂ ਹੀ 1937 ਤਕ ਆਰਯਾ ਸਮਾਜ ਦੇ ਅਸਰ ਥੱਲੇ Land Alienation Act ਦੀ ਮੁਖਾਲਫਤ ਕਰਦੀ ਰਹੀ, ਕਿਉਂਕਿ ਬਹੁਤਾ ਕਰਕੇ ਪੱਛਮੀ ਪੰਜਾਬ ਵਿਚ ਕਰਜ਼ਾ ਦੇਣ ਵਾਲੇ ਹਿੰਦੂ ਅਤੇ ਕਰਜ਼ਾ ਲੈਣ ਵਾਲੇ ਮੁਸਲਮਾਨ ਸੀ।

ਕਾਂਗਰਸ ਸੈਸ਼ਨ 'ਤੇ ਕਿਸੇ ਡੈਲੀਗੇਟ ਨੇ ਕਿਹਾ ਸੀ ਕਿ ਉਪਰੋਕਤ Land Alienation Bill ਜਾਇਦਾਦ ਦੇ ਹੱਕ ਦੀ ਉਲੰਘਣਾ ਹੈ ਜੋ ਕਰਜ਼ਾ ਮੋੜਨਾ ਮਕਰੂਜ਼ ਦਾ ਆਚਾਰਕ, ਧਾਰਮਿਕ ਫਰਜ਼ ਹੈ। ਕੋਈ ਸੌ ਸਾਲ ਪਹਿਲਾਂ ਵਾਰਿਸ ਕਹਿੰਦਾ ਹੈ 'ਬਹੀ ਖੱਤਰੀ ਦੀ ਰਹੀ ਖੱਤਰੀ 'ਤੇ, ਲੇਖਾ ਹੋਇ ਗਿਆ ਪਹਾੜ ਮੀਆਂ'। ਕਾਂਗਰਸ ਡੈਲੀਗੇਟ ਨੇ ਇਹ ਨਹੀਂ ਕਿਹਾ ਕਿ ਲੇਖੇ ਨੂੰ ਪਹਾੜ ਕਰਨਾ ਵੀ ਆਚਾਰਕ, ਧਾਰਮਿਕ ਫਰਜ਼ ਹੈ। ਇਸੇ ਪ੍ਰਵਿਰਤੀ ਅਧੀਨ ਪਸ਼ਾਵਰ, ਕੈਂਬਲਪੁਰ ਕਚਹਿਰੀਆਂ ਵਿਚ ਉਦਾਸੀ ਮਹੰਤਾਂ ਦਾ ਪੱਖ ਪੂਰਦਿਆਂ ਆਰਯਾ ਸਮਾਜੀਆਂ ਨੇ ਗੁਰਦੁਆਰਾ ਸੁਧਾਰ ਕਰਦੇ ਅਕਾਲੀਆਂ ਨੂੰ ਬਾਲਸ਼ਵਿਕ (Bolshevik) ਅਤੇ ਅਰਾਜਕ (anarchist) ਕਿਹਾ ਸੀ। ਜਾਇਦਾਦ ਦੀ ਗੁੱਝੀ ਪ੍ਰਵਿਰਤੀ ਅਨੁਸਾਰ ਕਾਂਗਰਸ ਬੰਗਾਲ ਵਿਚ (ਮੁਸਲਮਾਨ) ਕ੍ਰਿਸ਼ਕ ਲੋਕ ਪਾਰਟੀ ਨਾਲ ਕੋਈ ਸਮਝੌਤਾ ਨਾ ਕਰ ਸਕੀ ਜੋ ਇਹ ਮੁਸਲਮਾਨਾਂ ਨੂੰ ਆਜ਼ਾਦੀ ਮਿਲਣ 'ਤੇ ਵੀ ਅਸੰਬਲੀ ਵਿਚ 50 ਫੀਸਦੀ ਸੀਟਾਂ ਦੇਣ ਲਈ ਤਿਆਰ ਨਹੀਂ ਸੀ, ਭਾਵੇਂ ਉਹਨਾਂ ਦੀ ਸੂਬੇ ਵਿਚ ਬਹੁਗਿਣਤੀ ਸੀ। ਦੇਸ਼ ਦੀ ਅਖੰਡਤਾ ਲਈ ਪੰਜਾਬ ਅਤੇ ਬੰਗਾਲ ਦੇ ਸੂਬੇ ਫੈਸਲਾਕੁਨ ਹੋਣੇ ਸੀ। ਦੋਵੇਂ ਕਾਂਗਰਸ ਨੇ ਕਿਸੇ ਦੇ ਖੋਹਣ ਤੋਂ ਬਹੁਤੇ ਆਪ ਗੁਆ ਲਏ।

ਪੂਰਵ-ਵੰਡ ਦੇਸ਼ ਦੀ ਰਾਜਨੀਤੀ ਬਾਰੇ ਦੋ ਮਹੱਤਵਪੂਰਨ ਤੱਥ ਹਨ। ਨੰਬਰ ਇਕ ਰਿਆਸਤਾਂ ਵਿਚ ਸੰਪਰਦਾਇਕਤਾ ਨੇ ਪ੍ਰਵੇਸ਼ ਨਹੀਂ ਕੀਤਾ। ਅੰਗਰੇਜ਼ੀ ਇਲਾਕੇ ਵਿਚ ਕਿਸੇ ਹੱਦ ਤਕ ਸ਼ਹਿਰੀ ਆਜ਼ਾਦੀ, ਰਾਜਸੀ ਹਲਚਲ, ਦੰਗੇ ਫਸਾਦ ਪ੍ਰਸ਼ਾਸਨ (administration) 'ਤੇ ਦਬਾਉ/ਅਸਰ ਪਾਉਣ ਦਾ ਢੰਗ ਸੀ। ਰਿਆਸਤਾਂ ਵਿਚ 'ਸੀਮਤ' ਸਿਆਸੀ ਆਜ਼ਾਦੀ ਦੀ ਅਣਹੋਂਦ ਹੀ ਜਾਤਾਂ ਨੂੰ ਸੰਗਠਤ ਹੋਣ ਦਾ ਮੌਕਾ ਨਹੀਂ ਦਿੰਦੀ ਸੀ; ਨਾ ਹੀ ਕਿਸੇ ਸਮਾਜ ਦਾ ਕੋਈ ਪ੍ਰੋਗਰਾਮ ਹੋ ਸਕਦਾ ਸੀ। ਅੰਗਰੇਜ਼ੀ ਇਲਾਕੇ ਵਿਚ increasing associations of Indians with the administration ਦੀ ਪੱਕੀ ਮੰਗ ਸੀ। ਸਾਮਰਾਜੀ ਸਰਕਾਰ ਆਪ ਕਹਿੰਦੀ ਸੀ ਕਿ ਉਹਨੇ ਹਿੰਦਸਤਾਨੀਆਂ ਨੂੰ ਹੌਲੀ ਹੌਲੀ ਸੁਤੰਤਰ ਹੋਣ ਦੇ ਯੋਗ ਬਣਾਉਣਾ ਹੈ। ਹਿੰਦਸਤਾਨੀ ਦੇਸੀ ਬੰਦਿਆਂ ਦੀ ਪ੍ਰਸ਼ਾਸਨ ਨਾਲ ਭਾਈਵਾਲੀ ਦੀ ਮਾਤਰਾ ਜਾਂ ਕਾਹਲ ਦੀ ਗੁਜ਼ਾਰਸ਼ ਤਾਂ ਕਰ ਸਕਦੇ ਸੀ। ਰਿਆਸਤ 'ਚ

ਇਕ-ਪੁਰਖੀ ਰਾਜ ਅੰਗਰੇਜ਼ੀ ਇਲਾਕੇ ਵਾਲੀ ਪਰਿਸਥਿਤੀ ਪੈਦਾ ਹੀ ਨਹੀਂ ਹੋਣ ਦਿੰਦਾ ਸੀ।

ਮਹਾਤਮਾ ਗਾਂਧੀ ਨੇ ਕਾਂਗਰਸ ਨੂੰ ਮਨਾ ਲਿਆ ਸੀ ਕਿ ਰਿਆਸਤਾਂ ਵਿਚ ਕੌਮੀ ਲਹਿਰ ਨਹੀਂ ਚਲਾਉਣੀ ਕਿਉਂਕਿ ਰਾਜੇ 'ਹਿੰਦੁਸਤਾਨੀ' ਸਨ। ਰਿਆਸਤਾਂ ਵਿਚ ਸਿਆਸੀ ਲਹਿਰ ਹਿੰਦੂ-ਮੁਸਲਿਮ ਏਕਤਾ ਬਣਾਉਣ ਦਾ ਸਿੱਕੇਬੰਦ ਸਾਧਨ ਹੋ ਸਕਦੀ ਸੀ ਕਿਉਂਜੁ ਕਸ਼ਮੀਰ 'ਚ ਮੁਸਲਮਾਨਾਂ ਦੀ ਰਾਜਨੀਤਕ ਕਾਰਗੁਜ਼ਾਰੀ ਹਿੰਦੂ ਰਾਜੇ ਖਿਲਾਫ ਹੋਣੀ ਸੀ, ਅਤੇ ਹੈਦਰਾਬਾਦ ਵਿਚ ਹਿੰਦੂ ਜਨਤਾ ਦੀ ਚੇਸ਼ਟਾ ਮੁਸਲਿਮ ਨਵਾਬ ਦੇ ਉਲਟ ਹੋਣੀ ਸੀ। ਇੰਝ ਕਾਂਗਰਸ ਨੇ ਹਿੰਦੂ-ਮੁਸਲਿਮ ਏਕਤਾ ਦਾ ਮੌਕਾ ਗੁਆ ਦਿੱਤਾ ਜੋ ਸੰਪਰਦਾਵਾਂ ਦਾ ਤਾਂ ਰਾਸ਼ਟਰ ਦੀ ਸੁਤੰਤਰਤਾ ਦਾ ਮਨੋਰਥ ਵੀ ਨਹੀਂ ਸੀ।

ਦੂਸਰੇ ਸੁਤੰਤਰਤਾ ਸੰਗਰਾਮ ਦੀ ਚੜ੍ਹਤ ਦੇ ਨਾਲ ਸੰਪਰਦਾਇਕਤਾ ਤੇਜ਼ ਹੁੰਦੀ ਗਈ। ਦੰਗਿਆਂ ਦੀ ਗਿਣਤੀ ਅਤੇ ਇਹਨਾਂ ਵਿਚ ਜਾਨਾਂ ਜਾਣ ਦੀ ਗਿਣਤੀ ਇਸੇ ਜੋੜ ਨੂੰ ਸਿੱਧ ਕਰਦੀ ਹੈ। ਸੁਤੰਤਰਤਾ ਸੰਗਰਾਮ ਅਤੇ ਫਿਰਕਾਪ੍ਰਸਤੀ ਦੀ ਸਮਾਨਾਂਤਰ ਵ੍ਰਿਧੀ ਫਿਕਰ ਵਾਲੀ ਗੱਲ ਹੈ। ਇਹਨਾਂ ਦੀ ਕੋਈ ਨਾ ਕੋਈ ਸਾਂਝ ਹੋਣੀ ਹੈ? ਉਹ ਕਿਹੜੀ ਹੈ? ਇਹਦੀ ਜਾਣਕਾਰੀ ਤੋਂ ਬਿਨਾਂ ਸੰਪਰਦਾਇਕਤਾ ਉੱਤੇ ਜਿੱਤ ਨਹੀਂ ਹੋ ਸਕਦੀ ਹੈ। ਇਹ ਸਵਾਲ ਅੱਜ ਵੀ ਕਾਇਮ ਹੈ। ਕੀ ਵਜਾਹ ਹੈ ਕਿ ਮੁਲਕ ਨੂੰ ਆਜ਼ਾਦੀ ਮਿਲਣ ਮਗਰੋਂ ਦਾ ਅਰਸਾ ਜਿਉਂ ਜਿਉਂ ਵਧਦਾ ਜਾ ਰਿਹਾ, ਸੰਪਰਦਾਇਕਤਾ ਵੀ ਇਹਦੀ ਪੈੜ ਦਬਦੀ ਆਉਂਦੀ ਹੈ।

ਇਹ ਗੱਲ ਕਹਿੰਦਿਆਂ ਸ਼ਰਮ ਆਉਂਦੀ ਹੈ ਜੋ ਦੇਸ਼ ਦੀ ਆਜ਼ਾਦੀ ਲਈ ਸ਼ਹੀਦ ਤਾਂ ਬਹੁਤ ਹੋਏ ਹਨ ਪਰ ਫਿਰਕਾਪ੍ਰਸਤੀ ਖਿਲਾਫ ਲੜਦਾ ਕੋਈ ਸ਼ਹੀਦ ਨਹੀਂ ਹੋਇਆ। ਮਹਾਤਮਾ ਗਾਂਧੀ ਨੂੰ ਸ਼ਹੀਦ ਕੀਤਾ ਗਿਆ, ਉਹ ਆਪ ਸ਼ਹੀਦ ਨਹੀਂ ਹੋਇਆ। ਇੰਝੇ ਇਕ ਅੰਗਰੇਜ਼ ਨੂੰ ਸ਼ਹੀਦ ਕੀਤਾ ਗਿਆ ਜਿਹੜਾ ਵੇਈਂ ਕੰਢੇ ਮੁਸਲਮਾਨ ਕੈਂਪ (camp) 'ਚ ਮੁਸ਼ਕਲ ਪਹੁੰਚਣ ਵਾਲਿਆਂ ਦਾ ਸਾਥ ਦਿੰਦਾ ਸੀ।

ਸਾਲ 1920 ਵਿਚ ਆਗਰੇ ਹਿੰਦੂ-ਮੁਸਲਿਮ ਫਸਾਦ ਹੋਇਆ, (ਅੱਜ ਤਾਂ ਲਗਦਾ ਸੁੱਖ ਨਾ') ਡਾਂਗਾਂ ਚੱਲੀਆਂ ਜੋ ਕਈਆਂ ਦੇ ਸੱਟਾਂ ਵੱਜੀਆਂ। ਕੁਝ ਦਿਨ ਪਿੱਛੋਂ ਹਿੰਦੂ ਮੁਸਲਿਮ ਏਕਤਾ ਦਾ ਸਮਾਗਮ ਹੋਇਆ ਜਿਸ ਵਿਚ ਹਕੀਮ ਅਜਮਲ ਖਾਂ ਅਤੇ ਲਾਲਾ ਸ਼ੰਕਰ ਲਾਲ ਨੇ ਇਕ ਦੂਸਰੇ ਦੇ ਸਕੇ ਭਰਾਵਾਂ ਵਾਂਗੂੰ ਹਾਰ ਪਾਏ। ਕੀ ਸਾਰਾ ਦੰਗਾ-ਰੋਕਥਾਮ ਪ੍ਰਬੰਧ ਇਸ ਤੋਂ ਅੱਗੇ ਗਿਆ ਹੈ ਕਿ ਨਹੀਂ?

ਰੱਬ ਦਾ ਸ਼ੁਕਰ ਹੈ ਜੇ ਮੈਂ ਗ਼ਲਤ ਹੋਵਾਂ ਕਿ ਆਜ਼ਾਦ ਭਾਰਤ ਵਿਚ ਕੋਈ ਦੰਗੇ ਦੀ ਪ੍ਰਕਿਰਿਆ (process) ਦੀ ਰਿਪੋਰਟ ਨਹੀਂ ਛਪੀ। ਸੁਣਿਆ, ਇਕ ਨੂੰ ਛਾਪਣ ਤੋਂ ਸਰਕਾਰ ਮੁਨਕਰ ਹੈ। The Darkening Twilight ਦਾ ਜ਼ਮੀਮਾ ਰਿਆਸਤੀ ਫੌਜ ਵੱਲੋਂ ਪਿੰਡ ਵਿਚ ਬੰਦੇ ਮਾਰਨ ਦੀ ਵਿਧੀ ਦਾ ਵੇਰਵਾ ਹੈ ਜੋ ਫੌਜ ਦੀ ਖੁਫੀਆ ਪੁਲਸ ਦੀ ਰਿਪੋਰਟ ਹੈ ਅਤੇ Army Headquarter 'ਚ ਪਈ ਹੈ। ਕਈ ਸਾਲ ਹੋਏ ਚੰਡੀਗੜ੍ਹ ਅੰਗਰੇਜ਼ੀ Tribune ਵਿਚ ਕਿਤਾਬ ਦਾ ਮੇਰੇ ਵੱਲੋਂ ਰਿਵਿਊ ਛਪਿਆ ਸੀ।

ਕੀ ਦੰਗਾ ਰਿਪੋਰਟਾਂ ਦੀ ਅਣਹੋਂਦ ਜਾਂ ਅਣ-ਪ੍ਰਕਾਸ਼ਨ ਦੇਸ਼ ਦੀ ਗੁੱਝੀ ਸੰਪਰਦਾਇਕਤਾ ਵੱਲ ਇਸ਼ਾਰਾ ਨਹੀਂ ਕਰਦਾ?

ਪੂਰਵ-ਅੰਗਰੇਜ਼ ਫਿਰਕਿਆਂ ਜਾਤੀਆਂ ਦੀ ਸਹਿ-ਹੋਂਦ ਦੇ ਬਾਵਜੂਦ ਹਿੰਦੂ-ਮੁਸਲਿਮ ਵਿਰੋਧ ਸੀ- 'ਵਾਰਿਸਸ਼ਾਹ ਜਿਉਂ ਸੰਖੀਆ ਚੂਹਿਆਂ ਨੂੰ, ਸੰਖ ਮੁੱਲਾਂ ਨੂੰ ਬਾਂਗ ਜਿਉਂ ਬਾਹਮਣਾਂ ਨੂੰ'। ਏਸ ਵਿਰੋਧ ਦੀ, ਵਿਅਕਤੀਆਂ ਦੇ ਝਗੜੇ, ਜਾਤਾਂ ਦੀ ਲੜਾਈ ਦੀ

ਸੰਪਰਦਾਇਕ ਜੰਗਲ ਦੀ ਅੱਗ ਬਣ ਜਾਣ ਦੀ ਸਮਰੱਥਾ ਨਹੀਂ ਸੀ ਕਿਉਂਕਿ ਵਿਰੋਧ ਨੂੰ ਹਵਾ ਦੇਣ ਵਾਲੀਆਂ ਸੰਸਥਾਵਾਂ ਅਖਬਾਰ, ਪਾਰਟੀਆਂ, 'ਲੌਕਿਕ ਵਿੱਦਿਆਲਿਆਂ, ਸੜਕਾਂ ਆਦਿ ਦੀ ਅਣਹੋਂਦ ਸੀ।

ਜੱਸਾ ਸਿੰਘ ਆਹਲੂਵਾਲੀਆ ਲਾਹੌਰ ਗਊ-ਘਾਤੀਆਂ ਨੂੰ ਮਾਰ ਕੇ ਮੁੜਦਾ ਦਰਿਆ ਕੰਢੇ ਮੁਸਲਮਾਨ ਪਿੰਡ ਵਿਚ ਆਰਾਮ ਨਾਲ ਰਹਿੰਦਾ ਹੈ। ਇਕ ਵਾਰ ਉਹਦੀ ਫੌਜ ਦੇ ਸਿੱਖ ਸਿਪਾਹੀ ਫਤਿਹਆਬਾਦ ਮੁਸਲਮਾਨ ਰਾਜਪੂਤਾਂ ਨੇ ਕੁੱਟ ਦਿੱਤੇ। ਉਹਨਾਂ ਅੰਮ੍ਰਿਤਸਰ ਜਾ ਕੇ ਜੱਸਾ ਸਿੰਘ ਕੋਲ ਸ਼ਕਾਇਤ ਕੀਤੀ, ਜਿਸ ਨੇ ਕਿਸੇ ਕਿਸਮ ਦੀ ਕਾਰਵਾਈ ਕਰਨ ਤੋਂ ਜਵਾਬ ਦੇ ਦਿੱਤਾ, ਮੈਂ ਆਪਣੇ ਬਹਾਦਰ ਚਾਕਰਾਂ 'ਤੇ ਕਿਵੇਂ ਚੜ੍ਹਾਈ ਕਰ ਦਿਆਂ?

ਮੱਧਕਾਲੀ ਹਿੰਦੁਸਤਾਨ ਵਿਚ ਜੇ ਹਿੰਦੂ ਮੁਸਲਮਾਨਾਂ ਦੀ ਆਪਸੀ ਹਿੰਸਾ ਦੀ ਅਣਹੋਂਦ ਹੈ ਤਾਂ ਇਹ ਉਹਨਾਂ ਦੀ ਭਲਮਾਣਸੀ ਦਾ ਨਤੀਜਾ ਨਹੀਂ ਸੀ ਸਗੋਂ ਆਧੁਨਿਕ ਸੰਸਥਾਵਾਂ ਦੀ ਅਣਹੋਂਦ ਸੀ।

ਅਤਿ ਪਛੜੇ ਮਹਾਂਦੀਪ ਅਫਰੀਕਾ 'ਚ ਗਿਨੀ ਬਸਾਉ (Guinea Bassau) ਦੇਸ਼ ਦੀ ਮਿਸਾਲ ਹੈ। ਉੱਥੋਂ ਦੇ ਕਮਿਊਨਿਸਟ ਆਗੂ ਸੀਕੋ ਤੂਰਾ Seiko Toura ਨੇ ਵੇਖਿਆ ਕਿ ਪੁਰਤਗਾਲੀ ਸਾਮਰਾਜ ਖਿਲਾਫ ਲੜਦੀ ਮੁਕਤੀ ਵਾਹਿਨੀ ਦਾ ਡੇਰਾ (camp) ਕਬੀਲਿਆਂ ਦੇ ਆਧਾਰ 'ਤੇ ਬਣਿਆ ਹੋਇਆ ਹੈ। ਉਹਨੇ ਇਹ ਕਹਿੰਦਿਆਂ ਕੈਂਪ ਬੰਦ ਕਰਵਾ ਦਿੱਤਾ- ਜੇ ਸਮਾਜਵਾਦ ਕਬੀਲਾਪ੍ਰਸਤੀ ਨਾਲ ਆਉਣਾ ਹੈ ਤਾਂ ਮੈਨੂੰ ਸਮਾਜਵਾਦ ਦੀ ਲੋੜ ਨਹੀਂ। ਕਾਸ਼, ਸਾਡੇ ਮੁਲਕ 'ਚ ਵੀ ਕੋਈ ਹੁੰਦਾ ਜੋ ਕਹਿੰਦਾ, ਜੇ ਮੁਲਕ ਨੇ ਵੰਡ ਹੋ ਕੇ ਹੀ ਆਜ਼ਾਦ ਹੋਣਾ ਹੈ ਤਾਂ ਮੈਨੂੰ ਆਜ਼ਾਦੀ ਦੀ ਲੋੜ ਨਹੀਂ।

'47 ਦੀ ਵੰਡ ਦੇ ਮਗਰੋਂ ਜਗਰਾਵੀਂ ਰੋਸ਼ਨੀ ਲੱਗੀ। ਸੂਫੀ ਦੇ ਮਕਬਰੇ 'ਚ ਧਰੇ ਗ੍ਰੰਥ ਸਾਹਿਬ ਨੂੰ, ਸੁਣਿਆ, ਸਤਿਕਾਰ ਸਹਿਤ ਇਕ ਪਾਸੇ ਰੱਖ ਦਿੱਤਾ ਜੋ ਮੇਲਾ ਲਗਦਾ ਰਿਹਾ। ਕੁਝ ਦਿਨਾਂ ਮਗਰੋਂ ਖਾਸ ਸ਼ਰਧਾਵਾਨ ਮਾਸਟਰ ਤਾਰਾ ਸਿੰਘ ਕੋਲ ਪਹੁੰਚੇ ਜਿਹਨੂੰ ਪਹਿਲਾਂ ਹੀ ਖਬਰ ਪਹੁੰਚ ਚੁੱਕੀ ਸੀ। ਮਿਲਣ ਵਾਲੇ ਮਾਸਟਰ ਜੀ ਨੂੰ ਕਹਿੰਦੇ ਕਿ ਗ੍ਰੰਥ ਦੀ ਬੇਹੁਰਮਤੀ ਹੋਈ ਹੈ। ਮਾਸਟਰ ਜੀ ਕਹਿੰਦੇ ਆਪਾਂ ਸਿੱਖਾਂ ਦੇ ਖਿਲਾਫ ਕਿਵੇਂ ਮੋਰਚਾ ਲਾਵਾਂਗੇ?

ਅਵਾਮੀ ਮਜ਼ਹਬ ਸੰਸਥਾਈ ਧਰਮ ਦਾ ਤਾਤਵਿਕ, ਤਾਰਕਿਕ ਵਿਰੋਧ ਨਹੀਂ ਪਰ ਵਿਹਾਰਕ ਵਿਕਲਪ ਜ਼ਰੂਰ ਹੈ। ਸੰਤ ਆਗਸਟੀਨ (Augustine 354-430) ਹਿੱਪੋ (ਅਫਰੀਕਾ) ਦੇ ਬਿਸ਼ਪ ਦੀਆਂ ਕਿਰਤਾਂ ਵਿਚ ਅਵਾਮੀ ਸੰਸਕਾਰ-ਵਿਧੀਆਂ (cults) ਵੱਲੋਂ ਸੰਸਥਾਈ ਈਸਾਈ ਧਰਮ ਦੀ ਆਲੋਚਨਾ ਸੁਲੱਭ ਹੈ ਜਿਹਨਾਂ ਅਨੁਸਾਰ ਰੋਮਨ ਸਾਮਰਾਜ ਦਾ ਪਤਨ ਈਸਾਈ ਧਰਮ ਦੇ ਕਾਰਨ ਹੋਇਆ ਹੈ।

ਅੱਜ ਪੂਰਬੀ, ਪੱਛਮੀ ਪੰਜਾਬ ਦੇ ਜਨ ਬਾਰੇ ਵਾਰਿਸਸ਼ਾਹ ਦੀ ਬੈਂਤ ਵਿਚ {ਹ} ਦੇ ਵਾਧੇ ਨਾਲ ਕਿਹਾ ਜਾ ਸਕਦਾ ਹੈ ਇਹ ਸੂਰਤਾਂ ਠੱਗ ਜੋ ਵੇਖਦੇ ਹੋ, ਵਾਰਿਸਸ਼ਾਹ ਫਕੀਰ ਦੀ ਨਾਲ ਦੀਆਂ ਨ(ਹ)ੀਂ।❑❑

(144, ਸੈਕਟਰ 65, ਫੇਜ਼ 11, ਐੱਸ. ਏ. ਐੱਸ. ਨਗਰ-ਮੁਹਾਲੀ 160 062)

ਪਰਵਾਸੀ ਪੰਜਾਬੀ ਨਾਟਕ ਦਾ ਸਫ਼ਰ

ਅਰਵਿੰਦਰ ਕੌਰ ਧਾਲੀਵਾਲ

ਪਰਵਾਸੀ ਪੰਜਾਬੀ ਸਾਹਿਤ ਦੀਆਂ ਜੜ੍ਹਾਂ 'ਗ਼ਦਰ' ਅਖ਼ਬਾਰ ਦੀ ਆਰੰਭਤਾ ਵਿਚ ਪਈਆਂ ਹੋਈਆਂ ਹਨ। 1914 ਵਿਚ ਸ਼ੁਰੂ ਹੋਏ ਇਸ ਅਖ਼ਬਾਰ ਰਾਹੀਂ ਵਿਦੇਸ਼ੀ ਧਰਤੀ ਉੱਤੇ ਕਵਿਤਾ ਦੀ ਸੁਰ ਪ੍ਰਬਲ ਹੋਈ। ਆਰੰਭਲੇ ਦੌਰ ਦੀ ਇਨਕਲਾਬੀ ਕਵਿਤਾ ਨੇ ਸਾਹਿਤ ਦੇ ਹੋਰਨਾਂ ਰੂਪਾਂ ਦਾ ਮਾਰਗਦਰਸ਼ਨ ਕੀਤਾ। ਵਿਦੇਸ਼ੀ ਧਰਤੀ 'ਤੇ ਪੈਰ ਜਮਾ ਰਹੇ ਪਰਵਾਸੀ ਪੰਜਾਬੀਆਂ ਦੇ ਸੰਘਰਸ਼ ਦੀ ਜਜ਼ਬਾਤੀ ਕੈਫ਼ੀਅਤ ਕਵਿਤਾ, ਕਹਾਣੀ ਤੇ ਨਾਵਲ-ਰਚਨਾ ਦਾ ਆਧਾਰ ਬਣਨ ਲੱਗੀ। ਇੰਝ ਹੌਲੀ-ਹੌਲੀ ਪਰਵਾਸੀ ਪੰਜਾਬੀ ਸਾਹਿਤ ਹੋਂਦ ਵਿਚ ਆਉਣ ਲੱਗਾ।

ਪਰਵਾਸੀ ਪੰਜਾਬੀ ਸਾਹਿਤ ਵਿਚ ਨਾਟਕ ਦਾ ਦੌਰ ਨਾਵਲ, ਕਹਾਣੀ ਦੇ ਮੁਕਾਬਲੇ ਬਹੁਤ ਬਾਅਦ ਵਿਚ ਸ਼ੁਰੂ ਹੋਇਆ। ਦੋਹਰੇ ਚਰਿੱਤਰ ਦੀ ਧਾਰਨੀ ਇਸ ਵਿਧਾ ਦੀ ਸਾਰਥਕਤਾ ਕਿਉਂ ਜੁ ਪਾਠ ਤੇ ਪੇਸ਼ਕਾਰੀ ਦੋਹਾਂ ਪੜਾਵਾਂ 'ਤੇ ਹੀ ਮਹੱਤਵਪੂਰਨ ਹੁੰਦੀ ਹੈ, ਇਸ ਲਈ ਨਾਟ-ਰਚਨਾ ਲਈ ਸੰਘਰਸ਼ ਦਾ ਦੌਰ ਬਹੁਤਾ ਅਨੁਕੂਲ ਸਾਬਤ ਨਹੀਂ ਹੋ ਰਿਹਾ ਸੀ। ਇਸ ਵਿਧਾ ਦਾ ਖ਼ਾਸ ਗੁਣ ਕਿ ਇਹ ਅੰਤਰਵੇਗ ਜਾਂ ਆਤਮ ਅਭਿਵਿਅਕਤੀ 'ਚੋਂ ਹੀ ਪੈਦਾ ਨਹੀਂ ਹੁੰਦੀ ਅਤੇ ਇਸ ਲਈ ਵੱਖੋ-ਵੱਖਰੇ ਸਭਿਆਚਾਰਕ ਆਧਾਰ ਲੋੜੀਂਦੇ ਹਨ, ਅਜਿਹੀਆਂ ਸੀਮਾਵਾਂ ਕਰਕੇ ਕੁਝ ਅਜਿਹੇ ਕਾਰਨ ਦ੍ਰਿਸ਼ਟੀਗੋਚਰ ਹੁੰਦੇ ਹਨ, ਜਿਨ੍ਹਾਂ ਕਰਕੇ ਇਹ ਵਿਧਾ ਦੇਰੀ ਨਾਲ ਸ਼ੁਰੂ ਹੋਈ।

01: ਪਰਵਾਸੀ ਲੇਖਕ ਲਗਾਤਾਰ ਆਰਥਿਕ ਸੰਘਰਸ਼ ਵਿਚ ਜੁਟੇ ਰਹੇ। ਆਰਥਿਕ ਰੁਝੇਵੇਂ ਜ਼ਿੰਦਗੀ 'ਤੇ ਭਾਰੂ ਰਹੇ। ਰੰਗਮੰਚੀ ਗਤੀਵਿਧੀਆਂ ਦੀ ਘਾਟ ਕਰਕੇ ਨਾਟ-ਸਾਹਿਤ ਛੇਤੀ ਵਿਕਸਤ ਨਾ ਹੋ ਸਕਿਆ।

02: ਭਾਰਤੀ ਸਮਾਜ ਵਿਚ ਵਿਕਸਤ ਜਿਨੀਆਂ ਸਾਹਿਤਕ ਲਹਿਰਾਂ ਦਾ ਪ੍ਰਭਾਵ ਭਾਰਤੀ ਸਾਹਿਤ ਉੱਤੇ ਸਪੱਸ਼ਟ ਦਿਸਦਾ ਹੈ, ਉਹੀ ਪ੍ਰਭਾਵ ਪਰਵਾਸੀ ਪੰਜਾਬੀ ਸਾਹਿਤ ਉੱਤੇ ਵੀ ਦਿਖਾਈ ਦਿੰਦਾ ਹੈ। ਕਵਿਤਾ ਤੇ ਗਲਪ ਨਾਲੋਂ ਨਾਟਕ ਅਤੇ ਵਾਰਤਕ ਦਾ ਵਿਕਾਸ ਵੀ ਪਰਵਾਸੀ ਪੰਜਾਬੀ ਸਾਹਿਤ ਵਿਚ ਭਾਰਤੀ ਪੰਜਾਬੀ ਸਾਹਿਤ ਵਾਂਗ ਦੇਰੀ ਨਾਲ ਹੋਇਆ।

03: ਪਰਵਾਸ ਵਿਖੇ ਪੰਜਾਬੀ ਨਾਟਕ ਦੇ ਦੇਰੀ ਨਾਲ ਪੈਦਾ ਹੋਣ ਦਾ ਕਾਰਨ ਨਾਟਕਕਾਰਾਂ ਅਤੇ ਲੇਖਕਾਂ ਦੀਆਂ ਆਪਸੀ ਦੂਰੀਆਂ ਨੂੰ ਵੀ ਮੰਨਿਆ ਜਾ ਸਕਦਾ ਹੈ। ਉਦਾਹਰਨ ਵਜੋਂ ਕੈਨੇਡਾ ਦੇ ਦੋ ਵੱਡੇ ਸ਼ਹਿਰਾਂ ਵੈਨਕੂਵਰ ਤੇ ਟਰਾਂਟੋ ਵਿਚਲਾ ਫ਼ਾਸਲਾ 4300 ਕਿਲੋਮੀਟਰ ਦੇ ਕਰੀਬ ਹੈ। ਇਸੇ ਤਰ੍ਹਾਂ ਵੈਨਕੂਵਰ ਤੋਂ ਕੈਲਗਰੀ ਅਤੇ ਐਡਮਿੰਟਨ ਕ੍ਰਮਵਾਰ 900 ਕਿਲੋਮੀਟਰ ਤੇ 1000 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹਨ। ਸੋ ਅਜਿਹੀਆਂ ਦੂਰੀਆਂ ਨਾਲ ਜਿੱਥੇ ਕਲਾਕਾਰਾਂ ਤੇ ਨਾਟਕਕਾਰਾਂ ਦੇ ਤਾਲਮੇਲ ਦੀ ਸਮੱਸਿਆ ਹੁੰਦੀ ਹੈ, ਉੱਥੇ ਵੱਖ-ਵੱਖ ਟੀਮਾਂ ਦੇ ਇਕ ਥਾਂ ਤੋਂ ਦੂਸਰੀ ਥਾਂ ਜਾ ਕੇ ਨਾਟਕ ਕਰਨ ਵਿਚ ਵਕਤ ਸੰਬੰਧੀ ਤੇ ਆਰਥਿਕ ਮੁਸ਼ਕਿਲਾਂ ਰੋੜਾ ਬਣਦੀਆਂ। ਇਸੇ ਦੂਰੀ ਕਰਕੇ ਸਮੂਹ ਨਾਟਕ ਲੇਖਣ ਦੀ ਵਿਧਾ ਹੋਂਦ ਵਿਚ ਆਈ। ਸਮੇਂ ਦੀ ਘਾਟ ਪੱਛਮੀ ਜ਼ਿੰਦਗੀ ਦਾ ਅੱਜ ਵੀ ਸਭ ਤੋਂ ਵੱਡਾ ਪੱਖ ਹੈ। ਜੇਕਰ ਕੋਈ ਸਾਹਿਤਕ ਮਿਲਣੀ ਕਦੇ-ਕਦਾਈਂ ਕਰਾਈ ਵੀ ਜਾਂਦੀ ਤਾਂ ਉਸ ਉੱਤੇ ਆਮ ਕਰਕੇ ਕਵਿਤਾ ਦੀ ਸੁਰ ਭਾਰੂ ਰਹਿੰਦੀ।

04: ਭਾਰਤ ਵਿਚ ਰਹਿੰਦਿਆਂ ਕਈ ਪਰਵਾਸੀ ਪੰਜਾਬੀ ਕਿਸੇ ਨਾ ਕਿਸੇ ਨਾਟਕ ਜਾਂ

ਰੰਗਮੰਚ ਦੀ ਸਰਗਰਮੀ ਨਾਲ ਜੁੜੇ ਰਹੇ ਸਨ। ਇਹਨਾਂ ਵਿਚੋਂ ਹੀ ਬਹੁਤਿਆਂ ਨੇ ਪਰਵਾਸੀ ਪੰਜਾਬੀ ਨਾਟਕਾਂ ਦੀ ਰਚਨਾ ਕੀਤੀ। ਪਰੰਤੂ ਇਹਨਾਂ ਦੀ ਗਿਣਤੀ ਵਧੇਰੇ ਨਹੀਂ ਸੀ। ਨਵੇਂ ਲੇਖਕਾਂ ਨੇ ਪਰਵਾਸੀ ਪੰਜਾਬੀ ਨਾਟਕ ਸਾਹਿਤ ਵਿਚ ਕੋਈ ਬਹੁਤਾ ਯੋਗਦਾਨ ਨਹੀਂ ਪਾਇਆ।

05: ਨਾਟਕ ਦੀ ਜੁਗਤ ਵੀ ਇਕ ਅਜਿਹਾ ਕਾਰਨ ਸੀ ਜਿਸ ਦੀ ਵਿਧਾ ਤੋਂ ਬਹੁਤੇ ਲੇਖਕ ਜਾਣੂੰ ਨਹੀਂ ਸਨ। ਇਵੇਂ ਕਿਹਾ ਜਾ ਸਕਦਾ ਹੈ ਕਿ ਪਰਵਾਸੀ ਲੇਖਕਾਂ ਦੀ ਬਹੁ ਗਿਣਤੀ ਨਾਟਕ ਦੀ ਤਕਨੀਕ ਤੋਂ ਅਣਜਾਣ ਸੀ। ਇਸ ਤੱਥ ਦੇ ਪਿਛੋਕੜ ਵਿਚ ਪਰਵਾਸੀ ਪੰਜਾਬੀਆਂ ਦੇ ਪੇਂਡੂ ਜੀਵਨ ਨਾਲ ਸੰਬੰਧਤ ਮੁੱਢਲੀ ਪੜ੍ਹਾਈ ਲਿਖਾਈ ਅਤੇ ਜੀਵਨ ਯਾਤਰਾ ਸੀ। ਕਿਉਂਕਿ ਬਹੁਤੇ ਪਰਵਾਸੀ ਪੰਜਾਬੀਆਂ ਦੀ ਪੜ੍ਹਾਈ ਪੇਂਡੂ ਜਾਂ ਪਿੰਡਾਂ ਦੇ ਨਾਲ ਲੱਗਦੇ ਸਕੂਲਾਂ, ਕਾਲਿਜਾਂ ਵਿਚ ਪੂਰੀ ਹੋਈ ਸੀ ਅਤੇ ਇਹਨਾਂ ਥਾਵਾਂ 'ਤੇ ਨਾਟ-ਪਰੰਪਰਾ ਦੀ ਮੂਲੋਂ ਅਣਹੋਂਦ ਸੀ। ਇਨ੍ਹਾਂ ਤੱਥਾਂ ਦੇ ਆਧਾਰ ਉੱਤੇ ਇਹ ਪੁਸ਼ਟੀ ਹੁੰਦੀ ਹੈ ਕਿ ਪਰਵਾਸ ਦੌਰਾਨ ਸਾਹਿਤ ਦੀਆਂ ਸਾਰੀਆਂ ਵਿਧਾਵਾਂ ਨਾਲੋਂ ਨਾਟਕ ਦੀ ਵਿਧਾ ਦੇਰੀ ਨਾਲ ਵਿਕਸਤ ਹੋਈ। ਪਰਵਾਸ ਦੌਰਾਨ ਪਹਿਲੇ ਦਹਾਕਿਆਂ ਵਿਚ ਬੇਸ਼ੱਕ ਨਾਟਕ-ਰਚਨਾ ਨਹੀਂ ਹੋਈ ਮਿਲਦੀ। ਪਰੰਤੂ ਛੇਵੇਂ ਦਹਾਕੇ ਦੇ ਅੱਧ ਮਗਰੋਂ ਨਾਟਕੀ ਸਾਹਿਤ ਦੇ ਕੁਝ ਚਿੰਨ੍ਹ ਨਜ਼ਰ ਆਉਣ ਲੱਗੇ। ਮਾਇਕ ਸੰਕਟ ਤੋਂ ਉਭਾਰ ਮਿਲਣ ਮਗਰੋਂ ਕੁਝ ਕੁ ਪਰਵਾਸੀਆਂ ਨੇ ਵਿਅਕਤੀਗਤ ਤੌਰ 'ਤੇ ਅਤੇ ਕੁਝ ਟੀਮਾਂ ਨੇ ਸਮੂਹਕ ਰੂਪ ਵਿਚ ਨਾਟਕਾਂ ਦੀ ਰਚਨਾ ਕੀਤੀ। ਉਹਨਾਂ ਨੇ ਵਿਦੇਸ਼ਾਂ ਵਿਚ ਨਾਟਕੀ ਰੂਪਾਕਾਰ ਦੇ ਅਣਗੌਲੇ ਰਹਿਣ ਦੇ ਬਾਵਜੂਦ ਵੀ ਪਰਵਾਸੀ ਪੰਜਾਬੀ ਨਾਟਕੀ ਸਾਹਿਤ ਵਿਚ ਕਾਫ਼ੀ ਸੰਭਾਵਨਾਵਾਂ ਪੈਦਾ ਕੀਤੀਆਂ।

ਇਸਦੇ ਅੰਤਰਗਤ ਇਹ ਪੱਖ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਕੈਨੇਡਾ ਤੇ ਬਰਤਾਨੀਆ ਦੋ ਅਜਿਹੇ ਦੇਸ਼ ਹਨ ਜਿਹਨਾਂ ਵਿਚ ਪਰਵਾਸੀ ਪੰਜਾਬੀ ਲੇਖਕਾਂ ਨੇ ਵੱਡੀ ਗਿਣਤੀ ਵਿਚ ਨਾਟਕਾਂ ਦੀ ਰਚਨਾ ਕੀਤੀ, ਜਦਕਿ ਕੀਨੀਆ ਵਿਚ ਵੀ ਨਾਟਕ ਰਚਨਾ ਦੇ ਪ੍ਰਸ਼ੰਸਾਯੋਗ ਉੱਦਮ ਹੋਏ। ਸੰਨ 1996 ਤਕ ਨਾਟਕ ਸਰਗਰਮੀਆਂ ਆਪਣੇ ਸਿਖ਼ਰ 'ਤੇ ਸਨ। ਮਗਰੋਂ ਕੈਨੇਡਾ ਅਤੇ ਬਰਤਾਨੀਆ ਦੋਹਾਂ ਦੇਸ਼ਾਂ ਵਿਚ ਨਾਟਕ ਲਿਖਣ ਅਤੇ ਖੇਡਣ ਦਾ ਕਾਰਜ ਮੱਧਮ ਹੋ ਗਿਆ। ਸੋ ਕੈਨੇਡਾ ਵਿਚ ਪਰਵਾਸੀ ਪੰਜਾਬੀ ਨਾਟਕ ਦੀ ਮਿਆਦ ਪ੍ਰੋ: ਬਲਬੀਰ ਸਿੰਘ ਰਚਿਤ (1972) 'ਤੀਜੀ ਪਾਸ' ਤੋਂ ਲੈ ਕੇ ਹੁਣ ਤਕ ਪਰਵਾਸੀ ਟੀਮਾਂ ਵੱਲੋਂ ਖੇਡੇ ਗਏ ਨਾਟਕਾਂ ਤਕ ਮਿਲਦੀ ਹੈ। ਬਰਤਾਨਵੀ ਪਰਵਾਸੀ ਪੰਜਾਬੀ ਨਾਟਕ ਦੀ ਸ਼ੁਰੂਆਤ ਇੰਗਲੈਂਡ ਵਿਚ (1968) 'ਆਤੂ ਦੇ ਵਿਆਹ' ਰਾਹੀਂ ਹੋਈ। ਬਰਤਾਨੀਆ ਵਿਖੇ ਪਰਵਾਸੀ ਪੰਜਾਬੀ ਨਾਟਕ ਦਾ ਘੇਰਾ ਕੈਨੇਡਾ ਦੇ ਮੁਕਾਬਲੇ ਸੀਮਤ ਰਿਹਾ। ਕੈਨੇਡਾ ਸਭ ਤੋਂ ਵੱਧ ਪੰਜਾਬੀ ਨਾਟ ਸਰਗਰਮੀਆਂ ਦਾ ਕੇਂਦਰ ਰਿਹਾ। ਪਰਵਾਸੀ ਪੰਜਾਬੀ ਨਾਟਕ ਸਰਗਰਮੀਆਂ ਦੇ ਜਾਇਜ਼ੇ ਲਈ ਕੈਨੇਡਾ ਤੇ ਬਰਤਾਨੀਆ ਦੋ ਆਧਾਰ ਬਣਾਏ ਜਾ ਸਕਦੇ ਹਨ।

ਕੈਨੇਡਾ: ਪਰਵਾਸੀ ਪੰਜਾਬੀ ਨਾਟਕ ਲਿਖੇ ਜਾਣ ਦਾ ਪ੍ਰੇਰਨਾ ਸਰੋਤ ਭਾਰਤੀ ਪੰਜਾਬ ਵਿਚੋਂ ਵਿਦੇਸ਼ ਜਾ ਕੇ ਨਾਟਕ ਖੇਡਣ ਵਾਲੀਆਂ ਨਾਟ ਮੰਡਲੀਆਂ ਬਣੀਆਂ। ਸਭ ਤੋਂ ਪਹਿਲਾਂ 'ਪੰਜਾਬ ਕਲਾ ਮੰਚ' ਦੇ ਸਹਿਯੋਗ ਨਾਲ 1973 ਵਿਚ 'ਹਰਪਾਲ ਟਿਵਾਣ' ਦੀ ਟੀਮ ਪਹੁੰਚੀ, ਜਿਨ੍ਹਾਂ ਨੇ ਪੰਜਾਬੀ ਨਾਟਕਾਂ ਦਾ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਮੰਚਣ ਕੀਤਾ। ਹਰਪਾਲ ਟਿਵਾਣਾ ਦੀ ਅਗਵਾਈ ਹੇਠ ਡਾ: ਹਰਚਰਨ ਸਿੰਘ ਕ੍ਰਿਤ 'ਚਮਕੌਰ ਦੀ ਗੜ੍ਹੀ' ਨਾਟਕ ਦੀਆਂ ਕਈ ਸਫ਼ਲ ਪੇਸ਼ਕਾਰੀਆਂ ਕੀਤੀਆਂ ਗਈਆਂ। ਇਸੇ ਹੀ ਟੀਮ ਨੇ ਬਲਵੰਤ ਗਾਰਗੀ ਰਚਿਤ 'ਕਣਕ ਦੀ ਬੱਲੀ' ਜਨਵਰੀ 1974 ਵਿਚ ਕੁਈਨ ਐਲੀਜ਼ਾਬੈੱਥ ਪਲੇ ਹਾਊਸ, ਵੈਨਕੂਵਰ ਵਿਖੇ ਸਥਾਨਕ ਕਲਾਕਾਰਾਂ ਨਾਲ ਮਿਲ ਕੇ ਖੇਡਿਆ। ਇਸ ਤੋਂ ਭਾਰਤੀ ਨਿਰਦੇਸ਼ਕਾਂ ਦੁਆਰਾ ਪਰਵਾਸੀ ਕਲਾਕਾਰਾਂ ਨਾਲ ਮਿਲ ਕੇ ਭਾਰਤੀ ਪੰਜਾਬੀ ਨਾਟਕਾਂ ਦੇ ਮੰਚਣ ਦਾ ਸਿਲਸਿਲਾ ਵੀ ਆਰੰਭ ਹੋਇਆ। ਹਰਪਾਲ ਟਿਵਾਣਾ ਦੀਆਂ ਪੇਸ਼ਕਾਰੀਆਂ ਦੇ

ਪ੍ਰਭਾਵ ਸਦਕਾ ਕੁਝ ਕੁ ਸਥਾਨਕ ਟੀਮਾਂ ਹੋਂਦ ਵਿਚ ਆਉਣ ਲੱਗੀਆਂ। ਜਿਨ੍ਹਾਂ ਨੇ ਨਾਟਕ ਰਚਨਾ ਦੇ ਨਾਲ ਨਾਲ ਪ੍ਰਸਤੁਤੀ ਕਾਰਜ ਵਿਚ ਵੀ ਯੋਗਦਾਨ ਪਾਇਆ। 'ਵਤਨੋਂ ਦੂਰ ਆਰਟ ਫਾਊਂਡੇਸ਼ਨ' ਇਨ੍ਹਾਂ ਦਿਨਾਂ ਵਿਚ ਬਣੀ ਸੰਸਥਾ ਸੀ। ਹਰਪਾਲ ਟਿਵਾਣਾ ਅਤੇ ਨੀਨਾ ਟਿਵਾਣਾ ਨੇ ਇਸ ਸੰਸਥਾ ਦੇ ਕਲਾਕਾਰਾਂ ਨਾਲ ਮਿਲ ਕੇ ਟਰਾਂਟੋ ਅਤੇ ਮਾਂਟਰੀਆਲ ਵਿਖੇ 'ਚਮਕੌਰ ਦੀ ਗੜ੍ਹੀ', 'ਦੀਵਾ ਬਲੇ ਸਾਰੀ ਰਾਤ' ਅਤੇ 'ਮੁਨਸ਼ੀ ਗੰਗਾ ਰਾਮ' ਆਦਿ ਨਾਟਕ ਖੇਡੇ।

'ਵਤਨੋਂ ਦੂਰ ਆਰਟ ਫਾਊਂਡੇਸ਼ਨ' ਨੇ ਕਪੂਰ ਸਿੰਘ ਘੁੰਮਣ ਕ੍ਰਿਤ ਨਾਟਕ 'ਮੁਨਸ਼ੀ ਜੀ' ਮਈ 1974, ਹਰਚਰਨ ਸਿੰਘ ਕ੍ਰਿਤ 'ਰੱਤਾ ਸਾਲੂ' ਸਤੰਬਰ 1974 ਅਤੇ ਬਲਵੰਤ ਗਾਰਗੀ ਕ੍ਰਿਤ 'ਲੋਹਾ ਕੁੱਟ' 1975 ਵਿਚ ਬੀ.ਸੀ. (ਕੈਨੇਡਾ) ਦੇ ਵੱਖ ਵੱਖ ਸਥਾਨਾਂ ਉੱਤੇ ਖੇਡੇ। ਕੈਨੇਡੀਅਨ ਨਾਟਕਕਾਰ ਅਜਮੇਰ ਰੋਡੇ ਨੇ 1977 ਵਿਚ 'ਦੂਜਾ ਪਾਸਾ' ਨਾਟਕ ਪੇਸ਼ ਕੀਤਾ। ਜਿਸ ਦੇ ਪਹਿਲੀ ਵਾਰੀ ਸਾਰੇ ਕਲਾਕਾਰ ਕੈਨੇਡੀਅਨ ਹੀ ਸਨ। ਇਸ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪਰਵਾਸ ਦੌਰਾਨ ਨਾਟਕ ਪੇਸ਼ ਕਰਨ ਦੀ ਰੁਚੀ ਨੇ ਹੀ ਨਾਟਕ ਲੇਖਣ ਦਾ ਰੁਝਾਨ ਪੈਦਾ ਕੀਤਾ। ਭਾਰਤੀ ਨਾਟਕ ਟੀਮਾਂ ਜਾਂ ਨਿਰਦੇਸ਼ਕਾਂ ਦੇ ਪ੍ਰਭਾਵ ਹੇਠ 1977 ਤੋਂ ਅੱਜ ਤਕ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਅਨੇਕਾਂ ਨਾਟਕ ਮੰਡਲੀਆਂ ਹੋਂਦ ਵਿਚ ਆਈਆਂ। ਕੈਨੇਡਾ ਦੇ ਮੁਕਾਬਲੇ ਅਮਰੀਕਾ ਅਤੇ ਇੰਗਲੈਂਡ ਵਿਚ ਰੰਗਮੰਚੀ ਸਰਗਰਮੀਆਂ ਦੀ ਘਾਟ ਰਹੀ ਕਿਉਂਕਿ ਭਾਰਤ ਤੋਂ ਵਿਦੇਸ਼ ਜਾਣ ਵਾਲੀਆਂ ਨਾਟ ਮੰਡਲੀਆਂ ਦਾ ਵੀ ਰੁਝਾਨ ਕੇਂਦਰ ਕੈਨੇਡਾ ਹੀ ਰਿਹਾ। 'ਕੈਨੇਡਾ ਵਿਚ ਐਡਮਿੰਟਨ, ਕੈਲਗਰੀ, ਗਰੈਂਡ ਪਰੇਰੀ, ਟਰਾਂਟੋ ਅਤੇ ਵਿਨੀਪੈੱਗ ਵਿਖੇ ਕਈ ਨਾਟਕ ਮੰਡਲੀਆਂ ਸਰਗਰਮ ਰਹੀਆਂ। 1977 ਤੋਂ ਲੈ ਕੇ 1999 ਤਕ ਬੀ.ਸੀ. ਵਿਚ 'ਇਪਾਨਾ', 'ਇੰਡੀਆ ਮਹਿਲਾ ਐਸੋਸੀਏਸ਼ਨ', 'ਈਸਟ ਵੈਸਟ ਕਲਚਰਲ ਐਸੋਸੀਏਸ਼ਨ', 'ਭਾਰਤੀ ਨਾਟ ਕੇਂਦਰ', 'ਬੈਟਰਡ ਵਿਮੈਨਜ਼ ਸੱਪੋਰਟ ਸਰਵਿਸਿਜ਼', 'ਵੈਨਕੂਵਰ ਸੱਥ', 'ਸਮਾਨਤਾ', 'ਦਮਨਦੀਪ ਪ੍ਰੋਡਕਸ਼ਨਜ', 'ਸਰਗਮ ਥੀਏਟਰ ਆਰਟ', 'ਲੋਰਡੀ ਆਰਟ ਇੰਟਰਨੈਸ਼ਨਲ', 'ਫਾਈਵ ਕੈਨੇਡੀਅਨ ਪਿਕਚਰਜ਼' ਅਤੇ 'ਸੁਨਾਰਟ ਕੇਂਦਰ' ਆਦਿ ਸੰਸਥਾਵਾਂ ਹੋਂਦ ਵਿਚ ਆਈਆਂ। ਬੀ.ਸੀ. ਤੋਂ ਇਲਾਵਾ ਅਲਬਰਟਾ ਵਿਚ 1984 ਤੋਂ 1996 ਤਕ 'ਗਰੈਂਡ ਪਰੇਰੀ ਕਲਾ ਮੰਚ', 'ਲੋਕ ਸਭਿਆਚਾਰਕ ਮੰਚ ਕੈਲਗਰੀ', 'ਕੈਲਗਰੀ ਸਕੂਲ ਆਫ਼ ਡਰਾਮਾ', 'ਸਭਿਆਚਾਰਕ ਫਰੰਟ ਕੈਲਗਰੀ' ਅਤੇ 'ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ' ਆਦਿ ਨਾਟਕ ਮੰਡਲੀਆਂ ਨੇ ਵੱਖ-ਵੱਖ ਸਮਿਆਂ ਦੌਰਾਨ ਕੈਨੇਡੀਅਨ ਪੰਜਾਬੀ ਰੰਗਮੰਚ ਵਿਚ ਪ੍ਰਵੇਸ਼ ਕੀਤਾ। ਇਨ੍ਹਾਂ ਉਪਰੋਕਤ ਸੰਸਥਾਵਾਂ ਦੇ 150 ਦੇ ਕਰੀਬ ਕਲਾਕਾਰਾਂ ਨੇ ਰੰਗਮੰਚੀ ਪੇਸ਼ਕਾਰੀਆਂ ਵਿਚ ਯੋਗਦਾਨ ਪਾਇਆ। ਇਨ੍ਹਾਂ ਨਾਟਕ ਮੰਡਲੀਆਂ ਦੀਆਂ ਪੇਸ਼ਕਾਰੀਆਂ ਦੀ ਮੁਕੰਮਲ ਜਾਣਕਾਰੀ ਇਨ੍ਹਾਂ ਦੀ ਸਥਾਨਕ ਵੰਡ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ ਜਿਸ ਤੋਂ ਕੈਨੇਡੀਅਨ ਪੰਜਾਬੀ ਨਾਟ ਪੇਸ਼ਕਾਰੀਆਂ ਦਾ ਜਾਇਜ਼ਾ ਲਿਆ ਜਾ ਸਕਦਾ ਹੈ।

ਵੈਨਕੂਵਰ: ਵੈਨਕੂਵਰ ਵਿਖੇ 'ਪੰਜਾਬ ਕਲਚਰਲ ਐਸੋਸੀਏਸ਼ਨ','ਪੰਜਾਬ ਕਲਾ ਮੰਚ' (ਭਾਰਤ), 'ਯੂਨਾਈਟਿਡ ਥੀਏਟਰ ਆਰਟਿਸਟਜ਼ ਆਫ਼ ਇੰਡੀਆ', ਨਿਰਦੇਸ਼ਕ ਜੁਗਿੰਦਰ ਬਾਹਰਲਾ, 'ਭਾਰਤੀ ਨਾਟ ਕੇਂਦਰ', 'ਪੰਜਾਬ ਕਲਾ ਕੇਂਦਰ' (ਭਾਰਤ), 'ਨੌਰਾ ਰਿਚਰਡ ਰੰਗਮੰਚ', 'ਇਪਾਨਾ', 'ਸਮਾਨਤਾ', ਅੰਮ੍ਰਿਤਸਰ ਨਾਟਕ ਕਲਾ ਕੇਂਦਰ (ਭਾਰਤ), 'ਵੈਨਕੂਵਰ ਸੱਥ', 'ਦਮਨਦੀਪ ਪ੍ਰੋਡਕਸ਼ਨਜ' ਅਤੇ 'ਸਰਗਮ ਆਰਟ ਥੀਏਟਰ'-ਨਿਰਦੇਸ਼ਕ ਮੋਹਣ ਬੱਗਣ, ਤਿਰਲੋਕ , ਸਬਲੋਕ ਅਤੇ ਸਾਥੀ , ਸਰਬਜੀਤ ਧਾਲੀਵਾਲ ਅਤੇ ਸਾਥੀ ਆਦਿ ਨੇ ਨਾਟਕ ਪੇਸ਼ ਕੀਤੇ।

ਗਰੈਂਡ ਪਰੇਰੀ: ਗਰੈਂਡ ਪਰੇਰੀ ਵਿਚ 1983 ਵਿਚ 'ਅੰਮ੍ਰਿਤਸਰ ਨਾਟਕ ਕਲਾ ਕੇਂਦਰ' (ਭਾਰਤ) ਵੱਲੋਂ ਨਾਟਕ ਕੀਤੇ ਗਏ। ਜਿਸਦੇ ਪ੍ਰਭਾਵ ਅਧੀਨ 'ਗਰੈਂਡ ਪਰੇਰੀ ਕਲਾ ਮੰਚ' ਦੀ ਸਥਾਪਨਾ ਹੋਈ।

ਕੈਲਗਰੀ: ਕੈਲਗਰੀ ਵਿਖੇ 'ਇਪਾਨਾ', 'ਅੰਮ੍ਰਿਤਸਰ ਨਾਟਕ ਕਲਾ ਕੇਂਦਰ' (ਭਾਰਤ), 'ਲੋਕ ਸਭਿਆਚਾਰਕ ਮੰਚ ਕੈਲਗਰੀ', 'ਕੈਲਗਰੀ ਸਕੂਲ ਆਫ਼ ਡਰਾਮਾ' ਅਤੇ 'ਪੰਜਾਬੀ ਲਿਟਰੇਰੀ ਐਸੋਸੀਏਸ਼ਨ' ਵੱਲੋਂ ਨਾਟਕ ਪੇਸ਼ ਕੀਤੇ ਗਏ।

ਵਿਨੀਪੈੱਗ: ਵਿਨੀਪੈੱਗ ਵਿਖੇ 'ਅੰਮ੍ਰਿਤਸਰ ਨਾਟਕ ਕਲਾ ਕੇਂਦਰ' (ਭਾਰਤ), 'ਪੰਜਾਬ ਕਲਾ ਕੇਂਦਰ' (ਭਾਰਤ) , 'ਨੌਰਾ ਰਿਚਰਡ ਰੰਗਮੰਚ' ਅਤੇ 'ਲੋਕ ਸਭਿਆਚਾਰਕ ਮੰਚ ਕੈਲਗਰੀ' ਵੱਲੋਂ ਨਾਟਕ ਪੇਸ਼ ਕੀਤੇ ਗਏ।

ਸ਼ੁਰੂ ਦੇ ਦੌਰ ਵਿਚ ਭਾਰਤੀ ਟੀਮਾਂ ਦੇ ਨਾਲ ਨਾਲ ਪਰਵਾਸੀ ਪੰਜਾਬੀ ਟੀਮਾਂ ਨੇ ਵੀ ਪੰਜਾਬੀ ਨਾਟਕਾਂ ਨੂੰ ਖੇਡਿਆ। ਭਾਰਤ ਤੋਂ ਗਈਆਂ ਟੀਮਾਂ ਵਿਚ ਪਰਵਾਸੀ ਕਲਾਕਾਰ ਦੀ ਸ਼ਮੂਲੀਅਤ ਨੇ ਪਰਵਾਸੀ ਕਲਾਕਾਰਾਂ ਦੀ ਟਰੇਨਿੰਗ ਦਾ ਵੀ ਕੰਮ ਕੀਤਾ। ਇਸ ਟਰੇਨਿੰਗ ਤੋਂ ਕੁਝ ਅਜਿਹੇ ਕਲਾਕਾਰ ਨਿਕਲੇ ਜੋ ਕਿ ਨਾਟਕ ਦੇ ਖੇਤਰ ਵਿਚ ਲੰਮਾਂ ਸਮਾਂ ਯੋਗਦਾਨ ਪਾਉਂਦੇ ਰਹੇ ਜਿਵੇਂ ਭੁਪਿੰਦਰ ਧਾਲੀਵਾਲ, ਦਰਸ਼ਨ ਮਾਨ, ਅੰਮ੍ਰਿਤ ਮਾਨ, ਮੱਖਣ ਟੁੱਟ, ਅਮਨਪਾਲ ਸਾਰਾ, ਜਗਦੀਸ਼ ਬਿਨਿੰਗ ਤੇ ਅੰਜੂ ਹੁੰਦਲ ਆਦਿ।

ਉਪਰੋਕਤ ਦੇ ਨਾਲ ਨਾਲ ਅਜਮੇਰ ਰੋਡੇ, ਇੰਦਰੇਸ਼, ਇੰਦਰਜੀਤ ਰੋਡੇ, ਸਰਬਜੀਤ ਧਾਲੀਵਾਲ, ਸਾਧੂ ਬਿਨਿੰਗ, ਸੁਖਵੰਤ ਢੀਂਡਸਾ, ਸੁਖਵਿੰਦਰ ਕੌਰ, ਸੁਰਜੀਤ ਕਲਸੀ, ਸੁਰਿੰਦਰ ਧੰਜਲ, ਹਰੀ ਸ਼ਰਮਾ, ਹਰਜੀ ਸਾਂਗਰਾ, ਕਰਨੈਲ ਮਾਨ, ਹਰਕੰਵਲਜੀਤ ਸਾਹਿਲ, ਕੁੱਲੂ ਮਾਹਲ, ਗੁਰਵਿੰਦਰ ਨੀਟਾ, ਗੁਰਚਰਨ ਦੂਆ, ਗੁਰਚਰਨ ਟੱਲੇਵਾਲੀਆ, ਜੋਗਿੰਦਰ ਰੰਧਾਵਾ, ਦਰਸ਼ਨ ਬੈਂਸ, ਪਾਲ ਬਿਨਿੰਗ, ਦਲਜੀਤ ਤੂਰ, ਬਲਵਿੰਦਰ ਜੌਹਲ, ਬਚਿੱਤਰ ਬੱਧਣੀ, ਬਲਦੇਵ ਗਰੇਵਾਲ, ਬਲਵਿੰਦਰ ਰੋਡੇ, ਭਵਖੰਡਨ ਰੱਖਰਾ, ਰਾਜ ਕੈਲਗਰੀ, ਮਨਜੀਤ ਲੇਹਲ ਅਤੇ ਰਾਜਿੰਦਰ ਔਜਲਾ ਆਦਿ ਕਲਾਕਾਰਾਂ ਨੇ ਪਰਵਾਸੀ ਪੰਜਾਬੀ ਨਾਟਕਾਂ ਦੇ ਨਾਲ-ਨਾਲ ਉਥੇ ਭਾਰਤੀ ਪੰਜਾਬੀ ਨਾਟਕਾਂ ਵਿਚ ਵੀ ਕੰਮ ਕੀਤਾ। ਪਰਵਾਸੀ ਟੀਮਾਂ ਨੇ ਪਹਿਲਾਂ ਪਹਿਲ ਵਿਦੇਸ਼ ਗਈਆਂ ਭਾਰਤੀ ਟੀਮਾਂ ਦੇ ਪ੍ਰਭਾਵ ਹੇਠ ਜੋ ਭਾਰਤੀ ਨਾਟਕ ਖੇਡੇ ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

01: ਪਰਵਾਸੀ ਟੀਮ 'ਵਤਨੋਂ ਦੂਰ ਆਰਟ ਫਾਊਂਡੇਸ਼ਨ' ਨੇ 1972 ਦਸੰਬਰ ਵਿਚ ਵੈਨਕੂਵਰ ਵਿਖੇ 'ਕਪੂਰ ਸਿੰਘ ਘੁੰਮਣ' ਦਾ ਨਾਟਕ 'ਮੁਨਸ਼ੀ ਜੀ' ਖ਼ੇਡਿਆ। ਇਸ ਨੂੰ ਪਰਵਾਸੀ ਟੀਮਾਂ ਵੱਲੋਂ ਖੇਡੇ ਗਏ ਨਾਟਕਾਂ ਦਾ ਆਗ਼ਾਜ਼ ਮੰਨਿਆ ਜਾ ਸਕਦਾ ਹੈ। 'ਮੁਨਸ਼ੀ ਜੀ' ਅਜਿਹਾ ਪਹਿਲਾ ਭਾਰਤੀ ਪੰਜਾਬੀ ਨਾਟਕ ਸੀ, ਜਿਸ ਨੂੰ ਪੇਸ਼ ਕਰਨ ਵਾਲੀ ਸਾਰੀ ਟੀਮ ਦੇ ਕਲਾਕਾਰ ਪਰਵਾਸੀ ਸਨ।

02: ਹਰਚਰਨ ਸਿੰਘ ਦੇ ਨਾਟਕ 'ਰੱਤਾ ਸਾਲੂ' ਨੂੰ 'ਵਤਨੋਂ ਦੂਰ ਆਰਟ ਫਾਊਂਡੇਸ਼ਨ' ਨੇ ਸਤੰਬਰ 1974 ਵਿਚ ਵੈਨਕੂਵਰ ਅਤੇ ਡੰਕਨ ਵਿਖੇ ਪੇਸ਼ ਕੀਤਾ।

03: ਬਲਵੰਤ ਗਾਰਗੀ ਦੇ ਨਾਟਕ 'ਲੋਹਾ ਕੁੱਟ' ਨੂੰ 'ਵਤਨੋਂ ਦੂਰ ਆਰਟ ਫਾਊਂਡੇਸ਼ਨ' ਨੇ ਮਾਰਚ 1975 ਵਿਚ ਵੈਨਕੂਵਰ ਅਤੇ ਵਿਕਟੋਰੀਆ ਵਿਖੇ ਖੇਡਿਆ।

04: ਅਜਮੇਰ ਔਲਖ ਦੇ ਨਾਟਕ 'ਤੂੜੀ ਵਾਲਾ ਕੋਠਾ' ਨੂੰ 'ਭਾਰਤੀ ਨਾਟ ਕੇਂਦਰ' ਵੱਲੋਂ 1983 ਵਿਚ ਵੈਨਕੂਵਰ ਵਿਚ ਪੇਸ਼ ਕੀਤਾ ਗਿਆ।

05: ਗੁਰਸ਼ਰਨ ਸਿੰਘ ਦੇ ਨਾਟਕ 'ਸ਼ਹੀਦ ਦੀ ਵਾਪਸੀ' ਨੂੰ 'ਇਪਾਨਾ' ਦੀ ਟੀਮ ਵੱਲੋਂ ਮਾਰਚ 1984 ਵਿਚ ਨਿਊਵੈਸਟ ਵਿਖੇ ਖੇਡਿਆ ਗਿਆ।

06: ਗੁਰਸ਼ਰਨ ਸਿੰਘ ਦੇ ਨਾਟਕ 'ਕੁਰਸੀ ਮੋਰਚਾ ਤੇ ਹਵਾ ਵਿਚ ਲਟਕਦੇ ਲੋਕ' ਨੂੰ 'ਵੈਨਕੂਵਰ ਸੱਥ' ਵੱਲੋਂ ਮਾਰਚ 1984 ਵੈਨਕੂਵਰ ਵਿਖੇ, ਅਪ੍ਰੈਲ 1984 ਨੂੰ ਵਿਲਅਮਜ਼ ਲੇਕ ਵਿਖੇ ਅਤੇ 'ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ' ਵੱਲੋਂ ਮਾਰਚ 1987 ਵਿਚ ਐਡਮਿੰਟਨ ਵਿਖੇ ਤੇ ਮਾਰਚ 1989 ਵਿਚ ਕੈਲੀਫੋਰਨੀਆ ਵਿਚ ਪੇਸ਼ ਕੀਤਾ ਗਿਆ।

07: ਗੁਰਸ਼ਰਨ ਸਿੰਘ ਦੇ ਨਾਟਕ 'ਹਵਾਈ ਗੋਲੇ' ਦੀ ਪੇਸ਼ਕਾਰੀ 'ਵੈਨਕੂਵਰ ਸੱਥ' ਵੱਲੋਂ 1984 ਵਿਚ ਵੈਨਕੂਵਰ ਵਿਖੇ ਹੋਈ।

08: ਗੁਰਸ਼ਰਨ ਸਿੰਘ ਦੇ ਨਾਟਕ 'ਇਨਕਲਾਬ ਜ਼ਿੰਦਾਬਾਦ' ਨੂੰ 'ਗਰੈਂਡ ਪਰੇਰੀ ਕਲਾ ਮੰਚ' ਵੱਲੋਂ 1984 ਵਿਚ ਗਰੈਂਡ ਪਰੇਰੀ ਵਿਖੇ ਖੇਡਿਆ ਗਿਆ। ਅਲਬਰਟਾ ਵਿਖੇ ਖੇਡਿਆ ਗਿਆ ਇਹ ਪਹਿਲਾ ਪੰਜਾਬੀ ਨਾਟਕ ਸੀ, ਜੋ 'ਲੋਕ ਸਭਿਆਚਾਰਕ ਮੰਚ ਕੈਲਗਰੀ' ਵੱਲੋਂ 1985 ਵਿਚ ਕੈਲਗਰੀ ਵਿਖੇ, 1987 ਵਿਚ ਐਡਮਿੰਟਨ ਵਿਖੇ, 1987 ਵਿਚ ਵਿਨੀਪੈੱਗ ਵਿਖੇ ਅਤੇ 1989 ਵਿਚ ਕੈਲਗਰੀ ਵਿਖੇ ਖੇਡਿਆ ਗਿਆ।

09: ਗੁਰਸ਼ਰਨ ਸਿੰਘ ਦੇ ਨਾਟਕ 'ਤੂਤਾਂ ਵਾਲਾ ਖੂਹ' ਨੂੰ 'ਵੈਨਕੂਵਰ ਸੱਥ' ਅਤੇ 'ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ' ਵੱਲੋਂ ਕ੍ਰਮਵਾਰ 1985 ਵਿਚ ਵੈਨਕੂਵਰ ਵਿਖੇ, 1986 ਵੀਡੀਓ ਨਾਟਕ ਵਜੋਂ ਟੈਲੀਵੀਜ਼ਨ ਉੱਤੇ ਅਤੇ ਜੁਲਾਈ 1985 ਵਿਚ ਐਡਮਿੰਟਨ ਵਿਖੇ ਪੇਸ਼ ਕੀਤਾ ਗਿਆ।

10: ਗੁਰਸ਼ਰਨ ਸਿੰਘ ਦੇ ਨਾਟਕ 'ਬਾਬਾ ਬੋਲਦਾ ਹੈ' ਨੂੰ 'ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ' ਨੇ 1985 ਵਿਚ ਵਿਨੀਪੈੱਗ ਅਤੇ ਜੁਲਾਈ 1985 ਵਿਚ ਐਡਮਿੰਟਨ ਵਿਖੇ ਖੇਡਿਆ।

11: ਗੁਰਸ਼ਰਨ ਸਿੰਘ ਦੇ ਨਾਟਕ 'ਸਿਉਂਕ' ਨੂੰ 'ਵੈਨਕੂਵਰ ਸੱਥ' ਦੇ ਕਲਾਕਾਰਾਂ ਨੇ ਨਵੰਬਰ 1985 ਵਿਚ ਐਡਮਿੰਟਨ ਵਿਖੇ ਖੇਡਿਆ।

12: ਅਜਮੇਰ ਔਲਖ ਦੇ ਨਾਟਕ 'ਬਿਗਾਨੇ ਬੋਹੜ ਦੀ ਛਾਂ' ਨੂੰ 'ਇਪਾਨਾ' ਵੱਲੋਂ ਮਾਰਚ 1986 ਵਿਚ ਵੈਨਕੂਵਰ ਵਿਖੇ ਖੇਡਿਆ ਗਿਆ।

13: 'ਪੰਜਾਬ ਨਾਟਕ ਕਲਾ ਕੇਂਦਰ' ਵੱਲੋਂ ਸਮੂਹਕ ਤੌਰ 'ਤੇ ਤਿਆਰ ਕੀਤੇ ਗਏ ਨਾਟਕ 'ਉੱਠਣ ਦਾ ਵੇਲਾ' ਨੂੰ ਮਾਰਚ 1987 ਵਿਚ ਐਡਮਿੰਟਨ ਵਿਖੇ ਅਤੇ ਮਾਰਚ 1989 ਵਿਚ ਕੈਲੀਫੋਰਨੀਆ ਵਿਚ 'ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ' ਦੁਆਰਾ ਪੇਸ਼ ਕੀਤਾ ਗਿਆ।

14: ਅਜਮੇਰ ਔਲਖ ਦੇ ਨਾਟਕ 'ਅੰਨ੍ਹੇ ਨਿਸ਼ਾਨਚੀ' ਦੀ ਪੇਸ਼ਕਾਰੀ 'ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ' ਵੱਲੋਂ ਮਾਰਚ 1988 ਵਿਚ ਐਡਮਿੰਟਨ ਵਿਖੇ ਕੀਤੀ ਗਈ।

15: ਗੁਰਦਿਆਲ ਸਿੰਘ ਫੁੱਲ ਦੇ ਨਾਟਕ 'ਇਹ ਲਹੂ ਕਿਸਦਾ ਹੈ' ਨੂੰ 'ਲੋਕ ਸਭਿਆਚਾਰਕ ਮੰਚ ਕੈਲਗਰੀ' ਦੀ ਟੀਮ ਨੇ ਮਈ 1989 ਵਿਚ ਪੇਸ਼ ਕੀਤਾ।

16: ਗੁਰਸ਼ਰਨ ਸਿੰਘ ਦੇ ਨਾਟਕ 'ਪਰਖ' ਨੂੰ 'ਕੈਲਗਰੀ ਸਕੂਲ ਆਫ਼ ਡਰਾਮਾ' ਵੱਲੋਂ ਅਪਰੈਲ 1990 ਵਿਚ ਕੈਲਗਰੀ ਵਿਖੇ ਅਤੇ ਮਈ 1990 ਵਿਚ ਟਰਾਂਟੋ ਵਿਖੇ ਖੇਡਿਆ ਗਿਆ।

17: ਆਤਮਜੀਤ ਦੇ ਨਾਟਕ 'ਅਜੀਤ ਰਾਮ' ਨੂੰ 'ਪੰਜਾਬੀ ਆਰਟ ਐਸੋਸੀਏਸ਼ਨ ਐਡਮਿੰਟਨ' ਨੇ ਮਾਰਚ 1991 ਵਿਚ ਸਾਨਫਰਾਂਸਿਸਕੋ ਅਤੇ ਮਈ 1991 ਵਿਚ ਐਡਮਿੰਟਨ

ਵਿਖੇ ਪੇਸ਼ ਕੀਤਾ।

18: ਗੁਰਸ਼ਰਨ ਸਿੰਘ ਦੇ ਨਾਟਕ 'ਗੱਲ ਕੁਰਸੀ ਦੀ ਗੱਲ ਰੋਟੀ ਦੀ' 'ਲੋਕ ਸਭਿਆਚਾਰਕ ਮੰਚ ਕੈਲਗਰੀ' ਵੱਲੋਂ 1991 ਨੂੰ ਐਡਮਿੰਟਨ ਵਿਖੇ ਖੇਡਿਆ ਗਿਆ।

ਉਪਰੋਕਤ ਵੇਰਵਿਆਂ ਤੋਂ ਬਾਅਦ ਇਕ ਦੌਰ ਅਜਿਹਾ ਵੀ ਆਇਆ ਜਦੋਂ ਭਾਰਤੀ ਪੰਜਾਬੀ ਨਿਰਦੇਸ਼ਕਾਂ ਨਾਲ ਕੈਨੇਡੀਅਨ ਪੰਜਾਬੀ ਕਲਾਕਾਰਾਂ ਨੇ ਮਿਲ ਕੇ ਨਾਟਕ ਖੇਡੇ ਅਤੇ ਇਹ ਦੌਰ ਅਜੇ ਤਕ ਬਦਸਤੂਰ ਜਾਰੀ ਹੈ। ਸਾਲ 1996 ਵਿਚ ਕੇਵਲ ਧਾਲੀਵਾਲ ਨੇ 'ਕੁਦੇਸਣ' ਨਾਟਕ ਨੂੰ ਐਡਮਿੰਟਨ ਦੇ ਕਲਾਕਾਰਾਂ ਨਾਲ ਤਿਆਰ ਕਰਕੇ ਖਿਡਵਾਇਆ। ਆਤਮਜੀਤ ਨੇ 1996 ਵਿਚ ਕੈਨੇਡਾ ਵਿਖੇ 'ਕੈਮਲੂਪਸ ਦੀਆਂ ਮੱਛੀਆਂ' ਨਾਟਕ ਲਿਖ ਕੇ ਸਥਾਨਕ ਕਲਾਕਾਰਾਂ ਨਾਲ ਖੇਡਿਆ। ਪਾਲੀ ਭੁਪਿੰਦਰ ਨੇ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਚ ਕੈਨੇਡੀਅਨ ਪੰਜਾਬੀ ਕਲਾਕਾਰਾਂ ਨਾਲ 'ਰਾਤ ਚਾਨਣੀ' (2005), 'ਰਾਂਗ ਨੰਬਰ' (2007), 'ਮੀ ਐਂਡ ਮਾਈ ਸਟੋਰੀ' (2010), 'ਸਿਰਜਣਾ' (2011), 'ਇਕ ਸੁਪਨੇ ਦਾ ਰਾਜਨੀਤਕ ਕਤਲ' (2013) ਦਾ ਮੰਚਨ ਕੀਤਾ। ਨਿਰਮਲ ਜੌੜਾ ਨੇ ਟਰਾਂਟੋ ਵਿਖੇ ਗੁਰੂਕੁਲ ਆਰਟ ਅਕੈਡਮੀ ਦੇ ਬੱਚਿਆਂ ਨਾਲ 'ਮਾਤਾ ਗੁਜਰੀ' (2008-09) ਅਤੇ 'ਮੈਂ ਪੰਜਾਬ ਬੋਲਦਾ ਹਾਂ' (2011) ਨਾਟਕ ਖੇਡੇ। ਅਜਮੇਰ ਔਲਖ ਨੇ 'ਨਿਉਂ ਜੜ੍ਹ' (2009), ਐਡਮਿੰਟਨ ਵਿਚ 'ਚਾਨਣ ਦੇ ਵਣਜਾਰੇ' (2011) ਬਰੈਂਮਪਟਨ ਤੇ 'ਨਿਉਂ ਜੜ੍ਹ' (2012) ਬਰੈਮਪਟਨ ਵਿਖੇ ਖੇਡੇ। ਆਤਮਜੀਤ ਨੇ ਕੈਨੇਡਾ ਵਿਖੇ 'ਗਦਰ ਐਕਸਪ੍ਰੈਸ' (2013) ਸਥਾਨਕ ਕਲਾਕਾਰਾਂ ਨਾਲ ਤਿਆਰ ਕਰਵਾ ਕੇ ਖੇਡਿਆ। ਦਵਿੰਦਰ ਦਮਨ ਨੇ ਐਡਮਿੰਟਨ ਵਿਖੇ 'ਨਿਸ਼ਾਨ-ਏ-ਗ਼ਦਰ' 2013 ਵਿਚ ਤਿਆਰ ਕਰਵਾ ਕੇ ਖੇਡਿਆ ਅਤੇ 2014 ਵਿਚ ਕਾਮਾਗਾਟਾਮਾਰੂ ਬਾਰੇ ਨਾਟਕ 'ਸਮੁੰਦਰਾਂ 'ਤੇ ਅੱਗ ਤੁਰਦੀ' ਵੈਨਕਵੂਰ ਦੇ ਕਲਾਕਾਰਾਂ ਨਾਲ ਖੇਡਿਆ। ਸਤੀਸ਼ ਕੁਮਾਰ ਵਰਮਾ ਨੇ ਟਰਾਂਟੋ ਵਿਖੇ 'ਅਸੀਂ ਸਾਰੇ ਭਗਤ ਸਿੰਘ' ਉੱਥੋਂ ਦੇ ਬੱਚਿਆਂ ਨਾਲ ਤਿਆਰ ਕਰਵਾ ਕੇ ਖੇਡਿਆ।

ਉਪਰੋਕਤ ਤੋਂ ਇਲਾਵਾ ਸੰਗੀਤਾ, ਹੰਸਾ ਸਿੰਘ, ਨਿਰਮਲ ਰਿਸ਼ੀ, ਹਰਦੀਪ ਗਿੱਲ, ਐੱਚ. ਐੱਸ. ਰੰਧਾਵਾ ਅਤੇ ਅਨੀਤਾ ਸਬਦੀਸ਼ ਦੇ ਵੀ ਵਿਦੇਸ਼ੀ ਧਰਤੀਆਂ 'ਤੇ ਨਾਟਕ ਖਿਡਵਾਉਣ ਦੇ ਵੇਰਵੇ ਮਿਲਦੇ ਹਨ।

ਪਰਵਾਸੀ ਨਾਟ ਮੰਡਲੀਆਂ ਵੱਲੋਂ ਖੇਡੇ ਗਏ ਭਾਰਤੀ ਪੰਜਾਬੀ ਨਾਟਕਾਂ ਦੇ ਸਮਾਨ-ਅੰਤਰ ਹੀ ਪਰਵਾਸੀ ਪੰਜਾਬੀ ਨਾਟਕਾਂ ਦੀ ਰਚਨਾ ਵੀ ਹੋਈ ਮਿਲਦੀ ਹੈ। ਪਰਵਾਸੀ ਨਾਟਕ ਲੇਖਨ ਦਾ ਕਾਰਜ ਕਈ ਥਾਂ ਸਮੂਹਕ ਰੂਪ ਵਿਚ ਵੀ ਮਿਲਦਾ ਹੈ ਜਿਵੇਂ ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੁਆਰਾ ਲਿਖੇ ਗਏ 'ਪਿਕਟ ਲਾਈਨ ਤੇ ਹੋਰ ਨਾਟਕ' ਆਦਿ। ਇਨ੍ਹਾਂ ਨਾਟਕਾਂ ਨੂੰ ਲਿਖਣ ਦੇ ਨਾਲ ਇਨ੍ਹਾਂ ਦੀਆਂ ਪਰਵਾਸੀ ਟੀਮਾਂ ਵੱਲੋਂ ਪੇਸ਼ਕਾਰੀਆਂ ਵੀ ਕੀਤੀਆਂ ਗਈਆਂ ਹਨ। ਪਰਵਾਸੀ ਨਾਟਕਾਂ ਵਿਚੋਂ ਕੁਝ ਨਾਟਕ ਜਿਵੇ: 'ਪਿਕਟ ਲਾਈਨ', 'ਕਿਹਦਾ ਵਿਆਹ', 'ਹਰ ਉਮਰ ਦਾ ਇਕੋ ਰੋਣਾ', 'ਤਾਂ ਤੁਹਾਡੇ ਕੁੜੀ ਹੋਈ ਹੋਣੀ ਆ', 'ਆਉ ਘਰ-ਘਰ ਖ਼ੇਡੀਏ 'ਅਤੇ 'ਨਿੱਕੀ ਜਿਹੀ ਗੱਲ ਨਹੀਂ' ਆਦਿ ਨੂੰ ਅੰਗਰੇਜ਼ੀ ਵਿਚ ਵੀ ਖੇਡਿਆ ਗਿਆ ਹੈ।

ਹੁਣ ਤਕ ਕੈਨੇਡਾ ਦੇ ਕਰੀਬ 28 ਨਾਟਕਕਾਰਾਂ ਨੇ ਗੱਦ ਤੇ ਕਾਵਿ ਦੋਵੇਂ ਨਾਟ ਰੂਪਾਂ ਦੀ ਰਚਨਾ ਕੀਤੀ ਹੈ। ਇਨ੍ਹਾਂ ਨਾਟਕਕਾਰਾਂ ਦੀਆਂ ਨਾਟ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ{

01:ਸਾਧੂ ਬਿਨਿੰਗ - ਜਗੀਰੂ ਲੰਬੜ 02: ਸੁਖਵੰਤ ਹੁੰਦਲ - ਕੁੱਝ ਸੋਚਣਾ ਚਾਹੀਦਾ ਹੈ 03: ਸਾਧੂ ਤੇ ਸੁਖਵੰਤ ਹੁੰਦਲ - ਪਿਕਟ ਲਾਈਨ, ਕਿਹਦਾ ਵਿਆਹ, ਜ਼ਹਿਰ ਦੀ ਫ਼ਸਲ,

ਮਲੂਕੇ ਦਾ ਵਿਸ਼ਵ-ਵਿਦਿਆਲਾ, ਲੱਤਾਂ ਦੇ ਭੂਤ, ਹਵੇਲੀਆਂ ਤੇ ਪਾਰਕਾਂ, ਸਮੁੰਦਰੀ ਸ਼ੇਰ ਨਾਲ ਟੱਕਰ, ਤਾਂ ਤੁਹਾਡੇ ਕੁੜੀ ਹੋਈ ਹੋਣੀ ਆ 04: ਅਜਮੇਰ ਰੋਡੇ - ਤੀਸਰੀ ਅੱਖ, ਕਾਮਾਗਾਟਾਮਾਰੂ, ਦੂਜਾ ਪਾਸਾ,ਨਿਰਲੱਜ, ਵੀਜ਼ਾ, ਇਕ ਕੁੜੀ ਇਕ ਸੁਪਨਾ, ਥੱਲੇ ਨੂੰ ਜਾਂਦੀ ਪੌੜੀ 05: ਸੁਰਜੀਤ ਕਲਸੀ - ਪੋਹ ਦੀ ਅਗਨ, ਵੀਜ਼ੇ ਤੋਂ ਬਾਦ, ਧੀਆਂ ਪ੍ਰਦੇਸਣਾਂ, ਮਹਿਲੀ ਵਸਦੀਆਂ ਧੀਆਂ 06:ਅਜਮੇਰ ਰੋਡੇ ਤੇ ਸੁਰਜੀਤ ਕਲਸੀ ਚੇਤਨਾ 07: ਰਮਿੰਦਰ ਸੰਧੂ - ਪੁਨਰ ਜਨਮ 08: ਦਰਸ਼ਨ ਕੌਰ - ਛਤਰੀ, ਵੈਨਕੂਵਰ ਦੀਆਂ ਗਲੀਆਂ 09: ਜਗਦੀਸ਼ ਬਿਨਿੰਗ, ਅੰਜੂ ਹੁੰਦਲ, ਹਰਜੀ ਸਾਂਗਰਾ, ਸਾਧੂ ਤੇ ਸੁਖਵੰਤ - ਨਿੱਕੀ ਜਿਹੀ ਗੱਲ ਨਹੀਂ 10: ਅੰਜੂ ਹੁੰਦਲ, ਜਗਦੀਸ਼ ਬਿਨਿੰਗ, ਹਰਜੀ ਸਾਂਗਰਾ,ਪਿੰਦੀ ਗਿੱਲ - ਹਰ ਉਮਰ ਦਾ ਇਕੋ ਰੋਣਾ 11: ਖ਼ੋਜੀ ਕਾਫ਼ਿਰ - ਮਾਈ ਭਾਗੋ, ਦੋ ਅਣਖੀਲੇ ਯੋਧੇ, ਮੱਸਾ ਰੰਘੜ, ਚਾਂਦੀ ਦੀ ਜੁੱਤੀ, ਲਾਸ਼ਾਂ ਬੋਲ ਪਈਆਂ, ਅਕਾਲ ਬੁੰਗੇ ਦੀ ਜੰਗ, ਵਿਆਹੁ ਹੋਆ ਮੇਰੇ ਬਾਬਲਾ, ਬੰਦਾ ਬਹਾਦਰ, ਵਿਅਰਥ ਕੁਰਬਾਨੀਆਂ, ਬੀਟੀ ਦੀਆਂ ਡਾਂਗਾਂ 12: ਹਰਕੰਵਲਜੀਤ ਸਾਹਿਲ - ਇਸੁ ਗਰਬੁ ਤੇ ਚਲਹਿ ਬਹੁਤੁ ਵਿਕਾਰਾ 13: ਰਾਜ ਚੋਹਾਨ ਚਿੰਗਾੜੀ 14: ਕਰਨੈਲ ਮਾਨ - ਨਵੀਂ ਪੀੜ੍ਹੀ 15: ਜੰਗ ਸਿੰਘ - ਚੌਰਸਤੇ ਵਿਚ ਦੋ ਆਦਮੀ 16: ਜੰਗ ਬਹਾਦਰ ਸਿੰਘ ਸ਼ਰਬਤੀ 17: ਸਰਬਜੀਤ ਸਿੰਘ ਧਾਲੀਵਾਲ - ਕਰਮਾ ਕੇਨੇਡੀਅਨ, ਮੂਰਖ਼ ਲੀਡਰ, ਨੌਕਰ ਬੁੱਧੂ ਸ਼ਾਹ, ਚੌਧਰੀ ਬਖ਼ਤਾਵਰ ਸਿੰਘ 18: ਮੱਖਣ ਟੁੱਟ - ਪੰਜਾਬ ਦੀ ਆਵਾਜ਼ 19: ਬੂਟਾ ਸਿੰਘ - ਮਸਲਾ ਬੱਕਰੀ ਦਾ 20: ਭੁਪਿੰਦਰ ਧਾਲੀਵਾਲ - ਜਿਉਂਦਿਆਂ ਲਾਸ਼ਾਂ 21: ਰਵਿੰਦਰ ਗਿੱਲ - ਹੋਏ ਪਰਦੇਸੀ 22: ਪੰਜਾਬ ਨਾਟਕ ਕਲਾ ਕੇਂਦਰ - ਉੱਠਣ ਦਾ ਵੇਲਾ 23: ਪ੍ਰੋ: ਬਲਬੀਰ ਸਿੰਘ - ਤੀਜੀ ਪਾਸ 24: ਇੰਡੀਆ ਮਹਿਲਾ ਐਸੋਸੀਏਸ਼ਨ - ਬਜ਼ਾਰ ਆਫ਼ ਹੈਦਰਾਬਾਦ।

ਉਪਰੋਕਤ ਪਰਵਾਸੀ ਪੰਜਾਬੀ ਨਾਟਕਾਂ ਦੀ ਮੁੱਢਲੀ ਪਛਾਣ ਸਥਾਪਤ ਕਰਨ ਲਈ ਇਨ੍ਹਾਂ ਦਹਾਕਿਆਂ ਵਿਚ ਸੱਤਰ ਦੇ ਕਰੀਬ ਨਾਟ ਕ੍ਰਿਤਾਂ ਹੋਂਦ ਵਿਚ ਆਈਆਂ। ਇਹ ਨਾਟਕ ਪੁਸਤਕਾਂ, ਮੈਗਜ਼ੀਨਾਂ, ਵੀਡੀਓ ਸੀਡੀਜ਼ ਜਾਂ ਅਪ੍ਰਕਾਸ਼ਤ ਰੂਪ ਵਿਚ ਮਿਲਦੇ ਹਨ। ਮੈਗ਼ਜ਼ੀਨ ਰੂਪ ਵਿਚ 'ਵਤਨ' ਅਤੇ 'ਸੰਵਾਦ' ਵਰਗੇ ਪਰਚਿਆਂ ਦਾ ਵਿਸ਼ੇਸ਼ ਯੋਗਦਾਨ ਨਜ਼ਰ ਆਉਂਦਾ ਹੈ। 'ਵਤਨ' 1991 (ਸਤੰਬਰ) ਅਤੇ 'ਸੰਵਾਦ' 1995 (ਜੁਲਾਈ ਅਗਸਤ) ਪਰਚਿਆਂ ਰਾਹੀਂ ਨਾਟਕਾਂ ਦੀਆਂ ਸਕ੍ਰਿਪਟਾਂ, ਨਾਟਕਕਾਰਾਂ ਤੇ ਕਲਾਕਾਰਾਂ ਦੀਆਂ ਮੁਲਾਕਾਤਾਂ ਤੇ ਉਨ੍ਹਾਂ ਦੇ ਨਾਟ ਤਜਰਬਿਆਂ ਨੂੰ ਸੰਭਾਲਿਆ ਗਿਆ। ਇਨ੍ਹਾਂ ਦੋਹਾਂ ਪਰਚਿਆਂ ਵਿਚ ਇਕੱਤਰ ਜਾਣਕਾਰੀ ਪਰਵਾਸੀ ਪੰਜਾਬੀ ਨਾਟਕਕਾਰਾਂ ਅਤੇ ਅਦਾਕਾਰਾਂ ਵੱਲੋਂ ਕੈਨੇਡੀਅਨ ਪਰਵਾਸੀ ਪੰਜਾਬੀ ਨਾਟਕ ਤੇ ਰੰਗਮੰਚ ਵਿਚ ਪਾਏ ਯੋਗਦਾਨ ਦਾ ਸੰਗ੍ਰਹਿ ਕਹੀ ਜਾ ਸਕਦੀ ਹੈ।

ਪਰਵਾਸੀ ਪੰਜਾਬੀ ਗੱਦ ਨਾਟਕ ਦੀਆਂ ਸਕ੍ਰਿਪਟਾਂ ਦੇ ਪੁਸਤਕ ਰੂਪ, ਮੈਗਜ਼ੀਨ ਰੂਪ ਅਤੇ ਅਪ੍ਰਕਾਸ਼ਤ ਰਚਨਾਵਾਂ ਦੀ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ।

ਪੁਸਤਕ ਰੂਪ: ਦੂਜਾ ਪਾਸਾ - ਅਜਮੇਰ ਰੋਡੇ,1981, ਕਾਮਾਗਾਟਾਮਾਰੂ - ਅਜਮੇਰ ਰੋਡੇ,1984, ਪਿਕਟ ਲਾਈਨ ਤੇ ਹੋਰ ਨਾਟਕ - ਸਾਧੂ ਤੇ ਸੁਖਵੰਤ ਹੁੰਦਲ, 1995, ਲਾਸ਼ਾ ਬੋਲ ਪਈਆਂ - ਖੋਜੀ ਕਾਫ਼ਿਰ,1998, ਬਾਬਾ ਬੰਦਾ ਬਹਾਦਰ - ਖੋਜੀ ਕਾਫ਼ਿਰ, 2001, ਵਿਅਰਥ ਕੁਰਬਾਨੀਆਂ - ਖੋਜੀ ਕਾਫ਼ਿਰ, 2001, ਬੀਟੀ ਦੀਆਂ ਡਾਂਗਾਂ - ਖੋਜੀ ਕਾਫ਼ਿਰ, 2001, ਇਸੁ ਗਰਬੁ ਤੇ ਚਲਹਿ ਬਹੁਤ ਵਿਕਾਰਾ - ਹਰਕੰਵਲਜੀਤ ਸਾਹਿਲ, 2002, ਸਵਾਲ਼ੀਆ ਨਿਸ਼ਾਨ - ਪ੍ਰੀਤ ਮਾਨ, 2003, ਅੰਨ੍ਹੀਆਂ ਗਲੀਆਂ - ਕੁਲਵਿੰਦਰ ਖ਼ਹਿਰਾ, 2007, ਆਜ਼ਾਦੀ ਦੇ ਜਹਾਜ਼ - ਪ੍ਰੀਤ ਮਾਨ, 2007, ਪ੍ਰਗਟਿਓ ਖ਼ਾਲਸਾ - ਪ੍ਰੀਤ ਮਾਨ, 2007, ਨਿਰਲੱਜ - ਅਜਮੇਰ ਰੋਡੇ, 2008, ਭਲਾ ਮੈਂ ਕੌਣ - ਪਰਮਿੰਦਰ ਕੌਰ ਸਵੈਚ,

2009, ਬਲਦੇ ਬਿਰਖ - ਪਰਮਿੰਦਰ ਕੌਰ ਸਵੈਚ, 2010, ਮੇਰਾ ਘਰ ਮੇਰੀ ਕਹਾਣੀ- ਪਰਮਜੀਤ ਗਿੱਲ, 2010, ਡਾਲਰਾਂ ਦੀ ਦੌੜ - ਨਾਹਰ ਔਜਲਾ, 2011, ਸੁਪਰਵੀਜ਼ਾ ਤੇ ਹੋਰ ਨਾਟਕ - ਨਾਹਰ ਔਜਲਾ, 2014

ਮੈਗਜ਼ੀਨ ਰੂਪ: ਪੁਨਰਜਨਮ - ਰਮਿੰਦਰ ਸੰਧੂ, ਵਤਨ 1991, ਕਿਹਦਾ ਵਿਆਹ - ਸਾਧੂ ਤੇ ਸੁਖਵੰਤ ਹੁੰਦਲ, ਵਤਨ 1991, ਹਰ ਉਮਰ ਦਾ ਇਕੋ ਰੋਣਾ - ਅੰਜੂ ਹੁੰਦਲ, ਜਗਦੀਸ਼ ਬਿਨਿੰਗ, ਹਰਜਿੰਦਰ ਸਾਂਗਰਾ, ਪਿੰਦੀ ਗਿੱਲ, ਵਤਨ 1991, ਤੀਸਰੀ ਅੱਖ - ਅਜਮੇਰ ਰੋਡੇ, ਵਤਨ 1991 (ਅੰਕ ਇਕ)

ਵੀਡੀਓ ਰਿਕਾਰਡਿੰਗ: ਕਿਹਦਾ ਵਿਆਹ, ਸਾਧੂ ਤੇ ਸੁਖਵੰਤ ਹੁੰਦਲ, ਮਿਤੀਹੀਣ, ਨਿੱਕੀ ਜਿਹੀ ਗੱਲ ਨਹੀਂ - ਅੰਜੂ ਹੁੰਦਲ, ਹਰਜੀ ਸਾਂਗਰਾ, ਸਾਧੂ ਤੇ ਸੁਖਵੰਤ ਹੁੰਦਲ, ਮਿਤੀਹੀਣ

ਅਪ੍ਰਕਾਸ਼ਤ ਨਾਟਕ: ਥੱਲੇ ਨੂੰ ਜਾਂਦੀ ਪੌੜੀ, ਨਿਰਲੱਜ - ਅਜਮੇਰ ਰੋਡੇ, ਚੇਤਨਾ - ਅਜਮੇਰ ਰੋਡ ਤੇ ਕਲਸੀ, ਛਤਰੀ, ਵੈਨਕੂਵਰ ਦੀਆਂ ਗਲੀਆਂ - ਦਰਸ਼ਨ ਬੈਂਸ, ਉੱਠਣ ਦਾ ਵੇਲਾ - ਪੰਜਾਬ ਨਾਟਕ ਕਲਾ ਕੇਂਦਰ, ਮਸਲਾ ਬੱਕਰੀ ਦਾ - ਬੂਟਾ ਸਿੰਘ, ਜਗੀਰੂ ਲੰਬੜ - ਸਾਧੂ ਬਿਨਿੰਗ, ਕੁੱਝ ਸੋਚਣਾ ਚਾਹੀਦਾ ਹੈ - ਸੁਖਵੰਤ ਹੁੰਦਲ, ਚਿੰਗਾੜੀ - ਰਾਜ ਚੌਹਾਨ, ਨਵੀਂ ਪੀੜ੍ਹੀ - ਕਰਨੈਲ ਮਾਨ, ਚੌਰਸਤੇ ਵਿਚ ਦੋ ਆਦਮੀ - ਜੰਗ ਸਿੰਘ, ਸ਼ਰਬਤੀ - ਜੰਗ ਬਹਾਦਰ ਸਿੰਘ, ਕਰਮਾ ਕੈਨੇਡੀਅਨ - ਸਰਬਜੀਤ ਧਾਲੀਵਾਲ, ਪੰਜਾਬ ਦੀ ਆਵਾਜ਼ - ਮੱਖਣ ਟੁੱਟ, ਮੂਰਖ ਲੀਡਰ - ਸਰਬਜੀਤ ਧਾਲੀਵਾਲ, ਚੌਧਰੀ ਬਖ਼ਤਾਵਰ ਸਿੰਘ, ਨੌਕਰ ਬੁੱਧੂ ਸਿੰਘ - ਸਰਬਜੀਤ ਧਾਲੀਵਾਲ, ਜਿਉਂਦੀਆਂ ਲਾਸ਼ਾਂ - ਭੁਪਿੰਦਰ ਧਾਲੀਵਾਲ, ਹੋਏ ਪਰਦੇਸੀ - ਰਵਿੰਦਰ ਗਿੱਲ, ਤੀਜੀ ਪਾਸ - ਪ੍ਰੋ: ਬਲਬੀਰ ਸਿੰਘ, ਬਜ਼ਾਰ ਆਫ਼ ਹੈਦਰਾਬਾਦ, ਇੰਡੀਆ ਮਹਿਲਾ ਐਸੋਸੀਏਸ਼ਨ

ਕੈਨੇਡੀਅਨ ਕਾਵਿ ਨਾਟਕ: 'ਸੂਰਜ ਨਾਟਕ ਅਧੀਨ ਤ੍ਰੈਲੜੀ, ਬੀਮਾਰ ਸਦੀ,1974, ਦਰ ਦੀਵਾਰਾਂ,1981, ਅੱਧੀ ਰਾਤ ਦੁਪਹਿਰ, 1983, ਰੂਹ ਪੰਜਾਬ ਦੀ,1984, ਚੌਂਕ ਨਾਟਕ,1984., ਸਿਫ਼ਰ ਨਾਟਕ, 1987, ਤਿੰਨ ਨਾਟਕ, ਮੱਕੜੀ ਨਾਟਕ,1990, ਰੁਕੇ ਹੋਏ ਯਥਾਰਥ, ਪਛਾਣ ਨਾਟਕ, ਮਨ ਦੇ ਹਾਣੀ, 2005, ਮਖੌਟੇ ਤੇ ਹਾਦਸੇ, 2008, ਚੱਕਰਵਿਓ ਤੇ ਪਿਰਾਮਿਡ, 2010- ਸਭਨਾਂ ਦਾ ਲੇਖਕ - ਰਵਿੰਦਰ ਰਵੀ, ਇਕ ਸੁਪਨਾ ਮਛਲੀ ਦਾ - ਜਗਤਾਰ ਢਾਅ,1982, ਪਲੰਘ ਪੰਘੂੜਾ - ਇਕਬਾਲ ਰਾਮੂਵਾਲੀਆ,2000

ਕੀਨੀਆ:

ਮਹਾਂ ਨਾਟਕ ਸੰਗ੍ਰਹਿ: ਬਘਿਆੜ ਐਨਕਾਂ ਤੇ ਦਸਤਾਨਿਆਂ ਵਰਗੇ ਹੱਥ, 1987, ਮੰਟੋ ਮਰਿਆ ਨਹੀਂ, 1988 - ਸਭਨਾਂ ਦਾ ਲੇਖਕ ਅਜਾਇਬ ਕਮਲ

ਕਾਵਿ ਨਾਟਕ ਸੰਗ੍ਰਹਿ: ਲੰਙੜਾ ਆਸਮਾਨ,1978-ਹਥੇਲੀ ਤੇ ਉਗਿਆ ਸ਼ਹਿਰ ਉਰਫ਼ ਉੱਨੀ ਸੌ ਨੜਿਨਵੇਂ, ਦਾੜ੍ਹੀ ਵਾਲਾ ਘੋੜਾ, ਸੂਤਰਧਾਰ ਬੋਲਦਾ ਹੈ,1989 - ਧੂਮਕੇਤੂ, ਇਕ ਛਾਤੀ ਵਾਲੀ ਔਰਤ, ਹਿਜੜੇ, ਨਾਟਕ ਵਿਚਲਾ ਸ਼ੈਤਾਨ, ਊਠਾਂ ਵਰਗੇ ਆਦਮੀ, ਕਲਕੀ ਅਵਤਾਰ- ਸਭਨਾਂ ਦਾ ਲੇਖਕ ਅਜਾਇਬ ਕਮਲ

ਬਰਤਾਨੀਆ:

ਕੈਨੇਡਾ ਦੇ ਸਮਾਨ ਅੰਤਰ ਹੀ ਬਰਤਾਨੀਆ ਵਿਚ ਵੀ ਪਰਵਾਸੀ ਪੰਜਾਬੀ ਨਾਟਕ ਦਾ ਵਿਕਾਸ ਹੁੰਦਾ ਹੈ। ਬਰਤਾਨੀਆ ਵਿਚ ਨਾਟਕ ਰਚਨਾ ਦਾ ਆਕਾਰ ਕੈਨੇਡਾ ਦੇ ਮੁਕਾਬਲੇ ਘੱਟ ਚੌੜਾ ਹੈ। ਇੰਗਲੈਂਡ ਵਿਚ 'ਆਤੂ ਦਾ ਵਿਆਹ' ਅਜਿਹਾ ਪਹਿਲਾ ਨਾਟਕ ਹੈ ਜੋ ਚਰਚਾ ਵਿਚ ਆਉਂਦਾ ਹੈ। ਖੋਜ ਪ੍ਰਕਿਰਿਆ ਦੌਰਾਨ ਦਰਸ਼ਨ ਸਿੰਘ ਗਿਆਨੀ ਦਾ ਨਾਟਕ 'ਆਤੂ

ਦਾ ਵਿਆਹ' (1968) ਅਜਿਹਾ ਬਰਤਾਨਵੀ ਪੰਜਾਬੀ ਨਾਟਕ ਸਿੱਧ ਹੁੰਦਾ ਹੈ ਜੋ ਇੰਗਲੈਂਡ ਦੀ ਧਰਤੀ ਉੱਤੇ ਹੀ ਸਿਰਜਿਆ ਤੇ ਖ਼ੇਡਿਆ ਗਿਆ। ਪਰੰਤੂ 'ਓਵਰ ਟੈਮ ਨਾਟਕ' (ਮਿਤੀ ਹੀਣ) ਕ੍ਰਿਤ ਸੁਰਿੰਦਰ ਸੁਧਾਕਰ ਵਿਚ ਪ੍ਰਕਾਸ਼ਕ ਵੱਲੋਂ ਕੀਤੀ ਟਿੱਪਣੀ ਅਨੁਸਾਰ ਇਹ ਬਰਤਾਨੀਆ ਵਿਖੇ ਛਪਣ ਵਾਲਾ ਪਹਿਲਾ ਪੰਜਾਬੀ ਨਾਟਕ ਹੈ, ਜਿਸ ਨੂੰ Sidney Strinser Theatre ਬਰਤਾਨੀਆ ਵਿਖੇ ਮੰਚ ਉੱਤੇ ਪੇਸ਼ ਕੀਤਾ ਗਿਆ।

ਇਹਨੀਂ ਦਿਨੀਂ ਹੀ ਦਰਸ਼ਨ ਸਿੰਘ ਗਿਆਨੀ ਨੇ 'ਨਿਮਾਣੀਆਂ ਗਊਆਂ' ਦੀ ਰਚਨਾ ਕੀਤੀ ਜੋ ਨਾਟਕ ਸੰਗ੍ਰਹਿ ਦੇ ਰੂਪ ਵਿਚ ਮਗਰੋਂ ਛਪਿਆ। 'ਲੱਖਾ ਸਿੰਘ ਜੌਹਰ ਦਾ 'ਪੌਂਡਾਂ ਦੇ ਪੁਆੜੇ' ਤੇ ਮਨਜੀਤ ਰਾਣਾ ਦਾ ਨਾਟਕ 'ਮਾਧਿਅਮ' ਇਤਿਹਾਸਕ ਮਹੱਤਾ ਦੀਆਂ ਰਚਨਾਵਾਂ ਹਨ। ਹਰਭਜਨ ਸਿੰਘ ਬਿਰਕ ਦੇ 'ਜ਼ਮੀਨ' ਨਾਟਕ ਦੀ ਭੂਮਿਕਾ ਵਿਚ ਮਹਿੰਦਰ ਕੌਰ ਨੇ ਇਸ ਨੂੰ ਬਰਤਾਨੀਆ ਵਿਚਲਾ ਪਹਿਲਾ ਪੰਜਾਬੀ ਨਾਟਕ ਦਰਸਾਇਆ ਹੈ।

ਪਰਵਾਸੀ ਪੰਜਾਬੀ ਨਾਟਕ ਦੀ ਬਰਤਾਨੀਆ ਵਿਖੇ ਵਰਗ ਵੰਡ ਅਤੇ ਵੇਰਵਾ ਹੇਠ ਲਿਖੇ ਅਨੁਸਾਰ ਕੀਤਾ ਜਾ ਸਕਦਾ ਹੈ: 01: ਦਰਸ਼ਨ ਸਿੰਘ - ਡਿਪਟੀ ਦੀ ਧੀ, ਆਤੂ ਦਾ ਵਿਆਹ, ਫਰੈਂਡ, 02: ਲੱਖਾ ਸਿੰਘ ਜੌਹਰ - ਪੌਂਡਾਂ ਦੇ ਪੁਆੜੇ, 03: ਤਰਸੇਮ ਨੀਲਗਿਰੀ - ਲੰਮੀ ਸੜਕ ਲਾਹੌਰ ਦੀ, ਚੱਕਰਵਿਊ, ਛੜਿਆਂ ਦਾ ਗੀਤ, 04: ਹਰਭਜਨ ਸਿੰਘ ਬਿਰਕ - ਜ਼ਮੀਨ, ਮਿੱਠੀ ਜੇਲ੍ਹ, ਕਰਜ਼ਾ, ਸਿੰਗਾਂ ਵਾਲਾ ਸੇਹਾ, 05: ਤਜਿੰਦਰ ਸਿੰਧਰਾ - ਨਖ਼ਰੇ ਵਲੈਤਣ ਦੇ, ਬੇਬੇ ਵਲਾਇਤ ਵਿਚ, 06: ਚਮਨ ਲਾਲ ਚਮਨ - ਦੋ ਜੁੱਤੀਆਂ, ਜੁਰਾਬਾਂ, ਪਾਲਮ ਟੂ ਹੀਥਰੋ ਹਵਾਈ ਟਿਕਟ, ਅਰਜਨ ਰਾਇਤ ਛੁਟਕਾਰਾ, ਸੁਰਿੰਦਰ ਸੁਧਾਕਰ - ਓਵਰ ਟੈਮ

ਬਰਤਾਨੀਆ ਵਿਖੇ ਪਰਵਾਸੀ ਪੰਜਾਬੀ ਗੱਦ ਨਾਟਕ ਪੂਰੇ ਨਾਟਕ ਅਤੇ ਇਕਾਂਗੀ ਦੋਹਾਂ ਰੂਪਾਂ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਪੂਰੇ ਨਾਟਕਾਂ ਵਿਚ ਓਵਰਟੈਮ, ਪੌਂਡਾਂ ਦੇ ਪੁਆੜੇ, ਲੰਮੀ ਸੜਕ ਲਾਹੌਰ ਦੀ, ਚੱਕਰਵਿਊ, ਛੜਿਆਂ ਦਾ ਗੀਤ, ਜ਼ਮੀਨ, ਮਿੱਠੀ ਜੇਲ੍ਹ, ਕਰਜ਼ਾ, ਸਿੰਗਾਂ ਵਾਲਾ ਸੇਹਾ ਆਦਿ ਸ਼ਾਮਲ ਕੀਤੇ ਜਾ ਸਕਦੇ ਹਨ। ਜਦਕਿ ਆਤੂ ਦਾ ਵਿਆਹ, ਡਿਪਟੀ ਦੀ ਧੀ ਅਤੇ ਫਰੈਂਡ ਇਕਾਂਗੀ ਰੂਪ ਵਿਚ ਹਨ। ਇਹਨਾਂ ਰਚਨਾਵਾਂ ਵਿਚੋਂ ਕੁਝ ਕੁ ਨਾਟਕ ਹੀ ਪੁਸਤਕ ਦਾ ਰੂਪ ਵਿਚ ਉਪਲਬਧ ਹਨ।

ਪੁਸਤਕ ਰੂਪ: 01 ਸੁਰਿੰਦਰ ਸੁਧਾਕਰ - ਓਵਰ ਟੈਮ (ਮਿਤੀਹੀਣ), 02 ਦਰਸ਼ਨ ਸਿੰਘ ਗਿਆਨੀ - ਨਿਮਾਣੀਆਂ ਗਊਆਂ ਮਿਤੀਹੀਣ,ਨਾਟਕ ਸੰਗ੍ਰਹਿ, 03 ਹਰਭਜਨ ਸਿੰਘ ਬਿਰਕ - ਜ਼ਮੀਨ,ਮਿਤੀਹੀਣ, ਪੂਰਾ ਨਾਟਕ, 04 ਤਰਸੇਮ ਨੀਲਗਿਰੀ - ਲੰਮੀ ਸੜਕ ਲਾਹੌਰ ਦੀ, 1976 ਪੂਰਾ ਨਾਟਕ, ਚੱਕਰਵਿਊ,1977-ਪੂਰਾ ਨਾਟਕ, 05 ਲੱਖਾ ਸਿੰਘ ਜੌਹਰ - ਪੌਂਡਾਂ ਦੇ ਪੁਆੜੇ,1980 ਪੂਰਾ ਨਾਟਕ, ਛੜਿਆਂ ਦਾ ਗੀਤ,1989-ਪੂਰਾ ਨਾਟਕ

ਅਪ੍ਰਕਾਸ਼ਤ: 01ਮਿੱਠੀ ਜੇਲ੍ਹ, 02 ਕਰਜ਼ਾ, 03 ਸਿੰਗਾਂ ਵਾਲਾ ਸੇਹਾ, ਤਿੰਨਾਂ ਦਾ ਲੇਖਕ - ਹਰਭਜਨ ਸਿੰਘ, 04 ਨਖ਼ਰੇ ਵਲੈਤਣ ਦੇ, 05 ਬੇਬੇ ਵਲਾਇਤ ਵਿਚ, ਦੋਹਾਂ ਦਾ ਲੇਖਕ - ਤੇਜਿੰਦਰ ਸਿੰਧਰਾ, 06 ਦੋ ਜੁੱਤੀਆਂ, 07 ਜੁਰਾਬਾਂ, 08 ਪਾਲਮ ਟੂ ਹੀਥਰੋ ਹਵਾਈ ਟਿਕਟ, ਤਿੰਨਾਂ ਦਾ ਲੇਖਕ - ਚਮਨ ਲਾਲ ਚਮਨ, 09 ਛੁਟਕਾਰਾ - ਹਰਜਨ ਰਾਇਤ, 10 ਹਾਤੋ ਹਾਸ਼ੇ - ਨਿਰੰਜਨ ਸਿੰਘ ਨੂਰ, 11 ਬਾਗੀ ਸਿਪਾਹੀ, 12 ਰਿਸ਼ਤਾ, ਦੋਹਾਂ ਦਾ ਲੇਖਕ - ਿ ਬ ਅੰ ਤ ਸਭਰਾ, 13 ਪੱਥਰ - ਮੁਸ਼ਤਾਕ ਸਿੰਘ, 14 ਸੁਨਹਿਰੀ ਨਦੀ ਖ਼ੂਨੀ ਧਾਰਾ - ਰਮਨ ਕੌਰ

ਬਰਤਾਨੀਆ ਵਿਚ ਨਾਟਕ ਤੇ ਰੰਗਮੰਚ ਦਾ ਆਰੰਭ ਕੈਨੇਡਾ ਦੇ ਪਰਵਾਸੀ ਪੰਜਾਬੀ ਨਾਟਕ ਤੇ ਰੰਗਮੰਚ ਦੇ ਸਮਾਨ ਅੰਤਰ ਨਹੀਂ ਹੋਇਆ। ਬਰਤਾਨੀਆ ਵਿਚ ਨਾਟਕ ਲੇਖਣ ਦਾ ਕਾਰਜ ਪਹਿਲਾਂ ਅਤੇ ਰੰਗਮੰਚੀ ਗਤੀਵਿਧੀਆਂ ਮਗਰੋਂ ਸ਼ੁਰੂ ਹੋਈਆਂ। 'ਆਤੂ

ਦਾ ਵਿਆਹ' ਨਾਟਕ ਦੀ ਪੇਸ਼ਕਾਰੀ ਦਾ ਸਮਾਂ ਦੱਸਦੇ ਹੋਏ ਲੇਖਕ ਆਪਣੇ ਨਾਟਕ ਨੂੰ ਇੰਗਲੈਂਡ ਦੀ ਧਰਤੀ ਉੱਤੇ ਪਰਵਾਸ ਦੀ ਸਮੱਸਿਆ ਨੂੰ ਵਿਸ਼ਾ ਬਣਾਉਂਦਾ ਪਹਿਲਾ ਪੰਜਾਬੀ ਨਾਟਕ ਦੱਸਦਾ ਹੈ। ਨਾਟਕਕਾਰ ਦੇ 'ਆਤੂ ਦਾ ਵਿਆਹ' (1968) ਤੋਂ ਪਹਿਲੇ ਚਾਰ ਨਾਟਕ 'ਨਿਮਾਣੀਆਂ ਗਊਆਂ', 'ਪੈਸੇ ਦੀ ਕੀਮਤ', 'ਖ਼ੂਨ' ਅਤੇ 'ਨਵਾਂ ਪੋਚ' ਭਾਰਤੀ ਸਮਾਜ ਵਿਚਲੀਆਂ ਸਮੱਸਿਆਵਾਂ ਨੂੰ ਵਿਸ਼ਾ ਬਣਾਉਂਦੇ ਹਨ, ਜੋ ਨਾਟਕਕਾਰ ਨੇ ਭਾਰਤ ਰਹਿੰਦਿਆਂ ਹੀ ਲਿਖੇ ਤੇ ਖੇਡੇ।

ਉਪਰੋਕਤ ਤੱਥ ਨੂੰ ਪੇਸ਼ ਕਰਨ ਦਾ ਮੰਤਵ ਬਰਤਾਨਵੀ ਪਰਵਾਸੀ ਪੰਜਾਬੀ ਨਾਟਕ ਦੇ ਰਚਨਾ ਦੇ ਕਾਰਜ ਖੇਤਰ ਨੂੰ ਸਪੱਸ਼ਟ ਕਰਨਾ ਹੈ। ਰੰਗਮੰਚ ਦੀ ਪ੍ਰਕਿਰਿਆ ਨਾਟਕ ਲਿਖਣ ਉਪਰੰਤ ਸ਼ੁਰੂ ਹੁੰਦੀ ਹੈ। ਰੰਗਮੰਚ ਦਾ ਦੌਰ ਕੈਨੇਡੀਅਨ ਰੰਗਮੰਚ ਤੋਂ ਮਗਰੋਂ ਦਾ ਸਿੱਧ ਹੁੰਦਾ ਹੈ। ਬਰਤਾਨੀਆ ਵਿਚ ਪਰਵਾਸੀ ਪੰਜਾਬੀ ਰੰਗਮੰਚ ਦੀ ਸ਼ੁਰੂਆਤ 'ਗਲਾਸਗੋ ਨਾਟਕ ਕਲਾ ਕੇਂਦਰ' ਅਤੇ 'ਏਸ਼ੀਅਨ ਫੋਕ ਬੈਲੇ ਇਨਸੈਮਬਲ' ਦੇ ਯਤਨਾਂ ਨਾਲ ਆਰੰਭ ਹੋਈ। 'ਗਲਾਸਗੋ ਨਾਟਕ ਕਲਾ ਕੇਂਦਰ' ਨੇ ਪਹਿਲਾਂ ਪਹਿਲ ਭਾਰਤੀ ਪੰਜਾਬੀ ਨਾਟਕਾਂ ਦੀ ਪੇਸ਼ਕਾਰੀ ਕੀਤੀ।

ਬਲਵੰਤ ਗਾਰਗੀ ਦੀ ਡਾਇਰੈਕਟਸ਼ਨ ਹੇਠ 'ਕਣਕ ਦੀ ਬੱਲੀ' (1982), 'ਮਿਰਜ਼ਾ ਸਾਹਿਬਾਂ' (1990), ਕ੍ਰਮਵਾਰ ਤਿੰਨ ਅਤੇ ਸੱਤ ਦਿਨ ਖੇਡੇ ਗਏ। ਹਰਚਰਨ ਸਿੰਘ ਦਾ ਇਕਾਂਗੀ 'ਮਨ ਦੀਆਂ ਮਨ ਵਿਚ' (1995) ਸਫ਼ਲ ਹੋ ਨਿੱਬੜਿਆ। ਸਾਅਦਤ ਹਸਨ ਮੰਟੋ ਦੀ ਕਹਾਣੀ 'ਕਾਲੀ ਸਲਵਾਰ' ਉੱਤੇ ਅਧਾਰਤ ਇਕਾਂਗੀ ਅਤੇ 'ਸਰਹੰਦ ਦੀ ਦੀਵਾਰ' ਹਰਪਾਲ ਟਿਵਾਣ ਦੀ ਕਲਾ ਨਾਲ ਹੋਰ ਵੀ ਪ੍ਰਭਾਵਸ਼ਾਲੀ ਸਿੱਧ ਹੋਏ। ਗੁਰਸ਼ਰਨ ਸਿੰਘ ਦੇ ਗਰੁੱਪ ਵੱਲੋਂ ਖੇਡੇ ਗਏ ਇਕਾਂਗੀ 'ਧਮਕ ਨਗਾਰੇ ਦੀ', 'ਸੀਸ ਤਲੀ 'ਤੇ', 'ਟੋਇਆ' ਅਤੇ 'ਨੁੱਕੜ' ਬੇਹੱਦ ਪਸੰਦ ਕੀਤੇ ਗਏ।

ਬਰਤਾਨੀਆ ਵਿਖੇ ਪਰਵਾਸੀ ਰੰਗਮੰਚ ਨੂੰ ਪ੍ਰਫੁੱਲਤ ਕਰਨ ਵਿਚ ਤੇਜਿੰਦਰ ਸਿੰਧਰਾ ਦਾ ਅਹਿਮ ਯੋਗਦਾਨ ਹੈ। ਬਰਤਾਨੀਆ ਵਿਚ ਪੰਜਾਬੀ ਨਾਟਕAsian Folk Ballet Ensemble (ABFE) ਲੇਖਣ ਨੂੰ ਰੰਗਮੰਚ ਤਕ ਪਹੁੰਚਾਉਣ ਲਈ 1986 ਵਿਚ ਨਾਂ ਦੀ ਸਾਹਿਤਕ ਸੰਸਥਾ ਬਣਾਈ ਗਈ। ਇਸ ਸੰਸਥਾ ਦੀ ਪਹਿਲੀ ਸੁਗਾਤ 'ਅੰਬੀ ਦਾ ਬੂਟਾ' (ਬੈਲੇ) ਸਾਊਥਾਲ ਆਰਟਸ ਸੈਂਟਰ ਲਈ ਲੈਕਾਸਟਰ ਹਾਲ ਵਿਚ 1986 ਵਿਚ ਪੇਸ਼ ਕੀਤੀ ਗਈ। ਇਸੇ ਸਾਲ ਹੀ I.W.A. ਦੀ ਸਟੇਜ ਉੱਤੇ 'ਮੇਰੀ ਧਰਤੀ ਮੇਰਾ ਪਿੰਡ' ਡਮੀਨੀਅਨ ਸੈਂਟਰ ਵਿਖੇ ABFE ਵੱਲੋਂ ਖੇਡਿਆ ਗਿਆ ਅਤੇ ਵੈਂਬਲੀ ਹਾਲ ਵਿਖੇ 'ਹੀਰ ਰਾਂਝਾ' ਪੇਸ਼ ਕੀਤਾ ਗਿਆ ਜੋ ਕਿ ਪੰਜਾਬੋਂ ਆਏ ਕਲਾਕਾਰਾਂ ਤੇ ABFE ਦੀ ਪ੍ਰੋਡਕਸ਼ਨ ਸੀ।

ਉਪਰੋਕਤ ਤੋਂ ਇਲਾਵਾ 1989 ਵਿਚ ABFE ਵੱਲੋਂ ਹੰਸਲੋ ਮਲਟੀਕਲਚਰਲ ਸੈਂਟਰ ਅਤੇ ਚੰਨੀ (ਅਲਾਪ) ਦੇ ਸਹਿਯੋਗ ਨਾਲ ਨਾਟਕ 'ਨਵਾਂ ਸਵੇਰਾ' 1990-93 ਤਕ, ਤੇਜਿੰਦਰ ਸਿੰਧਰਾ ਦਾ ਨਾਟਕ 'ਬੇਬੇ ਵਲਾਇਤ ਵਿਚ' 1993-94 ਵਿਚ ABFE ਵੱਲੋਂ ਏਸ਼ੀਅਨ ਡਰਾਮਾ ਫੈਸਟੀਵਲ ਵਿਚ 'ਸੂਰਜ ਗ੍ਰਹਿਣ' ਤੇ 'ਸ਼ਹੀਦ ਊਧਮ ਸਿੰਘ' ਵਾਟਰਮੈਨਜ਼ ਆਰਟਸ ਸੈਂਟਰ ਵਿਖੇ ਅਤੇ 1993 ਵਿਚ 'ਨਖ਼ਰੇ ਵਲੈਤਣ ਦੇ' ਇਸੇ ਹੀ ਸੈਂਟਰ ਵਿਚ ਖੇਡੇ ਜਾਣ ਵਾਲੇ ਨਾਟਕ ਹਨ। ਨਿਰਮਲ ਸਿੰਘ (ਕਾਵੈਂਟਰੀ) ਲਿਖਤ ਇਕਾਂਗੀ ਵੁਲਵਰਹੈਂਪਟਨ, ਬਰਮਿੰਘਮ ਤੇ ਲੈਸਟਰ ਆਦਿ ਸ਼ਹਿਰਾਂ ਵਿਚ ਖੇਡਿਆ ਗਿਆ। 1970 ਵਿਚ ਬ੍ਰਿਜਮੋਹਣ ਦੇ ਗਰੁੱਪ ਵੱਲੋਂ ਬਰਤਾਨਵੀ ਜੀਵਨ ਸੰਬੰਧੀ ਨਾਟਕ ਖੇਡੇ ਗਏ। ਤਿੰਨ-ਚਾਰ ਸਕਿੱਟ ਵੱਖ-ਵੱਖ ਸ਼ਹਿਰਾਂ ਵਿਚ ਖ਼ੂਬ ਮਕਬੂਲ ਹੋਏ। 1960-70 ਦਰਮਿਆਨ ਨਰਿੰਦਰ ਦੁਸਾਂਝ ਨੇ ਮਜ਼ਦੂਰ ਸ਼ੋਸ਼ਣ ਨਾਲ ਸੰਬੰਧਤ ਇਕਾਂਗੀ ਤੇ ਸਕਿੱਟ ਖੇਡੇ। ਹਰਮੇਜ ਕਾਲੀਰਾਏ ਵੱਲੋਂ 1994 ਵਿਚ 'ਸੋਹਣੀ ਮਹੀਵਾਲ' ਟੇਮਜ਼ ਦਰਿਆ ਦੇ ਕੰਢੇ ਉੱਤੇ ਪੇਸ਼ ਕੀਤਾ ਗਿਆ।

ਅਰਜਨ ਰਾਇਤ ਵੱਲੋਂ 'ਛੁਟਕਾਰਾ' ਇਕਾਂਗੀ ਦੇ ਲੰਡਨ ਵਿਚ ਕਈ ਸਫ਼ਲ ਸ਼ੋਅ ਕੀਤੇ ਗਏ। ਪੰਜਾਬੀ ਕਲਾ ਮੰਚ ਅਕਾਦਮੀ, ਹੰਸਲੋ ਵੱਲੋਂ 'ਦੇਸੀ ਮੁੰਡਾ ਵਲੈਤੀ ਕੁੜੀ' 1992 ਵਿਚ ਲੰਡਨ ਵਿਚ ਡਰਾਮਾ ਫੈਸਟੀਵਲ ਵਿਚ ਖੇਡਿਆ ਗਿਆ। ਚਮਨ ਲਾਲ ਚਮਨ ਦੇ ਤਿੰਨੇ ਇਕਾਂਗੀ 'ਜੁਰਾਬਾਂ', 'ਦੋ ਜੁੱਤੀਆਂ' ਅਤੇ 'ਪਾਲਮ ਟੂ ਹੀਥਰੋ ਹਵਾਈ ਟਿਕਟ' ਅਫ਼ਰੀਕਾ ਵਿਖੇ ਅਤੇ ਰਮਨ ਕੌਰ ਦਾ ਇਕਾਂਗੀ 'ਸੁਨਹਿਰੀ ਨਦੀ ਖ਼ੂਨੀ ਧਾਰਾ' ਬਰਤਾਨੀਆ ਵਿਖੇ ਖੇਡੇ ਗਏ। ਸਮੂਹ ਨਾਟਕ ਲੇਖਣ ਵਜੋਂ 'ਸਾਤ ਰੰਗ ਥੀਏਟਰ' ਨਾਂ ਦੀ ਸਭਾ ਵੱਲੋਂ 'ਦੱਬੀ ਚਿੰਗਾਰੀ' ਨਾਟਕ ਖੇਡਿਆ ਗਿਆ।

ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਪਰਵਾਸੀ ਪੰਜਾਬੀ ਗੱਦ ਨਾਟਕ ਅਤੇ ਰੰਗਮੰਚ ਆਪਣੇ ਅੰਦਰ ਕਈ ਸੰਭਾਵਨਾਵਾਂ ਦਾ ਧਾਰਨੀ ਰਿਹਾ ਹੈ। ਪਰਵਾਸੀ ਪੰਜਾਬੀ ਨਾਟਕ ਆਪਣੇ ਆਲੇ ਦੁਆਲੇ ਵਾਪਰ ਰਹੀਆਂ ਸਮੱਸਿਆਵਾਂ ਜਿਵੇਂ-ਨਸਲਵਾਦ, ਭੂ-ਹੇਰਵਾ, ਪੀੜ੍ਹੀ-ਪਾੜਾ, ਸਭਿਆਚਾਰਕ ਤਨਾਓ, ਅਜਨਬੀਕਰਨ, ਸੀਮਾਵਰਤੀ ਮਨੁੱਖ, ਬੱਚਿਆਂ ਦੀਆਂ ਸਮੱਸਿਆਵਾਂ, ਔਰਤਾਂ ਦੀਆਂ ਸਮੱਸਿਆਵਾਂ ਅਤੇ ਬਜ਼ੁਰਗਾਂ ਦੀਆਂ ਸਮੱਸਿਆਵਾਂ ਨੂੰ ਕੇਂਦਰਤ ਕਰਕੇ ਤੁਰਦਾ ਹੈ। ਵਿਸ਼ੇ ਪੱਖੋਂ ਗੰਭੀਰ ਨਾਟਕਾਂ ਵਿਚ ਇਤਿਹਾਸਕ , ਧਾਰਮਿਕ, ਰਾਜਨੀਤਕ, ਸਮਾਜਕ ਅਤੇ ਆਰਥਿਕ ਸਮੱਸਿਆਵਾਂ ਦੇ ਨਾਲ ਨਾਲ ਸਮੁੱਚੇ ਵਿਸ਼ਵ ਸਾਹਿਤ ਨੂੰ ਪ੍ਰਭਾਵਤ ਕਰਨ ਵਾਲੀਆਂ ਲਹਿਰਾਂ ਦੇ ਪ੍ਰਭਾਵ ਵੀ ਨਿਹਿਤ ਹਨ।

ਰਚਨਾਤਮਕ ਪੱਖੋਂ ਪਰਵਾਸੀ ਪੰਜਾਬੀ ਗੱਦ ਨਾਟਕ ਵਿਚ ਪਹਿਲਾਂ ਇਕਾਂਗੀ ਰੂਪ ਅਤੇ ਵੱਡੇ ਨਾਟਕਾਂ ਦੀ ਰਚਨਾ ਹੋਈ ਮਿਲਦੀ ਹੈ। ਛੋਟੇ ਨਾਟਕ ਮਗਰੋਂ ਹੋਂਦ ਗ੍ਰਹਿਣ ਕਰਦੇ ਹਨ। ਪਰੰਤੂ ਕੁਝ ਸਮੇਂ ਬਾਅਦ ਇਕਾਂਗੀਆਂ, ਛੋਟੇ ਨਾਟਕਾਂ ਅਤੇ ਵੱਡੇ ਨਾਟਕਾਂ ਦੇ ਵਿਸ਼ੇ ਵੀ ਸਥਾਨਕ ਸਮਾਜ ਨਾਲ ਹੀ ਜੁੜ ਗਏ।

ਪਰਵਾਸੀ ਪੰਜਾਬੀ ਨਾਟਕ ਦੇ ਨਾਲ ਨਾਲ ਰੰਗਮੰਚ ਦੀ ਅਭਿਵਿਅਕਤੀ ਵੀ ਉਸਦਾ ਲਾਜ਼ਮੀ ਅੰਗ ਬਣੀ। ਇੱਥੇ ਇਹ ਕਹਿਣਾ ਜ਼ਰੂਰੀ ਹੋ ਜਾਂਦਾ ਹੈ ਕਿ ਨਾਟਕ ਇਕ ਸਮਾਗਤ ਕਲਾ ਹੈ, ਜਿਸ ਵਿਚ ਸਾਹਿਤ, ਅਦਾਕਾਰੀ, ਸੰਗੀਤ, ਮੇਕਅਪ, ਰੌਸ਼ਨੀਆਂ, ਵੇਸ਼-ਭੂਸ਼ਾ ਤੇ ਮੰਚ ਸੱਜਾ ਦਾ ਸਮਕਾਲਕ ਸੰਚਾਲਨ ਹੁੰਦਾ ਹੈ। ਸਾਧਨਾਂ ਦੀ ਥੁੜ ਵਿਚ ਕੁਝ ਸਮਝੌਤੇ ਤਾਂ ਕੀਤੇ ਜਾ ਸਕਦੇ ਹਨ ਪਰੰਤੂ ਪੂਰਨ ਤੌਰ 'ਤੇ ਇਹਨਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਪਰਵਾਸੀ ਪੰਜਾਬੀ ਨਾਟਕ ਨੇ ਇਹਨਾਂ ਥੁੜਾਂ ਦਾ ਮੁਥਾਜ ਨਾ ਰਹਿ ਕੇ ਆਪਣੀ ਰਚਨਾਤਮਕਤਾ ਤੇ ਕਾਬਲੀਅਤ ਦੇ ਸਿਰ 'ਤੇ ਪੰਜਾਬੀ ਨਾਟ-ਸਾਹਿਤ ਵਿਚ ਆਪਣੀ ਨਿਵੇਕਲੀ ਪਛਾਣ ਸਥਾਪਤ ਕੀਤੀ ਹੈ। ਉਮੀਦ ਹੈ ਕਿ ਇਸੇ ਤਰ੍ਹਾਂ ਹੀ ਪਰਵਾਸੀ ਪੰਜਾਬੀਆਂ ਵੱਲੋਂ ਕੁਝ ਨਾ ਕੁਝ ਉਪਰਾਲੇ ਹੁੰਦੇ ਰਹਿਣਗੇ ਤੇ ਵਿਦੇਸ਼ੀ ਧਰਤੀ 'ਤੇ ਪੰਜਾਬੀ ਨਾਟਕ ਦੀ ਜੜ੍ਹ ਲੱਗੀ ਰਹੇਗੀ। ❑❑

(24 ਹੋਲੀ ਸਿਟੀਗਾਰਡਨ, ਗੁੰਮਟਾਲਾ ਬਾਈਪਾਸ,
ਅੰਮ੍ਰਿਤਸਰ - ਫੋਨ 99142 11422)

ਪਾਣੀ ਦਾ ਹਾਸ਼ੀਆ (ਗ਼ਜ਼ਲ ਸੰਗ੍ਰਹਿ) ਗੁਰਤੇਜ ਕੋਹਾਰਵਾਲਾ

'ਪਾਣੀ ਦਾ ਹਾਸ਼ੀਆ' ਦੇ ਲੇਖਕ ਗੁਰਤੇਜ ਕੋਹਾਰਵਾਲਾ ਨੇ ਅੱਧੀ ਸਦੀ ਤੋਂ ਵੱਧ ਉਮਰਾ ਭੋਗ ਕੇ ਆਪਣੀ ਰਚਨਾਕਾਰੀ ਨੂੰ ਪੁਸਤਕ ਰੂਪ ਦਿੱਤਾ ਹੈ। 'ਪਾਣੀ ਦਾ ਹਾਸ਼ੀਆ' (ਚੇਤਨਾ ਪ੍ਰਕਾਸ਼ਨ, ਪੰਨੇ 64, ਮੁੱਲ 100 ਰੁਪਏ) ਤਿੰਨ ਕੁ ਦਰਜਨ ਗ਼ਜ਼ਲਾਂ ਦਾ ਨਿੱਕਾ ਜਿਹਾ ਸੰਗ੍ਰਹਿ ਹੈ। ਕੋਈ ਵੀ ਗ਼ਜ਼ਲ ਅਜਿਹੀ ਨਹੀਂ ਜਿਸ ਦੇ ਦੋ ਚਾਰ ਸ਼ਿਅਰ ਮਿਆਰੀ ਨਾ ਹੋਣ। ਉਸ ਦੀ ਸਿਰਜਣ ਕਿਰਿਆ ਦਾ ਮੰਤਵ ਪਹਿਲੀ ਗ਼ਜ਼ਲ ਦੇ ਮਤਲਾਅ ਤੇ ਮਕਤਾਅ ਵਿਚ ਹੀ ਕਲਮਬੰਦ ਹੈ:

ਹੋਰਾਂ ਵਾਂਗੂੰ ਨ੍ਹੇਰਾ ਢੋਂਦੇ, ਰਾਤ-ਬ-ਰਾਤੇ ਜੀਅ ਲੈਣਾ ਸੀ।
ਦਿਲ ਨੂੰ ਜੇਕਰ ਅੱਗ ਨਾ ਲਗਦੀ, ਮੈਂ ਚਾਨਣ ਤੋਂ ਕੀ ਲੈਣਾ ਸੀ?
ਜੇ ਰੂਹ ਦੇ ਲੰਗਾਰ ਨਾ ਲਹਿੰਦੇ, ਚੁੱਪ ਹੀ ਰਹਿੰਦੇ ਕੁਝ ਨਾ ਕਹਿੰਦੇ,
ਜੇ 'ਕੱਲਾ ਦਾਮਨ ਹੀ ਫਟਦਾ, ਅੰਦਰ ਵੜ ਕੇ ਸੀਅ ਲੈਣਾ ਸੀ।

ਇਕ ਹੋਰ ਸ਼ੇਅਰ ਉਸ ਦੀ ਕਾਵਿਕ ਉਤਮਤਾਈ ਦੀ ਗਵਾਹੀ ਦੇਣ ਵਾਲਾ ਵੀ ਹੈ:

ਘਰ ਦੇ ਘੜਿਆਂ ਅੰਦਰ ਪੈ ਕੇ ਸਿਆਣਾ ਪਾਣੀ ਸੋਚੇ ਅਕਸਰ,
ਮੈਨੂੰ ਨਦੀਏਂ ਵਗਦੇ ਨੂੰ ਵੀ ਰੇਤਾ ਨੇ ਹੀ ਪੀ ਲੈਣਾ ਸੀ।

ਕੋਹਾਰਵਾਲਾ ਦੀ ਕਾਵਿ ਸ਼ੈਲੀ ਦਾ ਕਮਾਲ ਉਸ ਦੇ ਸਹਿਜ ਤੇ ਸੰਕੋਚ ਵਿਚ ਹੈ। ਮੈਨੂੰ ਨਹੀਂ ਪਤਾ, ਉਸ ਨੇ ਗ਼ਜ਼ਲਗੋਈ ਵਿਚ ਕਿਸੇ ਨੂੰ ਉਸਤਾਦ ਧਾਰਿਆ ਸੀ ਜਾਂ ਨਹੀਂ, ਪਰ ਏਨੀ ਵੱਡੀ ਉਮਰੇ ਨਿੱਕੀ ਜਿਹੀ ਸੁਗਾਤ ਲੈ ਕੇ ਪਾਠਕਾਂ ਦੇ ਸਨਮੁਖ ਹੋਣਾ ਉਸ ਦੇ ਸਹਿਜ ਤੇ ਸਥਿਰ ਹੋਣ ਦੀ ਪੁਸ਼ਟੀ ਕਰਦਾ ਹੈ:

ਨਹੀਂ ਹੁਣ ਕਿਸ਼ਤੀਆਂ ਡੁੱਬਣ ਦਾ ਕੋਈ ਖ਼ੌਫ਼ ਮਨ ਅੰਦਰ,
ਵਸੇ ਹੀ ਓਸ ਥਾਂ ਹਾਂ, ਜਿਸ ਜਗ੍ਹਾ ਹੜ੍ਹ ਆਮ ਆਉਂਦਾ ਹੈ।
ਦੁਪਹਿਰਾਂ ਨੂੰ ਤਾਂ ਛਾਂ ਉਸ ਦੀ, ਬੜਾ ਹੀ ਕੋਲ਼ ਹੁੰਦੀ ਹੈ,
ਦਰੱਖਤ ਇਕ ਯਾਦ ਉਂਝ ਅਕਸਰ ਸਵੇਰੇ ਸ਼ਾਮ ਆਉਂਦਾ ਹੈ।

ਉਸ ਦੀ ਸਥਿਰਤਾ ਤੇ ਸਹਿਜ ਮਾਨਵੀ ਤਕਰਾਰਾਂ, ਦੁਚਿੱਤੀਆਂ ਤੇ ਵਿਰੋਧਾਭਾਸਾਂ ਨੂੰ ਠੀਕ ਦ੍ਰਿਸ਼ਟੀ ਤੋਂ ਵੇਖਿਆਂ ਉਪਜੀ ਹੈ:

ਬੜਾ ਲਿਖਿਆ ਮੈਂ, ਤੈਥੋਂ ਦੂਰੀਆਂ ਤੇ ਦਰਦ ਨੂੰ ਮੁੜ ਮੁੜ,
ਕਿਤੇ ਜੋ ਨੇੜਤਾ ਸੀ, ਉਸ ਨੂੰ ਅੱਖਰ ਹੋਣ ਨਾ ਦਿੱਤਾ।

ਉਹ ਜੀਵਨ ਦੇ ਸਾਰੇ ਪੱਖਾਂ ਨੂੰ ਸਹਿਜ ਦ੍ਰਿਸ਼ਟੀ ਨਾਲ ਦੇਖਦਾ ਹੈ। ਜੀਵਨ ਦੇ ਘਾਟੇ ਵਾਧਿਆਂ ਨੂੰ ਵੀ ਤੇ ਰਸਤੇ ਦੇ ਫੁੱਲਾਂ ਤੇ ਕੰਡਿਆਂ ਨੂੰ ਵੀ:

ਖਰੀਦਣ-ਵਿਕਣ ਦਾ ਇਹ ਸਿਲਸਿਲਾ ਚੱਲਦਾ ਹੀ ਰਹਿੰਦਾ ਹੈ,
ਕਦੇ ਕੀਮਤ ਪਵੇ ਹੌਲ਼ੀ, ਕਦੇ ਔਕਾਤ ਪੈਂਦੀ ਹੈ।
ਸਿਆਸੀ ਮੌਨਸੂਨਾਂ ਪੱਥਰਾਂ ਨੂੰ ਧੋਂਦੀਆਂ ਲੰਘਣ,
ਕਦੋਂ ਸੁੱਕਦੇ ਬਰੂਟਾਂ ਵਾਸਤੇ ਬਰਸਾਤ ਪੈਂਦੀ ਹੈ।
ਹੁੰਗਾਰਾ ਭਰਨ ਜੇ ਸ਼ਹਿਜ਼ਾਦੀਆਂ ਤਾਂ ਬਾਤ ਮੁੱਕ ਜਾਵੇ,
ਘਰਾਂ ਵਿਚ ਉਂਝ ਤਾਂ ਸ਼ਹਿਜ਼ਾਦੀਆਂ ਦੀ ਬਾਤ ਪੈਂਦੀ ਹੈ।

ਗੁਰਤੇਜ ਕੋਹਾਰਵਾਲਾ ਦੀ ਦ੍ਰਿਸ਼ਟੀ ਦੀ ਵੱਡੀ ਖੂਬੀ ਇਹ ਹੈ ਕਿ ਉਹ ਹਰ ਹਾਲਤ ਵਿਚ ਸਕਾਰਾਤਮਕ ਹੈ:

ਕਿੰਨੀ ਸ਼ਿੱਦਤ ਨਾਲ ਕਰਦੇ ਨੇ ਜੋ ਕਰਦੇ ਨੇ ਉਡੀਕ,
ਸਰਦਲਾਂ 'ਤੇ ਬੈਠਿਆਂ ਉਮਰਾਂ ਬਿਤਾ ਦਿੰਦੇ ਨੇ ਲੋਕ।
ਰਾਤ ਨੂੰ ਆਉਂਦਾ ਹੈ ਦਰਿਆ, ਰੋੜ੍ਹ ਲੈ ਜਾਂਦਾ ਹੈ ਘਰ,
ਦਿਨ ਚੜ੍ਹੇ ਫਿਰ, ਉਜੜੀ ਬਸਤੀ ਵਸਾ ਲੈਂਦੇ ਨੇ ਲੋਕ।

ਕਵੀ ਦੇ ਹਾਂ-ਪੱਖੀ ਦ੍ਰਿਸ਼ਟੀਕੋਣ ਦੀ ਸਹਿਜ ਤੇ ਸੂਖਮਤਾਈ ਕਾਵਿਕ ਉਤਮਤਾ ਦੀਆਂ ਸਿਖਰਾਂ ਛੂਹਣ ਵਾਲੀ ਹੈ:

ਕਿਤੇ ਦੁਨੀਆਂ ਦੇ ਸਾਰੇ ਰਿਸ਼ਤਿਆਂ ਦੀ ਰਾਖ ਨਾ ਉੱਡੇ,
ਅਸੀਂ ਕੁਝ ਰਿਸ਼ਤਿਆਂ ਨੂੰ ਏਸ ਲਈ ਬੇਨਾਮ ਰੱਖਾਂਗੇ।
ਗਵਾਚੇ ਇਉਂ ਕਿ ਸਾਨੂੰ ਭੁੱਲ ਗਏ ਰੰਗਾਂ ਦੇ ਨਾਂ ਤੀਕਰ,
ਕਦੇ ਇਹ ਸੋਚਦੇ ਸਾਂ, ਮਹਿਕ ਦਾ ਵੀ ਨਾਮ ਰੱਖਾਂਗੇ।

ਮੇਰੇ ਵਰਗੇ ਗ਼ਜ਼ਲਾਂ ਦੇ ਸ਼ੈਦਾਈ ਜਾਣਦੇ ਹਨ ਕਿ ਵਧੀਆ ਗ਼ਜ਼ਲਗੋ ਉਹੀ ਹੁੰਦਾ ਹੈ ਜਿਸ ਦੀ ਹਰ ਗ਼ਜ਼ਲ ਵਿਚ ਦੋ ਚਾਰ ਸ਼ਿਅਰ ਉਤਮ ਦਰਜੇ ਦੇ ਹੋਣ। ਏਸ ਚੀਰ ਫਾੜ ਨੂੰ ਲਮਕਾਉਣ ਦੀ ਥਾਂ ਮੈਂ ਇਸ ਲੇਖਕ ਦੇ ਆਪਣੀ ਪਸੰਦ ਦੇ ਸ਼ਿਅਰ ਪੇਸ਼ ਕਰਕੇ ਗੱਲ ਮੁਕਾਉਂਦਾ ਹਾਂ:

-ਗੁਆਈ ਜਾ ਰਹੇ ਹਾਂ ਉਮਰ, ਮਿੱਟੀ ਗੁੰਨ੍ਹਦਿਆਂ ਆਪਣੀ
ਜੇ ਕੁਝ ਬਣਨੈ, ਕਿਸੇ ਦੇ ਚੱਕ 'ਤੇ ਚੜ੍ਹਨਾ ਵੀ ਬਣਦਾ ਹੈ।
-ਮੇਰਾ ਹੋਣਾ ਮੇਰੀ 'ਮੈਂ' ਦੇ ਖਿਲਾਰੇ ਤੋਂ ਪਰ੍ਹਾਂ ਵੀ ਹੈ,
ਜਿਵੇਂ ਦੁਨੀਆਂ ਕੋਈ, ਦਿਸਦੇ ਪਸਾਰੇ ਤੋਂ ਪਰ੍ਹਾਂ ਵੀ ਹੈ।
-ਡੁੱਬਣਾ ਮੁਸ਼ਕਲ ਨਹੀਂ ਸੀ, ਪਰ ਇਹ ਮੁਸ਼ਕਲ ਹੋ ਗਿਆ,
ਡੁੱਬਦਿਆਂ ਹੜ੍ਹ ਦੀ ਖੁਸ਼ੀ ਦਾ ਗੀਤ ਵੀ ਗਾਉਣਾ ਪਿਆ।
-ਮੇਰੀ ਹਉਮੈ ਨੇ ਕਿਸ ਥਾਂ 'ਤੇ ਲਿਆ ਮੈਨੂੰ ਖੜ੍ਹਾ ਕੀਤਾ,
ਕਿ ਪੈਰਾਂ ਹੇਠਲੀ ਮਿੱਟੀ 'ਤੇ ਵੀ ਅਹਿਸਾਨ ਕਰਦਾ ਹਾਂ।
-ਰੁੜ੍ਹੀ ਬੇੜੀ ਦਾ ਇਕ ਮਾਂਝੀ ਚੜ੍ਹੇ ਦਰਿਆ ਦੇ ਕੰਢੇ 'ਤੇ,
ਖ਼ਫ਼ਾ ਪਾਣੀ 'ਚ ਆਪਣੇ ਬਾਲ ਨੂੰ ਤਰਨਾ ਸਿਖਾਉਂਦਾ ਹੈ।
-ਧਰਤੀ ਤਰ੍ਹਾਂ ਅਤੋਲੀਆਂ ਸ਼ੈਆਂ ਸੀ ਹੋਰ ਵੀ,
ਹੁੰਦਾ ਹਿਸਾਬ ਜੇ ਕਿਤੇ ਰੂਹਾਂ ਦੇ ਭਾਰ ਦਾ।
-ਉਸ ਚੁਰਸਤੇ ਦਾ ਵੀ ਕੋਈ ਨਾਮ ਧਰ ਲਈਏ ਤਾਂ ਠੀਕ,
ਜਿੱਥੇ ਮੈਂ ਤੈਨੂੰ, ਤੇ ਮੈਨੂੰ ਅਲਵਿਦਾ ਕਹਿਣਾ ਹੈ ਤੂੰ।
-ਕਦਮ ਜਿਸ ਥਾਂ ਟਿਕਾਇਆ, ਠਰ ਗਈ ਥੋੜ੍ਹੀ ਜਿਹੀ ਰੇਤਾ,
ਥਲਾਂ ਦੀ ਵਾਟ, ਪੈਰਾਂ ਮੇਰਿਆਂ ਨੂੰ ਜਾਣਦੀ ਲੱਗੀ।

ਮੈਨੂੰ ਅੰਤਲੇ ਸ਼ਿਅਰ ਵਿਚੋਂ ਮਿਰਜ਼ਾ ਗ਼ਾਲਿਬ ਦੇ ਉਸ ਸ਼ਿਅਰ ਦੀ ਰੂਹ ਲੱਭਦੀ ਹੈ ਜਿਸ ਵਿਚ ਉਹ ਵਗਦੇ ਦਰਿਆ ਨੂੰ ਆਪਣੇ ਸਾਹਮਣੇ ਨਤਮਸਤਕ ਹੁੰਦਾ ਦੱਸਦਾ ਹੈ:

ਹੋਤਾ ਹੈ ਨਿਹਾਂ ਗਰਦ ਮੇਂ ਸਹਿਰਾ ਮੇਰੇ ਹੋਤੇ
ਘਿਸਤਾ ਹੈ ਜਬੀਂ ਖਾਕ ਪੇ ਦਰਿਆ ਮੇਰੇ ਆਗੇ।

ਕੋਹਾਰਵਾਲਾ ਦੀ ਇਕ ਵਿਲੱਖਣਤਾ ਇਹ ਵੀ ਹੈ ਕਿ ਉਸ ਨੇ ਰੂਹਾਂ ਦੇ ਟਕਰਾਓ ਨੂੰ ਦਰਸਾਉਣ ਵਾਸਤੇ ਮਿੱਟੀ, ਪਾਣੀ, ਪੱਥਰ, ਸ਼ੀਸ਼ਾ, ਸੂਰਜ, ਚੰਦ ਤੇ ਤਾਰਿਆਂ ਵਰਗੇ ਪ੍ਰਕਿਰਤਕ ਕਾਵਿ-ਚਿੰਨ੍ਹਾਂ ਦੀ ਵਰਤੋਂ ਕੀਤੀ ਹੈ।

ਮੇਰੇ ਉੱਤੇ ਗੁਰਤੇਜ ਕੋਹਾਰਵਾਲਾ ਦੀ ਪੇਸ਼ਕਾਰੀ ਦਾ ਵੀ ਪ੍ਰਭਾਵ ਹੈ। ਮੈਂ ਉਸ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇਕ ਸਮਾਗਮ ਵਿਚ ਆਪਣੀ ਗ਼ਜ਼ਲ ਨੂੰ ਤਰੰਨਮ ਵਿਚ ਪੇਸ਼ ਕਰਦੇ ਸੁਣਿਆ ਸੀ। ਉਸ ਦੀ ਆਵਾਜ਼ ਵਿਚ ਧੁਨੀ ਵੀ ਹੈ ਤੇ ਸੋਜ਼ ਵੀ। ਕਿਧਰੇ ਕਿਧਰੇ ਤਰੰਨਮ ਗਜ਼ਲਗੋ ਨੂੰ ਕਾਫ਼ੀਆ ਤੇ ਰਦੀਫ਼ ਦੀ ਬੰਦਸ਼ ਤੋਂ ਲਾਪ੍ਰਵਾਹ ਹੋਣ ਲਈ ਮਜਬੂਰ ਕਰਦੀ ਹੈ। ਗੁਰਤੇਜ ਵੀ ਉਸ ਦਾ ਸ਼ਿਕਾਰ ਹੈ। ਉਸ ਦੀ ਇਕ ਗਜ਼ਲ ਦੇ ਦੋ ਸ਼ਿਅਰ ਦੇਖੋ:

ਸਰਦਲਾਂ ਤਕ ਆ ਗਿਆ ਬਾਰਿਸ਼ ਦਾ ਪਾਣੀ ਪਰ ਅਸੀਂ,

ਕੱਪੜੇ ਭਿੱਜਣ ਤੋਂ ਡਰਦੇ ਅੰਦਰੀਂ ਬੈਠੇ ਰਹੇ।

ਜ਼ੁਲਮ ਦੀ ਗੱਲ ਇਹ ਨਹੀਂ ਕਿ ਕਤਲ ਹੋ ਜਾਂਦੇ ਹਾਂ ਰੋਜ਼,

ਜ਼ੁਲਮ ਦੀ ਆਖਰ ਕਿ ਕਾਤਲ ਹੱਥ ਵੀ ਨੇ ਆਪਣੇ।

ਏਥੇ 'ਅੰਦਰੀਂ ਬੈਠ ਰਹੇ' ਤੇ 'ਹੱਥ ਵੀ ਨੇ ਆਪਣੇ' ਦੀ ਉੱਕਾ ਹੀ ਕੋਈ ਸਾਂਝ ਨਹੀਂ। ਇਸ ਗ਼ਜ਼ਲ ਦਾ ਮਤਲਾਅ ਤੇ ਮਕਤਾਅ ਵੀ 'ਗੁੰਗੇ ਹੋ ਗਏ' ਤੇ 'ਪਥਰਾ ਗਏ' ਨੇ, ਜਿਨ੍ਹਾਂ ਨੂੰ ਆਪਾਂ ਆਵਾਜ਼ ਦੇ ਧੱਕੇ ਨਾਲ ਹੀ ਇਕੱਠੇ ਤੋਰ ਸਕਦੇ ਹਾਂ। ਉਂਝ ਜੇ ਆਪਾਂ ਇਸ ਤਰੁੱਟੀ ਨੂੰ ਹਮਦਰਦੀ ਨਾਲ ਵੇਖਣਾ ਹੋਵੇ ਤਾਂ ਸ਼ਬਦਾਂ ਨਾਲੋਂ ਅਰਥਾਂ ਦੀ ਛਤਰੀ ਤਾਣ ਸਕਦੇ ਹਾਂ। ਕੋਹਾਰਵਾਲਾ ਦੀ ਰਚਨਾਕਾਰੀ ਅਰਥਾਂ ਵਜੋਂ ਬਹੁਤ ਉੱਚੀ ਹੈ। ਗੁਰਤੇਜ ਇਹ ਮੰਨ ਕੇ ਚੱਲਦਾ ਹੈ ਕਿ ਕਵਿਤਾ ਭਾਵੇਂ ਸ਼ਬਦ ਰਾਹੀਂ ਪ੍ਰਗਟ ਹੁੰਦੀ ਹੈ, ਇਹ 'ਸ਼ਬਦ' ਦੀ ਗ਼ੁਲਾਮ ਨਹੀਂ ਹੁੰਦੀ।

ਮੈਂ ਗੁਰਤੇਜ ਕੋਹਾਰਵਾਲਾ ਦੀ ਰਚਨਾਕਾਰੀ ਨੂੰ ਆਪਣੀ ਧਾਰਨਾ ਵਿਚ ਪਰੋਣ ਦੀ ਥਾਂ ਉਸ ਦੇ ਹੀ ਸ਼ਿਅਰ ਵਿਚ ਪੇਸ਼ ਕਰਦਾ ਹਾਂ:

ਲਿਖਦੇ ਹੋਇਆਂ ਕੁਝ ਥਾਵਾਂ 'ਤੇ ਮੈਂ ਵੀ ਸੱਚ ਤੋਂ ਡਰਿਆ,

ਕੁਝ ਥਾਵਾਂ 'ਤੇ ਲਫ਼ਜ਼ਾਂ ਨੂੰ ਵੀ ਕਹਿ ਸਕਣਾ ਨਾ ਆਇਆ।

ਹੁਣ ਇਕ ਸ਼ਿਅਰ ਉਹਦੀ ਪੇਸ਼ਕਾਰੀ ਬਾਰੇ, ਉਸ ਦਾ ਆਪਣਾ:

ਬਾਕੀ ਤਾਂ ਕੋਰੇ ਲਫਜ਼ ਨੇ, ਸੁਰ ਤੋਂ ਪਰ੍ਹਾਂ ਪਏ,

ਓਨਾ ਕੁ ਹਿੱਸਾ ਗੀਤ ਸੀ, ਜਿੰਨਾ ਮੈਂ ਗਾ ਲਿਆ।

ਕੁਲ ਮਿਲਾ ਕੇ 'ਪਾਣੀ ਦਾ ਹਾਸ਼ੀਆ' ਪੜ੍ਹਨ ਤੇ ਮਾਨਣਯੋਗ ਰਚਨਾ ਹੈ। ਮੈਂ ਆਪਣੇ ਆਪ ਨੂੰ ਗ਼ਜ਼ਲ ਦਾ ਪਾਰਖੂ ਸਮਝਣ ਦੇ ਨਾਤੇ ਇਸ ਦਾ ਸਵਾਗਤ ਕਰਦਾ ਹਾਂ।❑❑

-ਗੁਲਜ਼ਾਰ ਸਿੰਘ ਸੰਧੂ

20 ਨਵੰਬਰ (ਨਾਵਲੈਟ) ਰਾਣਾ ਰਣਬੀਰ

ਪੰਜਾਬੀਆਂ ਦੇ ਦਿਲਾਂ ਵਿਚ ਕਾਮੇਡੀ ਕਲਾਕਾਰ ਦੇ ਤੌਰ ਉੱਤੇ ਆਪਣੀ ਇਕ ਖਾਸ ਪਛਾਣ ਬਣਾ ਚੁੱਕਾ ਰਾਣਾ ਰਣਬੀਰ ਪੰਜਾਬੀ ਸਾਹਿਤ ਦਾ ਵੀ ਪ੍ਰੇਮੀ ਹੈ। ਕੇਵਲ ਪ੍ਰੇਮੀ ਹੀ ਨਹੀਂ,ਸਿਰਜਕ ਵੀ ਹੈ। ਕਿਉਂਕਿ ਉਸਨੇ 'ਕਿਣ ਮਿਣ ਤਿੱਪ ਤਿੱਪ' ਨਾਂ ਦੇ ਕਾਵਿ-ਸੰਗ੍ਰਹਿ ਉਪਰੰਤ ਆਪਣਾ ਪਲੇਠਾ ਨਾਵਲੈਟ '20 ਨਵੰਬਰ'(ਪੰਨੇ 119,ਮੁੱਲ 125, ਚੇਤਨਾ ਪ੍ਰਕਾਸ਼ਨ,ਲੁਧਿਆਣਾ) ਸਿਰਜ ਕੇ ਸਿਰਜਣਾਤਮਕ ਪੰਜਾਬੀ ਸਾਹਿਤ ਦੀ ਝੋਲੀ 'ਚ ਦੋ ਪੁਸਤਕਾਂ ਪਾਈਆਂ ਹਨ।

ਹੱਥਲੇ ਨਾਵਲੈੱਟ ਵਿਚ ਰਾਣਾ ਰਣਬੀਰ ਨੇ ਇਲੈਕਟਰੌਨਿਕ ਮੀਡੀਆ ਵਿਚ ਆਈ ਕ੍ਰਾਂਤੀ ਦੇ ਫਲਸਰੂਪ ਪੰਜਾਬੀ ਨੌਜਵਾਨ ਵਰਗ ਉੱਤੇ ਪੈਣ ਵਾਲੇ ਪ੍ਰਭਾਵਾਂ ਦਾ ਗਲਪਨਿਕ ਬਿੰਬ ਪੇਸ਼ ਕੀਤਾ ਹੈ। ਮੁੱਖ ਪਾਤਰ ਸ਼ਿਰਾਜ਼ ਦੀ ਜ਼ਿੰਦਗੀ ਵਿਚੋਂ ਜੇ ਲੈਪਟਾਪ ਤੇ ਮੋਬਾਇਲ ਨੂੰ ਮਾਈਨਸ

ਕਰ ਦਿੱਤਾ ਜਾਵੇ ਤਾਂ ਬਾਕੀ ਕੁਝ ਨਹੀਂ ਬਚਦਾ।ਉਹ ਸਾਰੀ ਸਾਰੀ ਰਾਤ ਲੈਪਟਾਪ ਨਾਲ ਜੂਝਦਾ ਰਹਿੰਦਾ ਹੈ। ਨਤੀਜਨ,ਉਹ ਆਪਣੀ ਧੌਣ ਉੱਤੇ ਮਣਾਂ ਮੂੰਹੀਂ ਭਾਰ ਮਹਿਸੂਸ ਕਰਦਾ ਹੈ। ਤੜਕੇ ਜਦ ਉਸਦੀ ਮਾਤਾ ਜੀ ਦੇ ਉੱਠਣ ਦਾ ਸਮਾਂ ਹੁੰਦਾ ਹੈ ਉਦੋਂ ਸ਼ਿਰਾਜ਼ ਆਪਣਾ ਲੈਪਟਾਪ ਤੇ ਮੋਬਾਈਲ ਬੰਦ ਕਰਕੇ ਜਬਰਦਸਤੀ ਸੌਣ ਦੀ ਕੋਸ਼ਿਸ਼ ਕਰਦਾ ਹੈ ਤੇ ਸਵੇਰੇ ਅੱਠ ਵਜੇ ਤੋਂ ਪਹਿਲਾਂ ਉਸਦਾ ਉੱਠਣ ਨੂੰ ਦਿਲ ਨਹੀਂ ਕਰਦਾ।ਥਕਾਵਟ ਨਾਲ ਉਸਦੇ ਸਰੀਰ ਦਾ ਉਸਦੇ ਮਨ ਉੱਤੇ ਕੋਈ ਕੰਟਰੋਲ ਨਹੀਂ ਰਹਿੰਦਾ।

ਸ਼ਿਰਾਜ਼ ਖੁਸ਼ਮਿਜ਼ਾਜ਼ ਤੇ ਜ਼ਿੰਦਾਦਿਲ ਨੌਜਵਾਨ ਹੈ। ਉਹ ਆਪਣੇ ਵਿਅੰਗਮਈ ਅੰਦਾਜ਼ ਨਾਲ ਆਪਣੇ ਵਾਰਤਾਲਾਪ ਨੂੰ ਰੌਚਕ ਬਣਾਈ ਰੱਖਦਾ ਹੈ ਅਤੇ ਉਸਦੀ ਜ਼ਿੰਦਾਦਿਲੀ ਦੁੱਖ ਦੀ ਘੜੀ ਵਿਚ ਵੀ ਉਸਨੂੰ ਸੰਤੁਲਤ ਅਵਸਥਾ ਵਿਚ ਵਿਚਰਨ ਲਈ ਸਹਾਈ ਹੁੰਦੀ ਹੈ। ਇਸੇ ਲਈ ਉਹ ਆਪਣੇ ਤੇ ਆਪਣੀ ਦੋਸਤ ਰੌਣਕ ਦੇ ਐਕਸੀਡੈਂਟ ਕਾਰਨ ਲੱਗੀਆਂ ਸਰੀਰਕ ਚੋਟਾਂ ਦੀ ਪਰਵਾਹ ਨਹੀਂ ਕਰਦਾ ਬਲਕਿ ਕਲਾਸ ਰੂਮ ਵਿਚ ਬੈਠੀ ਰੌਣਕ ਨੂੰ ਤਕਲੀਫ ਵਿਚ ਦੇਖ ਕੇ ਉਸਦੇ ਦਰਦ ਨੂੰ ਭੁਲਾਉਣ ਲਈ ਵਿਅੰਗ ਕਰਦਾ ਹੈ: "ਤੇਰੇ ਹੁਸਨ ਦੀ ਲਿਸ਼ਕੋਰ ਪਈ ਹੋਊ ਉਸਦੀਆਂ ਅੱਖਾਂ'ਚ,ਤਾਂ ਹੀ ਅੰਨ੍ਹਾ ਹੋ ਕੇ ਵੱਜਿਆ ਵਿਚ"। ਸ਼ਿਰਾਜ਼ ਦੇ ਮਜ਼ਾਕ ਕਰਨ 'ਤੇ ਜਦੋਂ ਰੌਣਕ ਉਸਦੇ ਸੱਜੇ ਡੌਲੇ'ਤੇ ਚੂੰਢੀ ਵੱਢਦੀ ਹੈ ਉਦੋਂ ਵੀ ਉਹ ਆਪਣੇ ਦਰਦ ਨੂੰ ਛੁਪਾਉਣ ਲਈ ਵਿਅੰਗ ਦਾ ਸਹਾਰਾ ਲੈਂਦਾ ਹੈ;"ਲੋਹੇ ਦੀ ਬੌਡੀ ਸਪੰਜ ਦਾ ਹਾਰਟ ਤੇ ਕੰਪਿਊਟਰ ਬਰੇਨ,ਆਈ ਐਮ ਸਟਰੌਂਗ ਨੈਵਰ ਫੀਲ ਪੇਨ।"

ਰਾਣਾ ਰਣਬੀਰ ਨੇ ਆਪਣੇ ਗੱਲਕੱਥ-ਕਾਮੇਡੀਅਨ ਅੰਦਾਜ਼ ਨੂੰ ਇਸ ਨਾਵਲ ਦੀ ਵਿਧੀ ਬਣਾਇਆ ਹੈ ਅਤੇ ਇਸੇ ਰਾਹੀਂ ਉਹ ਕੇਂਦਰੀ ਅਤੇ ਰਾਜ ਸਰਕਾਰਾਂ ਦੇ ਦੇਸ਼ ਦੀ ਸਮਾਜਕ-ਆਰਥਿਕ ਵਿਵਸਥਾ ਪ੍ਰਤਿ ਅਵੇਸਲੇਪਣ ਵੱਲ ਇਸ਼ਾਰਾ ਕਰਦਾ ਹੈ। ਉਹ ਉਹਨਾਂ ਮੰਤਰੀਆਂ ਨੂੰ ਆਪਣੇ ਵਿਅੰਗ ਦਾ ਖਾਸ ਤੌਰ 'ਤੇ ਨਿਸ਼ਾਨਾ ਬਣਾਉਂਦਾ ਹੈ ਜਿਹੜੇ ਮੰਤਰੀ ਬਣਨ ਤੋਂ ਬਾਅਦ ਆਪਣੇ ਹੀ ਇਲਾਕੇ ਦਾ ਸੁਧਾਰ ਕਰਨ ਵੱਲ ਕੋਈ ਧਿਆਨ ਨਹੀਂ ਦਿੰਦੇ। ਇਸੇ ਲਈ ਨਾਵਲ ਦੇ ਮੁੱਖ ਪਾਤਰ ਨੂੰ ਥਾਂ-ਥਾਂ ਲੱਗੇ ਕੂੜੇ ਦੇ ਢੇਰ ਭਾਰਤ ਦੇ ਸਵੱਛਤਾ ਅਭਿਆਨ ਦਾ ਮਜ਼ਾਕ ਉਡਾਉਂਦੇ ਪ੍ਰਤੀਤ ਹੁੰਦੇ ਹਨ। ਅਤੇ ਬੀ.ਏ.-ਬੀ.ਏ. ਪਾਸ ਮੁੰਡਿਆਂ ਵਲੋਂ ਲਾਈਆਂ ਜੂਸ ਦੀਆਂ ਰੇਹੜੀਆਂ ਸਰਕਾਰ ਦੇ ਪੜ੍ਹੇ-ਲਿਖੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਿਵਾਉਣ ਲਈ ਕੀਤੇ ਵਾਅਦਿਆਂ ਦਾ ਮਖੌਲ ਉਡਾਉਂਦੀਆਂ ਜਾਪਦੀਆਂ ਹਨ।

ਜਿੱਥੇ 'ਨੰਨੀ ਛਾਂ' ਤੇ 'ਬੇਟੀ ਪੜ੍ਹਾਓ,ਬੇਟੀ ਬਚਾਓ' ਵਰਗੀਆਂ ਸਰਕਾਰੀ ਯੋਜਨਾਵਾਂ ਦੇਸ਼ ਵਿਚ ਧੀਆਂ ਨੂੰ ਬਚਾਉਣ ਤੇ ਉਹਨਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਦੇ ਵਾਅਦੇ ਕਰਦੀਆਂ ਹਨ ਉੱਥੇ ਹੀ ਰਾਣਾ ਰਣਬੀਰ ਦੁਆਰਾ ਸਿਰਜਤ ਨਾਵਲ ਦਾ ਦੂਸਰਾ ਭਾਗ 'ਮੈਂ ਐਸਾ ਕਿਉਂ ਹੂੰ' ਧੀਆਂ ਪ੍ਰਤਿ ਮਨੁੱਖੀ ਸੋਚ ਨੂੰ ਸਾਕਾਰਾਤਮਕ ਬਣਾਉਣ ਅਤੇ ਉਹਨਾਂ ਨੂੰ ਸਮਾਜ ਵਿਚ ਪੁੱਤਰਾਂ ਦੇ ਸਮਾਨ ਦਰਜਾ ਦੇਣ ਵਿਚ ਨਿਭਾਈ ਉਸਦੀ ਸਮਾਜਕ ਤੇ ਸਾਹਿਤਕ ਜ਼ਿੰਮੇਵਾਰੀ ਵੱਲ ਇਸ਼ਾਰਾ ਕਰਦਾ ਹੈ। ਕਨੇਡਾ ਦੇ ਸਰੀ ਸ਼ਹਿਰ ਵਿਚ ਵਸਦੀ ਆਪਣੀ ਵੱਡੀ ਦੀਦੀ ਰਮਨ ਦੇ ਕੁੜੀ ਹੋਣ ਦੀ ਖਬਰ ਸੁਣ ਕੇ ਨਾਵਲ ਦਾ ਮੁੱਖ ਪਾਤਰ ਸ਼ਿਰਾਜ਼ ਆਪਣੀ ਦੀਦੀ ਤੇ ਜੀਜੇ ਨੂੰ ਮੋਬਾਈਲ'ਤੇ ਵਧਾਈਆਂ ਦਿੰਦਾ ਹੈ।ਸ਼ਿਰਾਜ਼ ਦਾ ਜੀਜਾ ਵੀ ਬੇਟੀ ਪੈਦਾ ਹੋਣ ਦੀ ਖੁਸ਼ੀ ਵਿਚ ਪਾਰਟੀ ਦੇਣ ਦੀ ਤਿਆਰੀ ਕਰਨ ਅਤੇ ਜਸ਼ਨ ਮਨਾਉਣ ਲਈ ਉਤਾਵਲਾ ਹੋਇਆ ਪਿਆ ਹੈ।

ਅੱਜੋਕੀ ਔਰਤ ਦੇ ਆਤਮ-ਨਿਰਭਰ ਤੇ ਆਜ਼ਾਦ ਸੋਚ ਵਾਲੇ ਵਿਅਕਤੀਤੱਵ ਦੀ ਪੇਸ਼ਕਾਰੀ ਲਈ ਰਾਣਾ ਰਣਬੀਰ ਨੇ ਸ਼ਿਵਾਨੀ ਨਾਂ ਦੇ ਪਾਤਰ ਦੀ ਉਸਾਰੀ ਕੀਤੀ ਹੈ।ਸ਼ਿਵਾਨੀ ਖੁੱਲ੍ਹੇ-ਡੁੱਲ੍ਹੇ ਸੁਭਾਅ ਵਾਲੀ ਕੁੜੀ ਹੈ।ਉਹ ਪਹਿਲੀ ਹੀ ਮੁਲਾਕਾਤ ਵਿਚ ਨਾਵਲ ਦੇ ਮੁੱਖ ਪਾਤਰ ਸ਼ਿਰਾਜ਼ ਨੂੰ ਰੈਸਟੋਰੈਂਟ ਵਿਚ ਆਪਣੇ ਨਾਲ ਖਾਣਾ ਖਾਣ ਲਈ ਸੱਦਾ ਦਿੰਦੀ ਹੈ।ਸ਼ਿਵਾਨੀ ਅਜਿਹੀ ਚੇਤੰਨ ਨਾਰੀ ਪਾਤਰ ਹੈ ਜਿਹੜੀ ਮਰਦ ਦੀ ਔਰਤ ਪ੍ਰਤਿ ਸੋਚ ਤੋਂ ਭਲੀਭਾਂਤ ਵਾਕਿਫ ਹੈ।ਸ਼ਿਰਾਜ਼ ਨਾਲ ਮੁਲਾਕਾਤ ਦੌਰਾਨ ਸ਼ਿਵਾਨੀ ਉਸਨੂੰ ਦੱਸਦੀ ਹੈ ਕਿ ਮਰਦ ਦੀ ਔਰਤ ਨਾਲ ਵਫ਼ਾ ਸਿਰਫ ਸਰੀਰਕ ਸੰਬੰਧਾਂ ਦੇ ਕਾਇਮ ਹੋਣ ਤਕ ਹੀ ਰਹਿੰਦੀ ਹੈ। ਸਰੀਰਕ ਸੰਬੰਧ ਬਣ ਜਾਣ ਤੋਂ ਬਾਅਦ ਮਰਦ ਦੀ ਔਰਤ ਲਈ ਪਿਆਰ ਦੀ ਪਿਕਚਰ ਬਦਲ ਜਾਂਦੀ ਹੈ।।

ਅੱਜ ਦਾ ਮਨੁੱਖ ਰਿਸ਼ਤਿਆਂ ਵਿਚਲੇ ਸੱਚ ਅਤੇ ਭਰਮ ਦੇ ਅਜਿਹੇ ਭੰਵਰ 'ਚ ਫਸਿਆ

ਮਹਿਸੂਸ ਕਰਦਾ ਹੈ ਜਿੱਥੇ ਉਸਨੂੰ ਸੱਚ ਤੇ ਭਰਮ ਵਿਚਾਲੇ ਫਰਕ ਸਮਝ ਨਹੀਂ ਆਉਂਦਾ। ਜੋ ਉਸਨੂੰ ਦਿਖ ਰਿਹਾ ਹੈ, ਉਹ ਸੱਚ ਨਹੀਂ ਤੇ ਜੋ ਸੱਚ ਹੈ, ਉਹ ਉਸਨੂੰ ਦਿਖਾਈ ਨਹੀਂ ਦੇ ਰਿਹਾ। ਮਨੁੱਖੀ ਮਨ ਦੀ ਅਜਿਹੀ ਦੁਬਿਧਾਗ੍ਰਸਤ ਮਾਨਸਿਕ ਸਥਿਤੀ ਨੂੰ ਪੇਸ਼ ਕਰਨ ਲਈ ਰਾਣਾ ਰਣਬੀਰ ਨੇ ਸ਼ਿਰਾਜ,ਰੌਣਕ ਅਤੇ ਹਾਸ਼ਮ ਦੇ ਆਪਸੀ ਰਿਸ਼ਤਿਆਂ ਦੀ ਤਿਕੋਣ ਨੂੰ ਸਿਰਜਿਆ ਹੈ। ਸ਼ਿਰਾਜ ਤੇ ਰੌਣਕ ਇਸ ਨਾਵਲ ਵਿਚ ਮੁੱਖ ਪਾਤਰ ਵਜੋਂ ਉਭਰਦੇ ਹਨ। ਸ਼ਿਰਾਜ ਤੇ ਰੌਣਕ ਇਕੋ ਕਲਾਸ ਵਿਚ ਪੜ੍ਹਨ ਵਾਲੇ ਗੂੜ੍ਹੇ ਮਿੱਤਰ ਹਨ। ਸ਼ਿਰਾਜ ਰੌਣਕ ਨੂੰ ਏਨੀ ਮੁਹੱਬਤ ਕਰਦਾ ਹੈ ਕਿ ਉਹ ਉਸ ਲਈ ਜਾਨ ਵੀ ਦੇ ਸਕਦਾ ਹੈ ਜਦਕਿ ਰੌਣਕ ਹਾਸ਼ਮ ਨੂੰ ਪਿਆਰ ਕਰਦੀ ਹੈ। ਉਹ ਉਸ ਲਈ ਆਪਣਾ ਤਨ ਤੇ ਮਨ ਕੁਰਬਾਨ ਕਰੀ ਬੈਠੀ ਹੈ ਜਦਕਿ ਹਾਸ਼ਮ ਰੌਣਕ ਨਾਲ ਸਿਰਫ ਉਸ ਦੇ ਸਰੀਰਕ ਆਕਰਸ਼ਣ ਕਰਕੇ ਹੀ ਜੁੜਿਆ ਹੋਇਆ ਹੈ। ਪਰ ਰੌਣਕ ਸ਼ਿਰਾਜ ਨੂੰ ਆਪਣਾ ਪੱਕਾ ਮਿੱਤਰ ਸਮਝਦੀ ਹੈ। ਉਸਨੇ ਆਪਣੇ ਫੋਨ ਵਿਚ ਉਸਦਾ ਨਾਂ 'ਰੱਬ ਜੀ ' ਕਰਕੇ ਸੇਵ ਕੀਤਾ ਹੋਇਆ ਹੈ। ਸ਼ਿਰਾਜ ਅਤੇ ਰੌਣਕ ਦੇ ਐਕਸੀਡੈਂਟ ਤੋਂ ਬਾਅਦ ਜਦ ਉਹ ਰੌਣਕ ਨੂੰ ਹਸਪਤਾਲ ਦੇ ਆਈ.ਸੀ.ਯੂ. ਵਾਰਡ 'ਚ ਪਈ ਨੂੰ ਵੇਖਦਾ ਹੈ ਤਾਂ ਉਹ ਆਪਣੇ ਆਪ ਨੂੰ ਟੁੱਟਿਆ ਹੋਇਆ ਮਹਿਸੂਸ ਕਰਦਾ ਹੈ। ਆਪਣੇ ਤੇ ਰੌਣਕ ਦੇ ਰਿਸ਼ਤੇ ਦੀ ਗਹਿਰਾਈ ਨਾਪਦਾ ਉਹ ਮਨੁੱਖੀ ਰਿਸ਼ਤਿਆਂ ਵਿਚੋਂ ਸੱਚ ਤੇ ਵਫਾ ਦੀ ਤਲਾਸ਼'ਚ ਗੁਆਚਿਆ ਹੋਇਆ ਨਜ਼ਰ ਆਉਂਦਾ ਹੈ।

ਇੰਝ ਇਹ ਨਾਵਲੈਟ ਇਕ ਖਾਸ ਕਾਲ-ਖੰਡ ਯਾਨੀ 20 ਨਵੰਬਰ ਨੂੰ 20 ਘੰਟਿਆਂ ਦੇ ਅਰਸੇ ਦੌਰਾਨ ਘਟੀਆਂ ਘਟਨਾਵਾਂ ਦੀ ਬਿਰਤਾਂਤਕਾਰੀ ਰਾਹੀਂ ਸਮਕਾਲੀ ਜੀਵਨ ਯਥਾਰਥ ਵਿਚਲੇ ਮਨੁੱਖੀ ਰਿਸ਼ਤਿਆਂ ਦੇ ਓਹਲੇ ਤੇ ਬੇਇਤਬਾਰੀ ਵਰਗੇ ਗੰਭੀਰ ਮਸਲਿਆਂ ਨੂੰ ਵਿਅੰਗਾਤਮਕ ਰਚਨਾ-ਦ੍ਰਿਸ਼ਟੀ ਰਾਹੀਂ ਉਘਾੜਦਾ ਹੈ। ਅਜਿਹੀ ਸਾਰਥਕ ਸਾਹਿਤਕ ਰਚਨਾ ਦਾ ਭਰਪੂਰ ਸਵਾਗਤ ਕਰਨਾ ਬਣਦਾ ਹੈ। ❑❑

-ਗੁਰਦੀਪ ਕੌਰ

ਡੂੰਘੇ ਵਹਿਣਾਂ ਦੇ ਭੇਤ (ਮੁਲਾਕਾਤਾਂ) ਸਤਨਾਮ ਸਿੰਘ ਢਾਅ

ਪੰਜਾਬੀ ਸਾਹਿਤ ਵਿਚ ਮੁਲਾਕਾਤਾਂ ਵਾਲੀ ਸਾਹਿਤਕ ਵਿਧਾ ਪ੍ਰਚੱਲਤ ਹੋ ਰਹੀ ਹੈ। ਇਸ ਵਿਧਾ ਦੇ ਪ੍ਰਚੱਲਤ ਹੋਣ ਦੇ ਕੀ ਕਾਰਨ ਹੋ ਸਕਦੇ ਹਨ? ਕੀ ਸਾਹਿਤ ਦੇ ਦੂਜੇ ਰੂਪ ਲੇਖਕ ਦੀ ਲੇਖਕੀ ਸ਼ਖਸੀਅਤ ਨੂੰ ਉਭਾਰਨ ਤੋਂ ਅਸਮਰੱਥ ਹੋ ਰਹੇ ਹਨ ? ਜਾਂ ਫਿਰ,ਰਚਨਾ, ਪਾਠਕ, ਆਲੋਚਕ ਤੇ ਪ੍ਰਕਾਸ਼ਕ ਵਿਚਲੀ ਦਰਾੜ ਨੂੰ ਪੂਰਨ ਲਈ ਇਸ ਵਿਧਾ ਦੀ ਵਰਤੋਂ ਹੋ ਰਹੀ ਹੈ? ਸਾਹਿਤ ਦੇ ਸਮਾਜ-ਸ਼ਾਸਤਰੀ ਨੁਕਤਾ-ਨਿਗਾਹ ਤੋਂ ਅਜਿਹੇ ਪ੍ਰਸ਼ਨਾਂ ਦਾ ਉੱਤਰ ਇਹ ਬਣਦਾ ਹੈ ਕਿ ਲੇਖਕ, ਰਚਨਾ, ਪਾਠਕ, ਪ੍ਰਕਾਸ਼ਕ ਤੇ ਤਤਕਾਲੀ ਸਮਾਜਕ ਸਥਿਤੀਆਂ ਵਿਚਕਾਰ ਸੰਤੁਲਨ ਬਹੁਤ ਜ਼ਰੂਰੀ ਹੈ। ਜਿਸਦੇ ਨਾਪ-ਤੋਲ ਲਈ ਮੁਲਾਕਾਤ ਵਰਗੀ ਵਿਧਾ ਦੀ ਲੋੜ ਬਣ ਗਈ ਹੈ।

ਪੰਜਾਬੀ ਸਾਹਿਤ ਵਿਚ ਲੇਖਕਾਂ ਨਾਲ ਕੀਤੀਆਂ ਮੁਲਾਕਾਤਾਂ ਵਾਲੀਆਂ ਅਨੇਕਾਂ ਪੁਸਤਕਾਂ ਮਿਲ ਜਾਂਦੀਆਂ ਹਨ। ਹਾਲ ਹੀ ਵਿਚ ਛਪੀ ਕੈਨੇਡਾ ਵਾਸੀ ਸਾਹਿਤਕਾਰ ਸਤਨਾਮ ਸਿੰਘ ਢਾਅ ਦੀ ਪੁਸਤਕ, 'ਡੂੰਘੇ ਵਹਿਣਾਂ ਦੇ ਭੇਤ' (ਪੰਨੇ 324, ਮੁੱਲ 495, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ) ਵੀ ਸਾਹਿਤ ਦੀ ਇਸ ਕੋਟੀ ਵਿਚ ਨਿੱਗਰ ਵਾਧਾ ਕਰਦੀ ਹੈ। ਕਿਉਂਕਿ ਇਸ ਵਿਚ ਉਹਨਾਂ ਲੇਖਕਾਂ ਦੀਆਂ ਮੁਲਾਕਾਤਾਂ ਸ਼ਾਮਲ ਹਨ ਜਿਹਨਾਂ ਦਾ ਆਪਣੇ ਆਵਾਸੀ ਦੇਸ਼ਾਂ ਤੇ ਪਰਵਾਸੀ ਦੇਸ਼ਾਂ ਨਾਲ ਇਕੋ ਜਿੰਨਾ ਡੂੰਘਾ ਸੰਬੰਧ ਹੈ ਅਤੇ ਉਹ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਦੇ ਠੋਸ ਗਿਆਤਾ ਵੀ ਹਨ। ਸਾਰੇ ਹੀ ਸਾਹਿਤਕਾਰਾਂ ਨੇ ਪੁੱਛੇ ਗਏ ਸਵਾਲਾਂ ਦੇ ਜਵਾਬ ਲੋਕ-ਪੱਖੀ ਵਿਚਾਰਧਾਰਾ ਨੂੰ ਕੇਂਦਰ ਵਿਚ ਰੱਖ ਕੇ ਦਿੰਦਿਆਂ ਪੰਜਾਬੀ ਭਾਸ਼ਾ, ਸਾਹਿਤ, ਸਮਾਜ ਤੇ ਸਭਿਆਚਾਰ ਦੀ ਅਜੋਕੀ ਸਥਿਤੀ ਬਾਰੇ ਚਿੰਤਾ ਪ੍ਰਗਟਾਈ ਹੈ। ਇਹ ਲੇਖਕ ਕੇਵਲ ਚਿੰਤਾ ਕਰਨ ਤਕ ਹੀ ਸੀਮਤ ਨਹੀਂ ਰਹੇ ਸਗੋਂ ਇਸਨੂੰ ਮਿਟਾਉਣ ਲਈ

ਆਪਣੀ ਆਪਣੀ ਬੁੱਧੀ ਦਾ ਵਿਵੇਕ ਵੀ ਸਿਰਜ ਰਹੇ ਹਨ।

ਲਹਿੰਦੇ ਪੰਜਾਬ ਵਿਚ ਪੰਜਾਬੀ ਜ਼ੁਬਾਨ ਦੇ ਘੁਲਾਟੀਏ ਡਾ. ਸਈਅਦ ਅਖ਼ਤਰ ਹੁਸੈਨ ਅਖ਼ਤਰ ਨਾਲ ਕੀਤੀ ਮੁਲਾਕਾਤ ਤੋਂ ਪਤਾ ਚਲਦਾ ਹੈ ਕਿ ਅਖ਼ਤਰ ਨੇ ਲਹਿੰਦੇ ਪੰਜਾਬ ਵਿਚ ਪੰਜਾਬੀ ਬੋਲੀ ਨੂੰ ਇਸਦਾ ਹੱਕੀ ਸਥਾਨ ਦੁਆਉਣ ਲਈ ਅਨੇਕਾਂ ਜਤਨ ਕੀਤੇ ਸਨ। ਲਹਿਰਾਂ' ਨਾਂ ਦੇ ਸਾਹਿਤਕ ਰਸਾਲੇ ਰਾਹੀਂ ਉਸਨੇ ਪੱਤਰਕਾਰੀ ਕਰਕੇ ਪੰਜਾਬੀ ਸਾਹਿਤ ਨੂੰ ਲਹਿੰਦੇ ਪੰਜਾਬ ਵਿਚ ਪ੍ਰਸਾਰਿਆ। ਆਪਣੇ ਜੀਵਨ-ਕਾਲ ਵਿਚ ਉਸਨੇ ਇਹ ਮਹਿਸੂਸ ਕਰ ਲਿਆ ਸੀ ਕਿ ਸਰਕਾਰ, ਮਜ਼੍ਹਬੀ ਲੋਕ ਤੇ ਆਪਣੇ ਆਪ ਨੂੰ ਵਿਦਵਾਨ ਕਹਾਉਣ ਵਾਲੇ ਲੋਕ ਹੀ ਪੰਜਾਬੀ ਜ਼ੁਬਾਨ ਦੀਆਂ ਜੜ੍ਹਾਂ ਵੱਢ ਰਹੇ ਹਨ। ਡਾ. ਸਾਧੂ ਸਿੰਘ ਤੇ ਗੁਰਚਰਨ ਰਾਮਪੁਰੀ ਨੇ ਵੀ ਆਪਣੀਆਂ ਮੁਲਾਕਾਤਾਂ ਵਿਚ ਡਾ.ਸਈਅਦ ਦੇ ਅਜਿਹੇ ਵਿਚਾਰਾਂ ਦੀ ਹੀ ਪ੍ਰੋੜਤਾ ਕੀਤੀ ਹੈ।

ਇਕ ਚਿੰਤਕ, ਆਲੋਚਕ, ਕਹਾਣੀਕਾਰ ਤੇ ਅਨੁਵਾਦਕ ਵਜੋਂ ਡਾ. ਸਾਧੂ ਸਿੰਘ ਦੀ ਪੰਜਾਬੀ ਸਾਹਿਤ ਜਗਤ ਨੂੰ ਵੱਡਮੁਲੀ ਦੇਣ ਤਾਂ ਹੈ ਹੀ, ਇਕ ਵਿਅਕਤੀ ਦੇ ਤੌਰ ਉੱਤੇ ਵੀ ਉਹ ਹਾਲਾਤ ਨਾਲ ਸਮਝੌਤਾ ਕਰਨ ਤੋਂ ਨਾਬਰ ਹੋਣ ਦਾ ਰੋਲ ਮਾਡਲ ਬਣਦਾ ਹੈ। ਆਪਣੇ ਆਵਾਸ ਦੌਰਾਨ ਉਹ ਪੰਜਾਬ ਦੇ ਵੱਖ ਵੱਖ ਕਾਲਜਾਂ ਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵਿਚ ਪੰਜਾਬੀ ਦਾ ਪ੍ਰਸਿੱਧ ਪ੍ਰੋਫੈਸਰ ਰਿਹਾ। ਪਹਿਲੀ ਵਾਰ ਉਸਨੇ ਉੱਨੀ ਸੌ ਚੌਹਟ ਵਿਚ ਇੰਗਲੈਂਡ ਦਾ ਪਰਵਾਸ ਧਾਰਨ ਕੀਤਾ। ਫਿਰ ਕੈਨੇਡਾ ਪੱਕੇ ਤੌਰ 'ਤੇ ਡੇਰੇ ਲਾ ਲਏ। ਆਪਣੇ ਵਿਦਿਆਰਥੀਆਂ ਨਾਲ ਬਣਾਏ ਖ਼ੂਬਸੂਰਤ ਰਿਸ਼ਤਿਆਂ ਉੱਤੇ ਉਹ ਮਾਣ ਕਰਦਾ ਹੈ। ਜਿੰਨ੍ਹਾਂ ਵਿਚੋਂ ਮੁਹਿੰਦਰ ਸੂਮਲ, ਸਾਧੂ ਬਿਨਿੰਗ ਤੇ ਸਰਵਣ ਬੋਲ ਨੂੰ ਤਾਂ ਉਹ ਕੈਨੇਡਾ ਵਿਚ ਆਪਣੇ ਪਰਵਾਸ ਧਾਰਨ ਕਰਨ ਵਿਚ ਬਰਾਬਰ ਦੀਆਂ ਧਿਰਾਂ ਸਵੀਕਾਰਦਾ ਹੈ। ਇਸ ਵਿਦਵਾਨ ਲੇਖਕ ਦਾ ਵਿਚਾਰ ਹੈ ਕਿ ਪੰਜਾਬੀ ਲੋਕ ਆਪਣੇ ਧੀਆਂ ਪੁੱਤਰਾਂ ਨੂੰ ਪਰਦੇਸ ਭੇਜਣ ਜਾਂ ਉਹਨਾਂ ਨੂੰ ਪਰਦੇਸ ਵਿਚ ਟਿਕੇ ਰਹਿਣ ਵਾਸਤੇ ਮਜਬੂਰ ਕਰਨ ਲਈ ਕੁਝ ਵੀ ਕਰ ਸਕਦੇ ਹਨ। ਉਸ ਦੀਆਂ ਰਚੀਆਂ 'ਪੰਜਾਬੀ ਬੋਲੀ ਦੀ ਵਿਰਾਸਤ', 'ਪੂਰਾ ਆਦਮੀ' ਤੇ 'ਵਿਸਫੋਟ' ਸਿਰਲੇਖ ਵਾਲੀਆਂ ਪੁਸਤਕਾਂ ਨੂੰ ਪੜ੍ਹ ਕੇ ਹੋਰ ਵੀ ਬਹੁਤ ਕੁਝ ਪਤਾ ਚੱਲ ਸਕਦਾ ਹੈ।

ਗੁਰਚਰਨ ਰਾਮਪੁਰੀ 1964 ਵਿਚ ਕੈਨੇਡਾ ਦੇ ਸ਼ਹਿਰ ਵੈਨਕੂਵਰ ਆਣ ਵਸਿਆ। ਸੰਨ 1944 ਤੋਂ ਉਸਨੇ ਕਵਿਤਾ ਲਿਖਣੀ ਸ਼ੁਰੂ ਕੀਤੀ ਸੀ। ਬਹੁਤ ਹੀ ਨਿੱਘੇ ਸੁਭਾਅ ਦੇ ਇਸ ਇਨਸਾਨ ਨੇ ਪ੍ਰਗਤੀਵਾਦੀ ਵਿਚਾਰਧਾਰਾ ਨੂੰ ਸਮੇਂ ਦੇ ਹਾਣ ਦੀ ਬਣਾਉਣ ਲਈ ਭਰਵਾਂ ਕਾਵਿਕ ਉੱਦਮ ਕੀਤਾ। ਜੋ 'ਅੱਜ ਤੋਂ ਆਰੰਭ ਤਕ' ਉਸਦੀ ਸਮੁੱਚੀ ਕਵਿਤਾ ਦੀ ਕਿਤਾਬ ਵਿਚੋਂ ਅਤੇ 'ਦੋਹਾਵਲੀ' ਨਾਂ ਦੀ ਇਕ ਵੱਖਰੀ ਕਿਸਮ ਦੀ ਕਿਤਾਬ ਵਿਚ ਦਰਜ ਹੈ। ਉਸਨੇ ਵਿਭਿੰਨ ਵਿਸ਼ਿਆਂ ਉੱਤੇ ਕਵਿਤਾਵਾਂ ਲਿਖੀਆਂ। ਸਮੇਂ ਦੇ ਸੱਚ ਨੂੰ ਪੇਸ਼ ਕਰਨ ਦਾ ਪੱਲਾ ਉਸਨੇ ਕਦੇ ਵੀ ਨਹੀਂ ਛੱਡਿਆ। ਕੌਮੀ ਤੇ ਕੌਮਾਂਤਰੀ ਪੱਧਰ ਦੀ ਰਾਜਨੀਤੀ ਉਸਦੀ ਕਵਿਤਾ ਦੇ ਕੇਂਦਰ ਵਿਚ ਰਹੀ ਹੈ। ਰਾਮਪੁਰੀ ਦੀ ਸਥਾਪਨਾ ਹੈ ਕਿ ਸਾਨੂੰ ਫ਼ਿਰਕਾਪ੍ਰਸਤ ਤੇ ਖ਼ੁਦਗਰਜ਼ ਸਿਆਸਤਦਾਨਾਂ ਨੂੰ ਪਹਿਚਾਨਣਾ ਚਾਹੀਦਾ ਹੈ ਕਿਉਂਕਿ ਉਹ ਆਮ ਲੋਕਾਂ ਨੂੰ ਵਰਤ ਕੇ ਆਪਣੇ ਸੁਆਰਥ ਪੂਰੇ ਕਰਦੇ ਹਨ ਅਤੇ ਕੁਰਸੀ ਦੀ ਖ਼ਾਤਰ ਉਹਨਾਂ ਨੂੰ ਆਪਸ ਵਿਚ ਲੜਾ ਕੇ ਆਪ ਦੇਸ਼ ਦਾ ਧਨ ਤੇ ਵਜ਼ੀਰੀਆਂ ਲੁੱਟਦੇ ਹਨ।

ਰਾਮਪੁਰੀ ਦੇ ਹੀ ਇਕ ਸਮਕਾਲੀ ਬਹੁ-ਵਿਧਾਈ ਲੇਖਕ ਰਵਿੰਦਰ ਰਵੀ ਦੀ ਪਛਾਣ ਉਸਦੇ ਪ੍ਰਯੋਗਸ਼ੀਲ ਲਹਿਰ ਦੇ ਮੋਢੀਆਂ ਵਿਚ ਹੋਣ ਕਰਕੇ ਤਾਂ ਹੈ ਹੀ, ਪਰ ਉਸਦੇ ਰਚੇ

ਸਾਹਿਤ ਦੀ ਪਰਖ ਕਰਕੇ ਬਹੁਤ ਸਾਰੇ ਆਲੋਚਕਾਂ ਨੇ ਰਵੀ ਨੂੰ 'ਬ੍ਰਹਿਮੰਡੀ ਚੇਤਨਾ' ਵਾਲਾ ਲੇਖਕ ਗਰਦਾਨਿਆ ਹੈ। ਉਸਦੀ ਸਿਰਜਣਾ ਦਾ ਘੇਰਾ ਏਸ਼ੀਆ, ਯੂਰਪ, ਅਫਰੀਕਾ ਤੇ ਕੈਨੇਡਾ ਤਕ ਫੈਲਿਆ ਹੋਇਆ ਹੈ। ਇਸ ਲਈ ਉਸ ਦੀਆਂ ਰਚਨਾਵਾਂ ਵਿਚ ਵਿਭਿੰਨ ਸਭਿਆਚਾਰਾਂ ਦਾ ਸੁਮੇਲ ਵੇਖਣ ਨੂੰ ਮਿਲਦਾ ਹੈ ਅਤੇ ਮੁਲਾਕਾਤ ਵਿਚ ਬਹੁਤ ਸਾਰੀਆਂ ਸਾਹਿਤ ਦੀਆਂ ਵਿਧਾਵਾਂ ਅਤੇ ਬਹੁਤ ਸਾਰੇ ਸਿਧਾਂਤਾਂ ਦੀਆਂ ਚਿੰਤਨ ਪ੍ਰਣਾਲੀਆਂ ਦੀਆਂ ਵਿਚਾਰਾਂ ਉੱਘੜ ਕੇ ਸਾਹਵੇਂ ਆਉਂਦੀਆਂ ਹਨ। ਸਾਹਿਤ-ਸਿਰਜਣਾ ਲਈ 'ਪ੍ਰਯੋਗ-ਪ੍ਰਗਤੀ-ਪਰੰਪਰਾ' ਦੀ ਤ੍ਰੈ-ਕਾਲਕ ਚੇਤਨਾ ਦੀ ਉਹ ਜ਼ੋਰਦਾਰ ਵਕਾਲਤ ਕਰਦਾ ਹੈ।

ਰਵਿੰਦਰ ਰਵੀ ਵਾਂਗ ਕੈਨੇਡਾ ਵਸਦਾ ਇਕ ਹੋਰ ਲੇਖਕ ਹੈ:ਸਾਧੂ ਬਿਨਿੰਗ। ਇਸ ਮਿਹਨਤੀ ਸ਼ਖਸ ਨਾਲ ਹੋਈ ਢਾਅ ਦੀ ਮੁਲਾਕਾਤ ਇਸ ਤੱਥ ਦੀ ਉਗਾਹ ਬਣਦੀ ਹੈ ਕਿ ਬਿਨਿੰਗ ਨੇ ਆਪਣੇ ਜੀਵਨ ਦਾ ਬਹੁਤਾ ਹਿੱਸਾ ਕੈਨੇਡੀਅਨ ਸਮਾਜ ਵਿਚ ਪੰਜਾਬੀ ਬੋਲੀ ਤੇ ਸਭਿਆਚਾਰ ਦੀਆਂ ਜੜ੍ਹਾਂ ਨੂੰ ਪੱਕੀਆਂ ਕਰਨ ਉੱਤੇ ਲਗਾ ਦਿੱਤਾ। ਇਸੇ ਲਈ ਕੈਨੇਡੀਅਨ ਲੋਕ ਵੀ ਸਾਧੂ ਬਿਨਿੰਗ ਨੂੰ ਕੈਨੇਡਾ ਵਿਚ ਪੰਜਾਬੀ ਬੋਲੀ ਦੇ ਝੰਡਾ ਬਰਦਾਰ ਵਜੋਂ ਜਾਣਦੇ ਹਨ। ਬਿਨਿੰਗ ਨੇ ਸੁਖਵੰਤ ਹੁੰਦਲ ਨਾਲ ਮਿਲ ਕੇ ਕੈਨੇਡਾ ਵਿਚ ਆਪਣੀ ਮਾਂ ਬੋਲੀ ਪੰਜਾਬੀ ਤੇ ਪੰਜਾਬੀ ਸਭਿਆਚਾਰ ਨੂੰ ਸਾਂਭਣ ਲਈ ਅਨੇਕਾਂ ਸਾਹਿਤਕ ਤੇ ਸਭਿਆਚਾਰਕ ਉਪਰਾਲੇ ਕੀਤੇ। ਗੱਲ ਕੈਨੇਡਾ 'ਚੋਂ 'ਵਤਨੋਂ ਦੂਰ' ਮਾਸਿਕ ਪਰਚੇ ਦੇ ਕੱਢਣ ਦੀ ਹੋਵੇ ਜਾਂ 'ਵਤਨ' ਨਾਮੀ ਤ੍ਰੈਮਾਸਕ ਪਰਚੇ ਦੀ, ਜਾਂ ਫਿਰ 'ਸੰਘਰਸ਼ ਦੇ ਸੌ ਵਰ੍ਹੇ:ਕੈਨੇਡਾ ਵਿਚ ਪ੍ਰਗਤੀਸ਼ੀਲ ਲਹਿਰ' ਖੋਜ-ਪੁਸਤਕ ਬਣਾਉਣ ਦੀ; ਸੁਖਵੰਤ ਹੁੰਦਲ ਹਮੇਸ਼ਾ ਉਸਦੇ ਅੰਗ-ਸੰਗ ਹੋ ਕੇ ਵਿਚਰਿਆ ਹੈ। ਬਿਨਿੰਗ ਨੇ ਪੰਜਾਬੀ ਸਾਹਿਤ ਨੂੰ ਕਵਿਤਾ, ਕਹਾਣੀ, ਨਾਟਕ, ਖੋਜ ਅਤੇ ਹੋਰ ਬਹੁਤ ਸਾਰੇ ਸੰਪਾਦਕੀ ਕਾਰਜਾਂ ਰਾਹੀਂ ਮਾਲਾ-ਮਾਲ ਕੀਤਾ ਹੈ। ਬਿਨਿੰਗ ਦਾ ਵਿਚਾਰ ਹੈ ਕਿ ਜੀਵਨ ਵਿਚ ਮਿਲੀ ਆਜ਼ਾਦੀ ਆਪਣੇ ਗਿਆਨ ਨੂੰ ਵਧਾਉਣ ਲਈ ਲਗਾ ਦੇਣੀ ਚਾਹੀਦੀ ਹੈ ਵਰਨਾ ਆਜ਼ਾਦੀ ਤੁਹਾਨੂੰ ਪੁੱਠੇ ਕੰਮੀਂ ਲਾ ਸਕਦੀ ਹੈ।

ਜਿਵੇਂ ਸਾਧੂ ਬਿਨਿੰਗ ਨੂੰ ਕੈਨੇਡਾ ਵਿਚ ਪੰਜਾਬੀ ਬੋਲੀ ਦਾ ਝੰਡਾ ਬਰਦਾਰ ਮੰਨਿਆ ਜਾਂਦਾ ਹੈ ਇਵੇਂ ਹੀ ਪਰਮਿੰਦਰ ਸੋਢੀ ਨੂੰ ਜਪਾਨ ਵਿਚ ਪੰਜਾਬੀ ਸਾਹਿਤ ਦਾ ਝੰਡਾ ਬਰਦਾਰ ਮੰਨਿਆ ਜਾਂਦਾ ਹੈ। ਸੋਢੀ ਨਾਲ ਹੋਈ ਢਾਅ ਦੀ ਮੁਲਾਕਾਤ ਸਾਬਤ ਕਰਦੀ ਹੈ ਕਿ ਆਮ ਪਰਵਾਸੀਆਂ ਵਾਂਗ ਉਹ ਆਪਣੇ ਆਪ ਨੂੰ ਪਰਵਾਸੀ ਨਹੀਂ ਸਮਝਦਾ। ਸੋਢੀ ਬੁੱਧ ਦਰਸ਼ਨ ਦੀ ਜਪਾਨੀ-ਧਾਰਾ 'ਜ਼ੇਨ' ਦੀ ਸੁਚੇਤ ਰੂਪ ਵਿਚ ਚੋਣ ਕਰਕੇ ਆਪਣੇ ਸਾਹਿਤ ਦੀ ਸਿਰਜਣਾ ਕਰਦਾ ਹੈ।'ਜ਼ੇਨ ਦਰਸ਼ਨ' ਸਾਹਮਣੇ ਵਾਪਰ ਰਹੇ ਜੀਵਨ ਨੂੰ ਸੱਚ ਮੰਨਦਾ ਹੈ। ਹੁਣ ਵਾਲੇ ਪਲ ਵਿਚ, ਸਾਡੇ ਕੋਲ ਐਨ ਇਥੇ ਹੀ, ਜੋ ਵੀ ਹੈ, ਉਹ ਹੀ ਸੱਚ ਹੈ। ਇਸੇ 'ਹੁਣ ਅਤੇ ਇੱਥੇ' ਵਾਪਰ ਰਹੇ ਛਿਣ ਨੂੰ ਸੋਢੀ ਨੇ ਜਪਾਨੀ ਕਾਵਿ-ਰੂਪ 'ਹਾਇਕੂ' ਦੀ ਭਰਪੂਰ ਵਰਤੋਂ ਕਰਕੇ ਪੰਜਾਬੀ ਕਵਿਤਾ ਵਿਚ ਆਪਣੀ ਵਿਲੱਖਣ ਪਛਾਣ ਸਥਾਪਤ ਕੀਤੀ ਹੈ।

ਇੰਝ ਹੀ ਇਕਬਾਲ ਅਰਪਨ, ਜਗਤਾਰ ਢਾਅ, ਮਿੰਨੀ ਗਰੇਵਾਲ, ਬਲਬੀਰ ਕੌਰ ਸੰਘੇੜਾ ਤੇ ਹਰਜੀਤ ਦੌਧਰੀਆ ਦੀਆਂ ਮੁਲਾਕਾਤਾਂ ਪੂਰਬੀ ਤੇ ਪੱਛਮੀ ਸਭਿਆਚਾਰਾਂ ਦੇ ਭੇੜ ਤੇ ਮੇਲ ਦੀਆਂ ਧੁਨੀਆਂ ਉਪਜਾਉਂਦੀਆਂ ਹਨ। ਡਾ. ਹਰਚਰਨ ਸਿੰਘ ਪੰਜਾਬੀ ਨਾਟਕ ਤੇ ਰੰਗਮੰਚ ਨੂੰ ਪਰਨਾਈ ਸ਼ਖਸੀਅਤ ਸੀ। ਇਸ ਸਾਹਿਤਕ ਸ਼ਖਸ ਦੀ ਮੁਲਾਕਾਤ ਵੀ ਬਹੁਮੁੱਲੇ ਸਾਹਿਤਕ, ਇਤਿਹਾਸਕ ਤੇ ਸਮਕਾਲ ਦੇ ਵਿਚਾਰਾਂ ਨੂੰ ਅਗਰਭੂਮਿਤ ਕਰਦੀ ਹੈ। ਪੰਜਾਬੀ ਨਾਟਕਾਂ ਦੇ ਇਸ ਸਿਰਜਣਹਾਰੇ ਨੇ ਆਪਣੇ ਜੀਵਨ-ਕਾਲ ਦੌਰਾਨ ਭਰਪੂਰ ਮਾਤਰਾ ਨਾਟਕ ਲਿਖੇ,ਖੇਡੇ ਤੇ ਖਿਡਾਏ। ਉਹ ਇਸ ਧਾਰਨਾ ਨਾਲ ਹਮੇਸ਼ਾ ਹੀ ਜੁੜਿਆ ਰਿਹਾ ਕਿ

ਨਾਟਕ ਦਾ ਯਥਾਰਥ ਜੀਵਨ ਦੇ ਯਥਾਰਥ ਨਾਲੋਂ ਵਧੇਰੇ ਸੱਚਾ ਤੇ ਪ੍ਰਭਾਵਸ਼ਾਲੀ ਹੁੰਦਾ ਹੈ।

ਇੰਝ, ਹੱਥਲੀ ਪੁਸਤਕ ਵਿਚ ਜਿੱਥੇ ਸੰਬੰਧਤ ਲੇਖਕਾਂ ਦੇ ਨਿੱਜੀ ਜੀਵਨ ਤੇ ਉਹਨਾਂ ਦੇ ਰਚੇ ਸਾਹਿਤ ਦੇ ਸੱਚ ਬਾਰੇ ਪਤਾ ਚਲਦਾ ਹੈ ਉੱਥੇ ਪ੍ਰਾਂਤਕ,ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਵਿਭਿੰਨ ਵਰਤਾਰਿਆਂ ਦੀ ਕਾਰਜਸ਼ੀਲਤਾ ਦਾ ਸੱਚ ਵੀ ਸਾਹਵੇਂ ਆਉਂਦਾ ਹੈ।ਇਹ ਸੱਚ ਹੀ ਡੂੰਘੇ ਵਹਿਣਾਂ ਦਾ ਭੇਤ ਹੈ। ਇਹ ਭੇਤ ਪੁਸਤਕ ਵਿਚੀਂ ਲੰਘ ਕੇ ਹੀ ਪਾਇਆ ਜਾ ਸਕਦਾ ਹੈ।❑❑

-ਚੰਦਰ ਮੋਹਨ

ਜਾਣ ਦੇ ਮੈਨੂੰ (ਕਾਵਿ ਸੰਗ੍ਰਹਿ) ਜਗਦੀਪ ਸਿੱਧੂ

'ਅੱਗ ਦੇ ਰੰਗ' ਗ਼ਜ਼ਲ ਸੰਗ੍ਰਹਿ ਨਾਲ ਭਾਵੇਂ ਜਗਦੀਪ ਸਿੱਧੂ ਪੰਜਾਬੀ ਵਿਚ ਚੋਖੇ ਵਿਕਸਤ ਹੋ ਚੁੱਕੇ ਗ਼ਜ਼ਲ ਕਾਵਿ ਰੂਪ 'ਤੇ ਵੀ ਹੱਥ ਅਜ਼ਮਾ ਚੁੱਕਿਆ ਹੈ, ਪਰ ਨਿਰੋਲ ਕਵਿਤਾਵਾਂ ਉੱਤੇ ਆਧਾਰਤ ਉਸਦਾ ਨਵਾਂ ਸੰਗ੍ਰਹਿ 'ਜਾਣ ਦੇ ਮੈਨੂੰ'(ਅਦਬੀ ਪਰਵਾਜ਼ ਪ੍ਰਕਾਸ਼ਨ, ਮਾਨਸਾ, ਪੰਨੇ 80, ਮੁੱਲ 120 ਰੁਪਏ) ਨਿਸਚੇ ਹੀ ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚਦਾ ਹੈ। ਇਸ ਸੰਗ੍ਰਹਿ ਵਿਚਲੀਆਂ ਸਰਲ ਸੰਖੇਪ ਕਵਿਤਾਵਾਂ ਡੂੰਘੇ ਅਰਥਾਂ ਨਾਲ ਪਰੁੱਚੀਆਂ ਹੋਈਆਂ ਹਨ। ਇਹਨਾਂ ਡੂੰਘੇ ਅਰਥਾਂ ਦੀ ਸਹੀ ਪਛਾਣ ਕਰਨ ਲਈ ਸਾਨੂੰ ਉਸ ਵੱਲੋਂ ਸਿਰਜੀ ਵਿਰੋਧੀ ਜੁੱਟ ਸਿਰਜਣਾ ਦੀ ਪ੍ਰਕਿਰਿਆ ਨੂੰ ਘੋਖਣਾ ਪਵੇਗਾ,ਜੋ ਗੱਲ ਕਰਨ ਦੀ ਉਸਦੀ ਕੇਂਦਰੀ ਜੁਗਤ ਹੈ।

ਜਗਦੀਪ ਦੀ ਕਾਵਿ ਪ੍ਰਕਿਰਿਆ ਸੰਖੇਪ ਕਵਿਤਾ ਸਿਰਜਣ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਹੈ। ਇਸ ਕਾਵਿ ਵਿਧੀ ਦੀਆਂ ਅਵੱਸ਼ ਕੁਝ ਸੀਮਾਵਾਂ ਵੀ ਹਨ, ਪਰ ਉਹਨਾਂ ਸੀਮਾਵਾਂ ਦੇ ਬਾਵਜੂਦ ਜਗਦੀਪ ਦੀ ਕਵਿਤਾ ਤੋਂ ਸਾਫ ਹੋ ਜਾਂਦਾ ਹੈ ਕਿ ਉਹ ਛੋਟੀ ਕਵਿਤਾ ਰਾਹੀਂ ਵੱਡੀ ਗੱਲ ਕਹਿਣ ਦਾ ਮਾਹਿਰ ਕਲਾਕਾਰ ਹੈ। ਵਿਰੋਧੀ ਜੁੱਟ ਸਿਰਜ ਕੇ ਆਪਣੀ ਗੱਲ ਬਹੁਤ ਸੰਜਮ ਨਾਲ ਕਹਿਣ ਦੀ ਉਹ ਪੂਰੀ ਮੁਹਾਰਤ ਰੱਖਦਾ ਹੈ। ਇਸ ਸੰਬੰਧ ਵਿਚ ਜਲ ਪ੍ਰਦੂਸ਼ਣ ਦੀ ਗੱਲ ਕਰਦੀ ਪੁਸਤਕ ਦੀ ਪਹਿਲੀ ਹੀ ਕਵਿਤਾ 'ਤਿਉੜੀਆਂ' ਦੀ ਗੱਲ ਕੀਤੀ ਜਾ ਸਕਦੀ ਹੈ, ਜਿਸ ਦਾ ਸੰਗ੍ਰਹਿ ਦੀ ਭੂਮਿਕਾ ਲਿਖਦਿਆਂ ਸੁਰਜੀਤ ਪਾਤਰ ਨੇ ਵੀ ਉਚੇਚਾ ਜ਼ਿਕਰ ਕੀਤਾ ਹੈ। ਜਲ ਪ੍ਰਦੂਸ਼ਣ ਦੀ ਗੱਲ ਕਵਿਤਾ 'ਨਮਕ ਹਰਾਮ' ਵਿਚ ਵੀ ਬੜੀ ਸ਼ਿੱਦਤ ਨਾਲ ਹੋਈ ਹੈ ਪਰ ਸੰਜਮ ਤੇ ਕਲਾਤਮਕ ਡੂੰਘਾਈ ਪੱਖੋਂ 'ਤਿਉੜੀਆਂ' ਕਵਿਤਾ ਵਧੇਰੇ ਆਕਰਸ਼ਤ ਕਰਦੀ ਹੈ। ਲਹਿਰਾਂ ਤੇ ਤਿਉੜੀਆਂ ਦਾ ਵਿਰੋਧੀ ਜੁੱਟ ਸਿਰਜਦਿਆਂ ਪ੍ਰਕਿਰਤੀ ਦੇ ਪ੍ਰਕੋਪੀ ਵਾਲੇ ਪ੍ਰਤੀਕਰਮ ਨੂੰ ਤਾਂ ਉਘਾੜਿਆ ਹੀ ਹੈ, ਸਗੋਂ ਇਸ ਵਿਚ ਵਰਤਿਆ ਗਿਆ 'ਦਰਿਆ' ਸ਼ਬਦ ਜਦੋਂ ਸਮਾਜ ਨਾਲ ਸੰਬੰਧਤ ਹੁੰਦਾ ਹੈ ਤਾਂ ਇਹ ਕਵਿਤਾ ਸਮਾਜਕ ਪੱਧਰ 'ਤੇ ਮਨੁੱਖਤਾ ਵਿਚ ਵਿਆਪੀਆਂ ਵਿਆਪਕ ਤਿਉੜੀਆਂ ਦੀ ਵੀ ਗੱਲ ਕਰਨ ਲਗਦੀ ਹੈ। ਇਹੀ ਬਹੁ-ਅਰਥਕ ਪਾਸਾਰ ਇਸ ਨੂੰ ਡੂੰਘੀ ਪੱਧਰ 'ਤੇ ਲਿਖੀ ਜਾ ਰਹੀ ਚਿੰਤਨਸ਼ੀਲ ਕਵਿਤਾ ਨਾਲ ਜੋੜਦਾ ਹੈ:

ਅੱਜ ਕਲ. ਦਰਿਆ ਵਿਚ ਲਹਿਰਾਂ ਨਹੀਂ
ਜੋ ਦਿਸ ਰਹੀਆਂ, ਇਹ ਤਿਉੜੀਆਂ ਨੇ

ਸੰਖੇਪਤਾ ਨੂੰ ਸਾਹਿਤ-ਸਿਰਜਣ ਦਾ ਮੀਰੀ ਗੁਣ ਮੰਨਿਆ ਜਾਂਦਾ ਹੈ। ਇਸ ਤੱਥ ਪ੍ਰਤੀ ਪੂਰਾ ਚੇਤੰਨ ਹੋਣ ਕਰਕੇ ਹੀ ਜਗਦੀਪ ਕਈ ਵਾਰ ਕੁਝ ਵੀ ਨਾ ਕਹਿ ਕੇ ਬੜਾ ਕੁਝ ਕਹਿ ਜਾਂਦਾ ਹੈ। ਵਿਸ਼ਵੀਕਰਨ ਦੇ ਅੱਜੋਕੇ ਯੁਗ ਦੌਰਾਨ ਰਿਸ਼ਤਿਆਂ ਵਿਚ ਹੋ ਰਹੀ ਟੁੱਟ-ਭੱਜ ਨੂੰ ਉਸਨੇ ਫੜਨ ਦਾ ਯਤਨ ਕੀਤਾ ਹੈ,ਜਿਸ ਦਾ ਫੈਲਾਅ ਉਸਦੀ ਸ਼ਾਇਰੀ ਵਿਚ ਥਾਂ ਥਾਂ ਖਿੰਡਿਆ

ਦਿਸ ਪੈਂਦਾ ਹੈ। ਮਾਂ ਬਾਰੇ ਲਿਖੀਆਂ ਕਈ ਕਵਿਤਾਵਾਂ ਵਿਚੋਂ ਅੱਜੋਕੇ ਸਮੇਂ ਵਿਚ ਰਿਸ਼ਤਿਆਂ ਦੀ ਹੋ ਰਹੀ ਟੁੱਟ-ਭੱਜ ਦੀ ਪਛਾਣ ਸਹਿਜੇ ਹੀ ਕੀਤੀ ਜਾ ਸਕਦੀ ਹੈ। ਅਜਿਹੀਆਂ ਕਵਿਤਾਵਾਂ ਵਿਚ ਜਗਦੀਪ ਨੇ ਮਾਂ ਦਾ ਜੋ ਬਿੰਬ ਪੇਸ਼ ਕੀਤਾ ਹੈ, ਉਹ ਪੂਰੀ ਤਰ੍ਹਾਂ ਖੰਡਤ ਹੋ ਚੁੱਕਾ ਹੈ। ਇੰਝ ਹੀ ਪੁੱਤਰ ਮਾਂ ਪਤਨੀ ਦੇ ਰਿਸ਼ਤਿਆਂ ਵਿਚਲੀ ਬਰੀਕੀ 'ਨਿੱਛ' ਨਾਂ ਦੀ ਕਵਿਤਾ ਵਿਚੋਂ ਵੇਖੀ ਜਾ ਸਕਦੀ ਹੈ:

ਮੈਂ ਨਿੱਛ ਮਾਰੀ ਸੀ
ਮਾਂ ਬੋਲੀ ਸੀ, ਤੈਨੂੰ ਕੋਈ ਯਾਦ ਕਰਦਾ
ਬੇਟੇ ਨੇ ਨਿੱਛ ਮਾਰੀ, ਪਤਨੀ ਬੋਲੀ ਕੋਲਡ ਹੋਈ ਲਗਦੀ
ਹੁਣ ਇਉਂ ਹੀ ਸੋਚਦੇ ਹਾਂ ਅਸੀਂ
ਰਿਸ਼ਤਿਆਂ 'ਚੋਂ ਨਿੱਘ ਕਿੰਨਾ ਘਟ ਗਿਆ ਹੈ

ਏਥੇ ਜਗਦੀਪ ਦੀ ਸੰਖੇਪ ਕਾਵਿ-ਵਿਧਾ ਨੂੰ ਪਛਾਣਦਿਆਂ. ਅਰਥਾਂ ਦੇ ਸੰਚਾਰ ਨੂੰ ਜਾਨਣ ਦਾ ਹੀ ਯਤਨ ਕੀਤਾ ਗਿਆ ਹੈ। ਵੈਸੇ ਉਹ ਚੜ੍ਹਦੀ ਕਲਾ ਵਿਚ ਰਹਿਣ ਦਾ ਸੰਦੇਸ਼ ਦੇਣ ਵਾਲਾ ਹਾਂ-ਪੱਖੀ ਸੋਚ ਨਾਲ ਜੁੜਿਆ ਕਵੀ ਹੈ। 'ਖਰੀਂਡ' ਕਵਿਤਾ ਵਿਚ ਸਮਾਜਕ ਹਨੇਰ ਦੀ ਗੱਲ ਕਰਦਿਆਂ ਕਵਿਤਾ ਦੇ ਅੰਤ 'ਤੇ ਇਸ ਦਾ ਪ੍ਰਗਟਾਵਾ ਇੰਝ ਕੀਤਾ ਹੈ:

ਚੱਲ ਫਿਕਰ ਨਾ ਕਰ, ਇਹ ਖਰੀਂਡ ਹੈ
ਇਹ ਕਲ੍ਹ ਠੀਕ ਹੋ ਜਾਵੇਗਾ

ਭਾਵੇਂ ਇਹ ਮੰਨਿਆ ਜਾਂਦਾ ਹੈ ਕਿ ਕਵਿਤਾ ਦਾ ਜਨਮ ਦਿਮਾਗ਼ ਤੋਂ ਨਹੀਂ ਦਿਲ ਤੋਂ ਹੁੰਦਾ ਹੈ, ਤਦ ਵੀ ਅੱਜੋਕੀ ਕਵਿਤਾ ਨੂੰ ਬੌਧਿਕ ਵਿਸ਼ਲੇਸ਼ਨ ਤੋਂ ਮੁਕਤ ਕਰਕੇ ਨਹੀਂ ਵਿਚਾਰਿਆ ਜਾ ਸਕਦਾ। ਜਗਦੀਪ ਦੀ ਕਵਿਤਾ ਬੌਧਿਕ ਵਿਸ਼ਲੇਸ਼ਨ ਨਾਲ ਭਰੀ ਹੋਈ ਹੈ। ਪਿਆਰ ਕਵਿਤਾ ਉਸਨੇ ਬੜੀ ਘੱਟ ਲਿਖੀ ਹੈ, ਪਰ ਜੋ ਲਿਖੀ ਹੈ ਉਸਨੂੰ ਕਾਮੁਕਤਾ ਨਾਲ ਜੋੜ ਕੇ ਬੜੀ ਕਲਾਤਮਕਤਾ ਨਾਲ ਪੇਸ਼ ਕੀਤਾ ਹੈ। ਇਸ ਪ੍ਰਸੰਗ ਵਿਚ 'ਇਕ ਕਰਨ ਲਈ' ਕਵਿਤਾ ਦੀਆਂ ਪੰਕਤੀਆਂ ਧਿਆਨ ਖਿੱਚਦੀਆਂ ਹਨ:

ਕਣੀ ਕਣੀ, ਟਿੱਪ ਟਿੱਪ, ਬੂੰਦ ਬੂੰਦ
ਆ ਘੁੱਟ ਹੋ ਜਾਈਏ, ਜੱਫੀ ਵਿਚ
ਮੀਂਹ ਟੁੱਟ ਕੇ ਵਰਸ ਰਿਹਾ
ਆਪਾਂ ਨੂੰ ਇਕ ਕਰਨ ਲਈ

ਕਾਵਿ ਸੰਗ੍ਰਹਿ 'ਜਾਣ ਦੇ ਮੈਨੂੰ' ਦੀਆਂ ਨਿੱਕੀਆਂ ਕਵਿਤਾਵਾਂ ਵਿਚੋਂ ਇਕ ਸ਼ਾਇਰ ਵਜੋਂ ਜਗਦੀਪ ਵਿਚ ਆਉਣ ਵਾਲੀ ਵਿਰਾਟਤਾ ਦੇ ਝਲਕਾਰੇ ਦੀ ਕਲਪਨਾ ਕੀਤੀ ਜਾ ਸਕਦੀ ਹੈ। ਛੋਟੀਆਂ ਕਵਿਤਾਵਾਂ ਤਾਂ ਉਹ ਲਿਖਦਾ ਹੀ ਹੈ, ਜੀਅ ਸਦਕੇ ਲਿਖਦਾ ਰਹੇ। ਪਰ ਉਸਨੂੰ ਲੰਮੀ ਕਵਿਤਾ ਵੱਲ ਵੀ ਮੁੜਨਾ ਚਾਹੀਦਾ ਹੈ। ਕਿਉਂਕਿ ਉਸ ਰਾਹੀਂ ਹੀ ਕਵੀ ਦੀ ਚਿਰਜੀਵੀ ਕਾਵਿ ਸਮਰੱਥਾ ਦਾ ਪ੍ਰਮਾਣ ਲੱਭ ਸਕਦਾ ਹੈ। ❑❑

– ਮਨਦੀਪ ਸਿੰਘ

ਪ੍ਰਾਪਤ ਪੁਸਤਕਾਂ

ਆਪਣਾ (ਨਾਵਲ) ਹਰਜੀਤ ਅਟਵਾਲ
ਪੰਨੇ 479, ਮੁੱਲ 450 ਰੁਪਏ, ਸੰਗਮ ਪਬਲੀਕੇਸ਼ਨਜ਼, ਪਟਿਆਲਾ

ਤੈਂ ਕੀ ਦਰਦ ਨਾ ਆਇਆ (ਨਾਵਲ) ਮੁਖਤਿਆਰ ਸਿੰਘਂ
ਪੰਨੇ 310, ਮੁੱਲ 350 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਇਹ ਕਿਹੇ ਸੁਪਨੇ (ਨਾਵਲ) ਡਾ. ਅਮਰਜੀਤ ਸਿੰਘ
ਪੰਨੇ 126, ਮੁੱਲ 225 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ

ਇਕ ਤੱਤੇ ਇਕ ਬੋਲਣ ਮਿੱਠੇ (ਨਾਵਲ) ਡਾ. ਅਮਰਜੀਤ ਸਿੰਘ
ਪੰਨੇ 160, ਮੁੱਲ 325 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ

ਕੁਆਰ ਝਾਤ (ਨਾਵਲ) ਧਰਮ ਪਾਲ ਸਾਹਿਲ
ਪੰਨੇ 232, ਮੁੱਲ 200 ਰੁਪਏ, 5ਆਬ ਪ੍ਰਕਾਸ਼ਨ, ਜਲੰਧਰ

ਗਵਾਹ ਦੇ ਫਨਾਹ ਹੋਣ ਤੋਂ ਪਹਿਲਾਂ (ਨਾਵਲ) ਅਮਨਦੀਪ ਸੰਧੂ, ਪੰਜਾਬੀ ਰੂਪ: ਦਲਜੀਤ ਅਮੀ
ਪੰਨੇ 196, ਮੁੱਲ 200 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਪਾਣੀ ਨੂੰ ਲੱਗੀ ਅੱਗ ਵੇ (ਕਹਾਣੀਆਂ) ਰਤਨ ਸਿੰਘ
ਪੰਨੇ 160, ਮੁੱਲ 300 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ

ਚੋਣਵੀਆਂ ਅਫਰੀਕੀ ਕਹਾਣੀਆਂ ਅਨੁਵਾਦਕ ਤੇ ਸੰਪਾਦਕ: ਬਲਬੀਰ ਮਾਧੋਪੁਰੀ
ਪੰਨੇ 159, ਮੁੱਲ 250 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ

ਰੇਤ 'ਚ ਨਹਾਉਂਦੀਆਂ ਚਿੜੀਆਂ (ਕਹਾਣੀਆਂ) ਨਛੱਤਰ
ਪੰਨੇ 160, ਮੁੱਲ 300 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ

ਕਿੰਨਰਾਂ ਦਾ ਵੀ ਦਿਲ ਹੁੰਦਾ ਹੈ (ਕਹਾਣੀਆਂ) ਸੰਪਾਦਕ: ਜਸਵੀਰ ਰਾਣਾ
ਪੰਨੇ 172, ਮੁੱਲ 225 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਕੁਰਸੀਆਂ ਤੇ ਆਮ ਆਦਮੀ (ਕਹਾਣੀਆਂ) ਸੁਖਮਿੰਦਰ ਸਿੰਘ ਸੇਖੋਂ
ਪੰਨੇ 104, ਮੁੱਲ 150 ਰੁਪਏ, ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ

ਬੇਗ਼ਮ ਫਾਤਮਾ (ਕਹਾਣੀਆਂ) ਭੂਰਾ ਸਿੰਘ ਕਲੇਰ
ਪੰਨੇ 95, ਮੁੱਲ 100 ਰੁਪਏ, ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਬਠਿੰਡਾ

ਤਿਹਾਇਆ ਰੁੱਖ (ਕਹਾਣੀਆਂ) ਭੂਰਾ ਸਿੰਘ ਕਲੇਰ
ਪੰਨੇ 104, ਮੁੱਲ 120 ਰੁਪਏ, ਲੋਕਰੰਗ ਪ੍ਰਕਾਸ਼ਨ, ਮਾਡਲ ਟਾਊਨ, ਬਰਨਾਲਾ

ਕਦਮ-ਦਰ-ਕਦਮ (ਮਿੰਨੀ ਕਹਾਣੀਆਂ) ਸੁਰਿੰਦਰ ਕੈਲ਼ੇ
ਪੰਨੇ 120, ਮੁੱਲ 100 ਰੁਪਏ, ਅਣੂੰ ਮੰਚ, ਲੁਧਿਆਣਾ

ਦੋਵੇਂ ਜਹਾਨ (ਕਾਵਿ ਸੰਗ੍ਰਹਿ) ਪ੍ਰਭਜੋਤ ਕੌਰ
ਪੰਨੇ 257, ਮੁੱਲ 400 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ

ਜੀਵਨ ਜੀਵਨ (ਦੋ ਲੰਮੀਆਂ ਕਵਿਤਾਵਾਂ) ਰਤਨ ਸਿੰਘ
ਪੰਨੇ 129, ਮੁੱਲ 200 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ

ਪਿੰਡ ਬ੍ਰਹਿਮੰਡ (ਸਮੁੱਚੀ ਕਵਿਤਾ-ਸੈਂਚੀ ਪਹਿਲੀ) ਰਵਿੰਦਰ ਰਵੀ
ਪੰਨੇ 367, ਮੁੱਲ 495 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ

ਨਿਹੋਂਦ ਦਾ ਗੀਤ (ਕਾਵਿ ਸੰਗ੍ਰਹਿ) ਰਵਿੰਦਰ ਰਵੀ
ਪੰਨੇ 152, ਮੁੱਲ 295 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ

ਤੇਰੇ ਬਗ਼ੈਰ (ਕਾਵਿ ਸੰਗ੍ਰਹ) ਦੇਵਿੰਦਰ ਕੌਰ
ਪੰਨੇ 111, ਮੁੱਲ 200 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ, ਦਿੱਲੀ

ਗੁਲਨਾਰ (ਗ਼ਜ਼ਲਾਂ) ਗੁਰਭਜਨ ਗਿੱਲ
ਪੰਨੇ 148, ਮੁੱਲ 150 ਰੁਪਏ, ਸੰਗਮ ਪਬਲੀਕੇਸ਼ਨਜ਼, ਪਟਿਆਲਾ

ਆਮ ਆਦਮੀ ਦਾ ਇਨਕਲਾਬ (ਕਾਵਿ ਸੰਗ੍ਰਹਿ) ਸੁਖਿੰਦਰ
ਪੰਨੇ 168, ਮੁੱਲ 250 ਰੁਪਏ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ

ਸ਼ੀਸ਼ਾ (ਕਾਵਿ ਸੰਗ੍ਰਹਿ) ਜਸਵਿੰਦਰ ਮਾਨ
ਪੰਨੇ 119 ਮੁੱਲ 150 ਰੁਪਏ, ਸੰਗਮ ਪਬਲੀਕੇਸ਼ਨਜ਼, ਪਟਿਆਲਾ

ਲਕੀਰਾਂ (ਕਾਵਿ ਸੰਗ੍ਰਹਿ) ਸੰਧੂ ਵਰਿਆਣਵੀ
ਪੰਨੇ 96, ਮੁੱਲ 100 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਜਾਣ ਦੇ ਮੈਨੂੰ (ਕਾਵਿ ਸੰਗ੍ਰਹਿ) ਜਗਦੀਪ ਸਿੱਧੂ
ਪੰਨੇ 80, ਮੁੱਲ 120 ਰੁਪਏ, ਅਦਬੀ ਪਰਵਾਜ਼ ਪ੍ਰਕਾਸ਼ਨ, ਮਾਨਸਾ

ਅੱਖਰ ਅੱਖਰ ਅਹਿਸਾਸ (ਫੇਸਬੁੱਕ ਦੇ ਕਵੀਆਂ ਦੀ ਕਵਿਤਾ) ਸੰਪਾਦਕ: ਅਮਰਜੀਤ ਕੌਂਕੇ
ਪੰਨੇ 111, ਮੁੱਲ 200 ਰੁਪਏ, ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ

ਸ਼ਬਦ ਸ਼ਬਦ ਪਰਵਾਜ਼ (ਫੇਸਬੁੱਕ ਦੇ ਕਵੀਆਂ ਦੀ ਕਵਿਤਾ) ਸੰਪਾਦਕ: ਅਮਰਜੀਤ ਕੌਂਕੇ
ਪੰਨੇ 111, ਮੁੱਲ 200 ਰੁਪਏ, ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ

ਮੁੱਠੀ 'ਚੋਂ ਕਿਰਦੀ ਰੇਤ (ਕਾਵਿ ਸੰਗ੍ਰਹਿ) ਸੁਰਿੰਦਰ ਢਿੱਲੋਂ
ਪੰਨੇ 160, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਤੀਜਾ ਘੱਲੂਘਾਰਾ ਅਤੇ ਕਾਲੇ ਦਿਨ (ਲਹੂ ਭਿੱਜੀ ਪੱਤਰਕਾਰੀ) ਹਰਬੀਰ ਸਿੰਘ ਭੰਵਰ
ਪੰਨੇ 207, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

ਕਾਲੇ ਦਿਨ: 1984 ਤੋਂ ਬਾਅਦ ਸਿੱਖ (ਵਾਰਤਕ) ਹਰਬੀਰ ਸਿੰਘ ਭੰਵਰ
ਪੰਨੇ 192, ਮੁੱਲ 225 ਰੁਪਏ, ਲਾਹਰ ਬੁਕਸ, ਲੁਧਿਆਣਾ

ਪੰਜਾਬੀ ਨਾਟਕ ਦੀ ਨਕੜਦਾਦੀ ਨੋਰਾ ਰਿਚਰਡ (ਵਾਰਤਕ) ਸੰਪਾਦਕ: ਹਰਬੀਰ ਸਿੰਘ ਭੰਵਰ
ਪੰਨੇ 150, ਮੁੱਲ 200 ਰੁਪਏ, ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ

ਮੇਰਾ ਪਾਕਿਸਤਾਨੀ ਸਫਰਨਾਮਾ ਸੁਖਿੰਦਰ
ਪੰਨੇ 103, ਮੁੱਲ 150 ਰੁਪਏ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ

ਲਕੀਰਾਂ ਦੇ ਆਰ ਪਾਰ (ਪਾਠ ਤੇ ਪ੍ਰਸੰਗ) ਸੰਪਾਦਕ: ਜੇ.ਬੀ.ਸੇਖੋਂ
ਪੰਨੇ 148, ਮੁੱਲ 160 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

ਪੰਜਾਬੀ ਨਾਵਲ ਤੇ ਦੁਆਬੀ ਸਭਿਆਚਾਰ (ਆਲੋਚਨਾ) ਡਾ. ਹਰਵਿੰਦਰ ਕੌਰ ਢਿੱਲੋਂ
ਪੰਨੇ 220, ਮੁੱਲ 395 ਰੁਪਏ, ਲੋਕਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ ❑❑

ਪੱਤਰ

ਕੁਲਵੰਤ ਸਿੰਘ ਵਿਰਕ ਨੂੰ ਚੇਤੇ ਕਰਦਿਆਂ ਜੋ ਤੁਸਾਂ ਪੰਜ ਵੱਖੋ ਵੱਖਰੀਆਂ ਨਮੂਨੇ ਦੀਆਂ ਰਚਨਾਵਾਂ ਸ਼ਾਮਲ ਕੀਤੀਆਂ ਹਨ, ਉਹ ਸਿਰਜਣਾ-176 ਦਾ ਹਾਸਲ ਹਨ। ਗੁਲਜ਼ਾਰ ਸਿੰਘ ਸੰਧੂ ਹੋਰਾਂ ਉਸ ਮਹਾਨ ਹਸਤੀ ਨਾਲ ਆਪਣੀ ਜਾਣ ਪਛਾਣ ਦੇ ਮੁੱਢਲੇ ਦੌਰ ਵਿਚ, ਸਟੇਜ ਉੱਤੇ ਬੈਠੇ ਏਸ ਉੱਚ ਦੁਮਾਲੜੇ ਕਹਾਣੀਕਾਰ ਦੇ ਸੰਕੋਚੀ ਸੁਭਾਅ ਦੀ ਜ਼ਰਾ ਜਿੰਨੀ ਝਲਕ ਦਿਖਾਉਂਦਿਆਂ, ਉਸ ਦੇ ਮੂੰਹੋਂ ਸਿਰਫ ਦੋ ਵਾਕ ਸੁਣਾਉਂਦਿਆਂ, ਬੜਾ ਕੁਝ ਸੁਝਾਅ ਦਿੱਤਾ ਹੈ। ਇਸ ਤੋਂ ਅੱਗੇ ਇਹ ਦਿਲਚਸਪ ਆਰਟੀਕਲ ਨਾਟਕੀ ਰੂਪ ਵਿਚ ਕੁਲਵੰਤ ਸਿੰਘ ਵਿਰਕ ਦੇ ਸਹਿਜਮਈ ਜੀਵਨ ਢੰਗ, ਸੂਖਮ ਦ੍ਰਿਸ਼ਟੀ, ਨਿੱਜੀ ਬੇਪਰਵਾਹੀਆਂ, ਵਿਲੱਖਣ ਕਹਾਣੀ ਕਲਾ ਅਤੇ ਦੁੱਖਦਾਈ ਅੰਤ ਬਾਰੇ ਵੱਖੋ ਵੱਖਰੀਆਂ ਤਸਵੀਰਾਂ ਦੀ ਰੀਲ ਇਕ ਇਕ ਕਰਕੇ ਸਾਡੇ ਸਾਹਮਣੇ ਖੋਹਲਦਾ, ਗੁਲਜ਼ਾਰ ਸਿੰਘ ਸੰਧੂ ਦੇ ਉਸ ਜਿਗਰੀ ਯਾਰ,'ਪੰਜਾਬੀ ਕਹਾਣੀ ਦੇ ਚੈਖਵ', 'ਪੰਜਾਬੀ ਸਾਹਿਤ ਦੇ ਉਸਰੱਈਏ' ਅਤੇ ਸਾਡੇ ਮਹਾਨ ਕਹਾਣੀਕਾਰ ਦੀ ਇਕ ਸੰਪੂਰਨ ਸ਼ਖ਼ਸੀਅਤ ਸਿਰਜ ਕੇ ਰੱਖ ਦਿੰਦਾ ਹੈ। ਆਪਣੇ ਨੇੜਿਉਂ ਤੱਕੇ ਸੱਜਣ ਦਾ ਅਜਿਹਾ ਭਾਵਪੂਰਤ ਤੇ ਰੌਚਕ ਸ਼ਬਦ-ਚਿੱਤਰ ਸੰਧੂ ਸਾਹਿਬ ਹੀ ਚਿਤਰ ਸਕਦੇ ਸਨ। ਇਸ ਅੰਕ ਵਿਚ ਸ਼ਾਮਲ ਵਿਰਕ ਦੀਆਂ ਇਹ ਰਚਨਾਵਾਂ ਹਰ ਪੱਖ ਤੋਂ ਹੁਣ ਵੀ ਨਵੀਆਂ ਨਕੋਰ ਹਨ। ਮਿਸਾਲ ਵਜੋਂ ਅੱਜੋਕੇ ਇਨਸਾਨ ਦੀ ਲੋਕਾਂ ਦੀ ਭੀੜ ਵਿਚ ਇਕੱਲਤਾ ਬਾਰੇ ਉਸਦਾ ਸੱਠਵਿਆਂ ਵਿਚ ਲਿਖਿਆ ਖ਼ੂਬਸੂਰਤ ਨਿਬੰਧ 'ਓਭੜ ਲੋਕ' ਅੱਜ ਵੀ ਸਾਰਥਕ ਹੈ। ਏਹੀ ਕੁਝ ਕਹਾਣੀ 'ਘੁੰਡ', 'ਮੁੱਢੋਂ ਸੁੱਢੋਂ' ਅਤੇ ਮੱਝੀਆਂ ਸੰਬੰਧੀ ਨਿਬੰਧ ਬਾਰੇ ਕਿਹਾ ਜਾ ਸਕਦਾ ਹੈ। 'ਉਹ ਸਾਡੀ ਜ਼ੁਬਾਨ ਦਾ ਸ੍ਰੇਸ਼ਟ ਕਹਾਣੀਕਾਰ ਸੀ..ਪੰਜਾਬੀ ਸਾਹਿਤ ਸੰਸਾਰ ਦਾ ਚਮਕਦਾ ਸਿਤਾਰਾ!.'..ਤੁਸਾਂ ਸਹੀ ਫਰਮਾਇਆ ਹੈ। ਅੱਜੋਕੀ ਪੰਜਾਬੀ ਕਹਾਣੀ ਉਸ ਕੋਲੋਂ ਅੱਜ ਵੀ ਬੜਾ ਕੁਝ ਸਿੱਖ ਸਕਦੀ ਹੈ। ਗੁਰਦੇਵ ਚੌਹਾਨ ਵੱਲੋਂ ਲਿਖਿਆ ਲਾਲੀ-ਸਿਮਰਤੀ ਨਿਬੰਧ ਕੁਝ ਇਸੇ ਰੰਗ ਵਿਚ ਰੰਗਿਆ, ਪਟਿਆਲੇ ਦੀ ਵਿਦਵਾਨ ਹਸਤੀ ਬਾਬਾ ਲਾਲੀ ਬਾਰੇ ਦਿਲਚਸਪ ਜਾਣਕਾਰੀ ਦਿੰਦਾ ਹੈ। ਦਰਸ਼ਨ ਸਿੰਘ ਦੀ ਰਚਨਾ 'ਐਵੇਂ ਜਿਹੀ ਗੱਲ' ਕਮਾਲ ਦੀ ਕਹਾਣੀ ਹੈ ਜਿਸ ਵਿਚ ਨਿੱਕੀਆਂ ਨਿੱਕੀਆਂ ਰੋਮਾਂਟਿਕ ਘਟਨਾਵਾਂ ਸੁਣਾਉਂਦਾ, ਸਾਡਾ ਇਹ ਸਮਰੱਥ ਗਲਪਕਾਰ, ਸਹਿਜ ਸੁਭਾਅ ਉਹਨਾਂ ਘਟਨਾਵਾਂ ਨੂੰ ਵਿਸ਼ੇ ਅਤੇ ਸਥਾਨ ਦੀ ਏਕਤਾ ਵਿਚ ਪਰੋਂਦਾ, ਨਵੀਨ ਸ਼ੈਲੀ ਵਾਲੀ ਇਕ ਅਤਿ ਰੌਚਕ ਕਹਾਣੀ ਗੁੰਦ ਲੈਂਦਾ ਹੈ ਜਿਹੜੀ ਮੈਨੂੰ ਮਾਰਕਵੇਜ਼ ਗੈਬਰੀਅਲ ਗਾਰਸ਼ੀਆ ਦੇ ਇਕ ਛੋਟੇ ਜਿਹੇ ਰੋਮਾਂਟਿਕ ਨਾਵਲ ਦੀ ਯਾਦ ਤਾਜ਼ਾ ਕਰਵਾ ਦਿੰਦੀ ਹੈ ਜਿਸਦਾ ਨੱਬੇ ਸਾਲਾ ਮੁੱਖ ਪਾਤਰ ਸਿਰਫ ਇਕ ਰਾਤ ਲਈ ਕਿਸੇ ਕਾਲ ਸੈਂਟਰ ਵਿਖੇ ਉਚੇਚ ਨਾਲ ਜਾਂਦਾ ਹੈ। ਉੱਥੇ ਇਕ ਭਰ ਜੋਬਨ ਮੁਟਿਆਰ ਦੇ ਅਲਫ਼ ਨਗਨ ਸਰੀਰ ਨੂੰ ਨਿਹਾਰਦਿਆਂ ਸਾਰੀ ਰਾਤ ਗੁਜ਼ਾਰਦਾ, ਸੰਤੁਸ਼ਟ ਹੋਇਆ ਮਹਿਸੂਸ ਕਰਦਾ ਹੈ ਅਤੇ ਨਾਲ ਹੀ ਨਾਵਲ ਮੁੱਕ ਜਾਂਦਾ ਹੈ। ਦਰਸ਼ਨ ਸਿੰਘ ਹੋਰਾਂ ਨੂੰ ਦੂਹਰੀ ਤੀਹਰੀ ਮੁਬਾਰਕਬਾਦ।❑❑

-ਰੁਪਿੰਦਰ ਬਿਲਿੰਗ, ਐਡਮੰਟਨ, ਕਨੇਡਾ

ਸਿਰਜਣਾ-176 ਵਿਚ 'ਰਾਜਸੱਤਾ ਤੇ ਸੰਪਰਦਾਇਕਤਾ ਦੀ ਚੁਣੌਤੀ' ਵਰਗੀ ਬੇਬਾਕ ਸੰਪਾਦਕੀ ਲਿਖ ਕੇ ਤੁਸੀਂ ਇਕ ਮਾਣਯੋਗ ਕਾਰਜ ਕੀਤਾ ਹੈ। "ਮਜ਼ਹਬ ਇਕ ਅਜਿਹੀ ਸੰਸਥਾ ਹੈ ਜੋ ਲੋਕਾਂ ਨੂੰ ਭੁਲਾਂਦਰੇ ਵਿਚ ਤਾਂ ਪਾ ਸਕਦੀ ਹੈ ਪਰ ਕਲਿਆਨਕਾਰੀ ਬਿਲਕੁਲ ਨਹੀਂ ਹੋ ਸਕਦੀ। ਇਸ ਲਈ ਲੋਕਾਈ ਦਾ ਕਲਿਆਣ ਮਜ਼ਹਬੀ ਤੰਤਰ ਤੋਂ ਅੰਤਮ ਤੌਰ 'ਤੇ ਮੁਕਤ ਹੋਣ ਵਿਚ ਹੈ"ਭਾਵੇਂ ਤੁਹਾਡੇ ਵਿਚਾਰ ਤੇ ਤੁਹਾਡੀ ਸਮੁੱਚੀ ਪਹੁੰਚ (position) ਬਾਰੇ ਕਦੇ ਵੀ ਕਿਸੇ ਨੂੰ ਕੋਈ ਸ਼ੱਕ ਨਹੀਂ ਰਿਹਾ, ਪਰ ਇਹਨਾਂ ਸ਼ਬਦਾਂ ਵਿਚ, ਸਮੇਂ ਸਿਰ ਸਾਹਿਤਕ ਪਾਠਕਾਂ ਨੂੰ ਚੇਤੰਨ ਕਰਨਾ ਇਸ ਵੇਲ਼ੇ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ, ਜਿਸਨੂੰ

ਤੁਸੀਂ ਨਿਭਾਅ ਰਹੇ ਹੋ। ਕੁਲਵੰਤ ਸਿੰਘ ਵਿਰਕ ਬਾਰੇ ਗੁਲਜ਼ਾਰ ਸਿੰਘ ਸੰਧੂ ਦਾ ਨਿਬੰਧ ਵੀ ਇਕ ਨਿਵੇਕਲੀ ਰਚਨਾ ਹੈ। ਵਿਰਕ ਦੀ ਸ਼ਖ਼ਸੀਅਤ ਅਤੇ ਸੰਧੂ ਸਾਹਿਬ ਦੀ ਕਲਾ ਦੀਆਂ ਅਛੋਹੀਆਂ ਪਰਤਾਂ ਇਸ ਨਿਬੰਧ ਰਾਹੀਂ ਹੋਰ ਬਰੀਕੀ ਨਤਲ ਉਭਰੀਆਂ ਹਹਨ।

- ਲਖਵਿੰਦਰ ਜੌਹਲ, ਜਲੰਧਰ

ਸਿਰਜਣਾ-176 ਅੰਕ ਦੀ ਸੰਪਾਦਕੀ ਵਿਚਲੇ ਦ੍ਰਿੜ ਤਾਰਕਿਕ ਵਿਚਾਰ ਮਨ-ਮਸਤਕ ਨੂੰ ਰੌਸ਼ਨ ਕਰਦੇ ਹਨ। ਅੱਜੋਕੀ ਰਾਜ-ਸੱਤਾ ਰਾਹੀਂ ਫੈਲਾਈ ਜਾ ਰਹੀ ਸੰਪਰਦਾਇਕਤਾ ਤੇ ਧਾਰਮਿਕ ਸੰਕੀਰਣਤਾ ਸਮਾਜ ਨੂੰ ਸੌੜੀ ਮਾਨਸਿਕਤਾ ਦੇ ਮੱਕੜ ਜਾਲ ਵਿਚ ਫ਼ਸਾ ਕੇ ਆਪਣਾ ਉੱਲੂ ਸਿੱਧਾ ਕਰ ਰਹੀ ਹੈ। ਇਹ ਵਾਕਿਆ ਹੀ ਸਮਾਜ ਦੇ ਬੁੱਧੀਜੀਵੀ ਤੇ ਅਗਾਂਹਵਧੂ ਵਿਚਾਰਾਂ ਵਾਲੇ ਲੋਕਾਂ ਲਈ ਫ਼ਿਕਰ ਕਰਨ ਵਾਲੀ ਗੱਲ ਹੈ। ਇਸ ਅੰਕ ਵਿਚ ਜਸਵੰਤ ਜ਼ਫ਼ਰ ਦੀਆਂ ਛੇ ਕਵਿਤਾਵਾਂ ਸਾਦਗੀ, ਸਰਲਤਾ ਤੇ ਕੋਮਲਤਾ ਰਾਹੀਂ ਪਿਆਰ ਦੇ ਡੂੰਘੇ ਅਰਥਾਂ ਨੂੰ ਸਾਕਾਰ ਕਰਨ ਵਾਲੀਆਂ ਹਨ। ਅਜੀਤ ਪਿਆਸਾ ਦੀ ਕਵਿਤਾ ਵਿਚੋਂ ਗੂੜ੍ਹੇ ਕਾਵਿਕ ਰੰਗ ਡੁੱਲ੍ਹ ਡੁੱਲ੍ਹ ਪੈਂਦੇ ਹਨ। ਦਰਸ਼ਨ ਸਿੰਘ ਨੇ ਕਹਾਣੀ ਵਿਚ ਭਾਵੇਂ ਕਹਿਣ ਨੂੰ ਐਵੇਂ ਜਿਹੀ ਗੱਲ ਕੀਤੀ ਹੈ ਪਰ ਇਸ ਨੂੰ ਐਵੇਂ ਜਿਹੀ ਸਮਝ ਕੇ ਅਣਗੌਲਿਆ ਨਹੀਂ ਜਾ ਸਕਦਾ। ਇਹ ਕਹਾਣੀ ਸਿਰਫ ਮਰਦ ਸੁਭਾਅ ਦੀ ਗੱਲ ਤੋਂ ਅਗਾਂਹ ਉਲਾਰ ਤੇ ਕਾਮੁਕ ਸੁਭਾਅ ਵਾਲੇ ਮਰਦ ਦੀ ਗੱਲ ਵੀ ਕਰਦੀ ਹੈ, ਜੋ ਔਰਤ ਨੂੰ ਜਿਸਮ ਤੋਂ ਪਾਰ ਜਾ ਕੇ ਦੇਖ ਹੀ ਨਹੀਂ ਸਕਦਾ। ਕੁਲਵੰਤ ਸਿੰਘ ਵਿਰਕ ਨੂੰ ਚੇਤੇ ਕਰਦਿਆਂ ਤੇ ਕਰਾਉਂਦਿਆਂ ਪੰਜਾਬੀ ਕਹਾਣੀ ਦੀ ਵਿਰਾਸਤ ਨੂੰ ਫਰੋਲਣ ਦਾ ਸ਼ਲਾਘਾਯੋਗ ਤੇ ਉੱਦਮ ਭਰਿਆ ਕੰਮ ਕੀਤਾ ਹੈ। ਨਿਰਸੰਦੇਹ 'ਸਿਰਜਣਾ' ਨਵੇਂ ਪੁਰਾਣੇ ਲੇਖਕਾਂ ਨੂੰ ਇਕੋ ਜਿਹਾ ਸਨੇਹ ਦੇਣ ਵਾਲਾ ਤੇ ਸਾਰਥਕ ਸੋਚ ਨੂੰ ਪ੍ਰਣਾਇਆ ਹੋਇਆ ਪਰਚਾ ਹੈ।❑❑

-ਸਰਬਜੀਤ, ਪਟਿਆਲਾ

ਸਿਰਜਣਾ-176 ਦਾ ਐਡੀਟੋਰੀਅਲ ਧਿਆਨ ਦੇਣ ਯੋਗ ਹੈ। ਧਾਰਮਿਕ ਫਾਸ਼ੀਵਾਦ ਵਿਰੁੱਧ ਜ਼ੋਰਦਾਰ ਲਹਿਰ ਦੀ ਲੋੜ ਹੈ। 'ਸਿਰਜਣਾ' ਦੇ ਪਾਠਕ ਤਾਂ ਸਾਰੇ ਹੀ ਸੰਪਾਦਕੀ ਨਾਲ ਸਹਿਮਤ ਹੋਣਗੇ। ਜ਼ਰੂਰਤ ਬਾਕੀ ਮਾਧਿਅਮ ਵਿਚ ਸੁਨੇਹਾ ਪੁਚਾਉਣ ਦੀ ਹੈ।❑❑

-ਦਰਸ਼ਨ ਸਿੰਘ ਸਾਹਰੀ, ਲੈਥਬਰਿੱਜ,ਅਲਬਰਟਾ, ਕਨੇਡਾ

ਸੰਪਾਦਕੀ 'ਰਾਜ-ਸੱਤਾ ਤੇ ਸੰਪਰਦਾਇਕਤਾ ਦੀ ਚੁਣੌਤੀ' ਵਿਚ ਸਮੇਂ ਦੀ ਨਬਜ਼ ਉਪਰ ਉਂਗਲ਼ ਰੱਖ ਕੇ ਜੋ ਆਵਾਜ਼ ਬੁਲੰਦ ਕੀਤੀ ਗਈ ਹੈ, ਉਸ ਲਈ ਪਾਠਕ ਵਰਗ ਸੰਪਾਦਕ 'ਸਿਰਜਣਾ' ਦਾ ਮਸ਼ਕੂਰ ਹੈ। ਐਪਰ ਇਸ ਅੰਕ ਵਿਚਲੀਆਂ ਕਹਾਣੀਆਂ ਨੇ, ਪਤਾ ਨਹੀਂ ਕਿਉਂ, ਮੇਰੀ ਤਸੱਲੀ ਨਹੀਂ ਕਰਵਾਈ। ਦਰਸ਼ਨ ਸਿੰਘ ਦਾ ਵੀ ਜਿੱਡਾ ਵੱਡਾ ਕੱਦ-ਬੁੱਤ ਹੈ, ਉਸਦੀ ਕਹਾਣੀ ਕਲਾਮਈ ਰਚਨਾ ਹੋ ਕੇ ਵੀ ਵੱਥ ਦੇ ਪੱਖੋਂ ਧੂਹ ਨਹੀਂ ਪਾ ਸਕੀ। ਕੁਲਵੰਤ ਸਿੰਘ ਵਿਰਕ ਗੁਲਜ਼ਾਰ ਸਿੰਘ ਸੰਧੂ ਹਰਾਂ ਦਾ ਨਿਬੰਧ ਪਰਚੇ ਦੀ ਜਿੰਦ-ਜਾਨ ਹੋ ਨਿਬੜਿਆ।'ਕੁਵੰਤ ਸਿੰਘ ਵਿਰਕ ਨੂੰ ਚੇਤੇ ਕਰਦਿਆਂ' ਇਕ ਤਰ੍ਹਾਂ ਦੀ ਦੂਜੀ ਸੰਪਾਦਕੀ ਵੀ ਹਿਲੂਣਦੀ ਹੈ। ਇਹ ਚੰਗਾ ਕੀਤਾ ਜੋ ਵਿਰਕ ਹੁਰਾਂ ਦੀਆਂ ਕਹਾਣੀਆਂ ਦੁਬਾਰਾ ਪੜ੍ਹਨ ਦਾ ਮੌਕਾ ਮਿਲ ਗਿਆ। ਇਹ ਮੇਰੇ ਲਈ ਨਵੀਂ ਗੱਲ ਸੀ ਜੋ ਵਿਰਕ ਹੁਰਾਂ ਨੇ ਉੱਚ ਪਾਏ ਦੀ ਵਾਰਤਕ ਰਚਨਾ ਵੀ ਕੀਤੀ। 'ਮੱਝੀਆਂ,ਪਰੰਪਰਾ ਤੇ ਇਸ਼ਕ' ਬਹੁਤ ਸੋਹਣਾ ਨਿਬੰਧ ਹੈ।❑❑

-ਅਤਰਜੀਤ, ਬਠਿੰਡਾ

'ਸਿਰਜਣਾ' ਦਾ ਬਹੁਤ ਪੁਰਾਣਾ ਪਾਠਕ ਹਾਂ, ਅੰਕ 43-44 ਤੋਂ। ਪਰ ਕਦੇ ਆਪਣਾ ਪ੍ਰਤੀਕਰਮ ਲਿਖਕੇ ਨਹੀਂ ਭੇਜਿਆ। ਕਹਾਣੀ ਦੀ ਵਿਧਾ ਨਾਲ ਅੰਤਾਂ ਦਾ ਮੋਹ ਹੈ। ਸੱਜਰੇ ਅੰਕ ਵਿਚ ਛਪੀ ਲਾਲ ਸਿੰਘ ਦੀ ਕਹਾਣੀ ਮੇਰੇ ਲਿਖਣ ਦੀ ਵਾਇਸ ਹੈ। ਲਾਲ ਸਿੰਘ ਨੇ ਜਿਸ ਅੰਦਾਜ਼ ਨਾਲ ਆਪਣੀ ਆਪਣੀ ਮਾਂ ਦਾ ਮੁਹਾਂਦਰਾ ਗ਼ਦਰੀ ਗੁਲਾਬ ਕੌਰ ਨਾਲ ਚਿਤਵਿਆ-ਚਿਤਰਿਆ ਹੈ, ਬਹੁਤ ਹੀ ਕਮਾਲ ਹੈ। ਮਾਸਟਰ ਤੀਰਥ ਰਾਮ ਦੇ ਕਿਰਦਾਰਰ

ਨੂੰ ਮੈਂ ਨਿੱਜੀ ਰੂਪ ਵਿਚ ਜਾਣਦਾ ਹਾਂ ਪਰ ਉਨ੍ਹਾਂ ਦੀਆਂ ਖ਼ੂਬੀਆਂ ਸੁਤੰਤਰਤਾ ਸੈਨਾਨੀਆਂ ਨਾਲ ਮੇਲਣ ਦੀ ਤਾਂ ਲਾਲ ਸਿੰਘ ਨੇ ਹੱਦ ਹੀ ਮੁਕਾ ਦਿੱਤੀ। ਜ਼ੋਰਾ ਸਿੰਘ ਸੰਧੂ ਦਾ 'ਟੂੱਕ' ਉਂਝ ਤਾਂ ਮਿੱਸਾ ਹੈ ਪਰ ਕਿਤੇ ਸੀਰੀ ਦਾ ਕਿਰਦਾਰ ਮੁੱਢੋਂ ਹੀ ਨਾਲ ਨਿਭਾਉਂਦਾ ਤਾਂ ਮੱਖਣ ਹੀ ਲੱਗ ਜਾਂਦਾ। ਜਿੰਦਰ ਦੀ 'ਜੂਠੀ' ਦੋ ਤਿੰਨ ਵਾਰ ਪੜ੍ਹੀ ਪਰ ਡੱਡੂ, ਨਾਰਦ, ਕ੍ਰਿਸ਼ਨ, ਟੇਪ ਰਿਕਾਰਡਰ ਤੇ ਹੋਰ ਬਹੁਤ ਕੁਝ ਬੇਲੋੜਾ ਲੱਗਾ। ਮੁਸਤਾਕ ਦੀ 'ਖਚਰੀ' ਖ਼ੂਬ ਜਚੀ। ਉਹ ਸਮਰੱਥ ਲੇਖਕ ਹੈ, ਨਿੰਦਿਆ ਨਹੀਂ ਜਾ ਸਕਦਾ। ਜਗਜੀਤ ਗਿੱਲ, ਧਰਮ ਕੰਮੇਆਣਾ ਦੀਆਂ ਮਿਆਰੀ ਕਵਿਤਾਵਾਂ ਮਾਂ ਦੇ ਕਿਰਦਾਰ ਨੂੰ ਉਭਾਰਨ 'ਚ ਸੁਚੇਤ ਹਨ। ਬਲਬੀਰ ਪਰਵਾਨਾ ਬਾਰੇ ਮੈਂ ਕੁਝ ਨਹੀਂ ਕਹਿਣਾ, ਮੇਰਾ ਆਪਣਾ ਹੈ। ਆਪਣੀ ਸਿਫਤ ਆਪ ਨਹੀਂ ਕਰ ਸਕਦਾ। 'ਸਿਰਜਣਾ' ਵਿਚਲੇ ਲੇਖ ਤਾਂ ਹਮੇਸ਼ਾ ਹੀ ਉੱਚ ਪਾਏ ਦੇ ਤੇ ਪੜ੍ਹਨਯੋਗ ਹੁੰਦੇ ਹਨ। ❑❑ **-ਪੰਮੀ ਦਿਵੇਦੀ, ਟਾਂਡਾ**

ਸਿਰਜਣਾ-177 ਦੀਆਂ ਕਹਾਣੀਆਂ 'ਸਿਰਜਣਾ' ਦੇ ਰਵਾਇਤੀ ਪੱਧਰ ਦੀਆਂ ਨਹੀਂ ਜਾਪੀਆਂ। ਇਹਨਾਂ ਵਿਚੋਂ ਇਕ 'ਆਪੋ ਆਪਣੇ ਮੁਹਾਜ਼' ਥੋੜ੍ਹਾ ਬਹੁਤ ਦਮ ਭਰਦੀ ਜਾਪੀ ਵੀ ਤਾਂ ਉਹ ਜਿੰਦਰ ਦੀ ਜੂਠੀ ਬੇਤੁਕੀ ਕਹਾਣੀ ਨਾਲ ਜੁੜਕੇ ਰਹਿੰਦੀ ਵੀ ਕਰੰਡੀ ਗਈ। ਇਸ ਤਰ੍ਹਾਂ ਜਾਪਿਆ ਜਿਵੇਂ ਇਸ ਕਹਾਣੀ ਨੇ ਲਾਲ ਸਿੰਘ ਦੇ ਅਹਿਮ ਗ਼ਦਰੀ ਪਾਤਰਾਂ ਬੀਬੀ ਗੁਲਾਬ ਕੌਰ ਤੇ ਬਾਬਾ ਸੋਹਣ ਸਿੰਘ ਭਕਨਾ ਦੀ ਜਾਣ ਬੁੱਝ ਕੇ ਹੇਠੀ ਕੀਤੀ ਹੈ। ਰਘਬੀਰ ਸਿੰਘ ਦਾ ਕਾਮਾਗਾਟਾ ਮਾਰੂ' ਬਾਰੇ ਲੇਖ ਕਮਾਲ ਦੀ ਰਚਨਾ ਹੈ- ਪਾਠਕਾਂ ਦੇ ਧੁਰ ਅੰਦਰ ਲਹਿ ਜਾਣ ਵਾਲੀ ਇਤਿਹਾਸਕ ਦਸਤਾਵੇਜ਼। ❑❑ **-ਜੋਧ ਸਿੰਘ, ਕੋਟਲੀ ਖਾਸ, ਹੁਸ਼ਿਆਰਪੁਰ**

'ਸਿਰਜਣਾ' ਨਾਲ ਕਈ ਦਹਾਕਿਆਂ ਤੋਂ ਜੁੜੇ ਆਪਣੇ ਪਿਤਾ ਪ੍ਰੋ. ਬਲਦੇਵ ਸਿੰਘ ਵਾਲੀਆ ਅਤੇ ਉਹਨਾਂ ਦੇ ਮਿੱਤਰ ਕਵੀ ਹਰਭਜਨ ਸਿੰਘ ਹੁੰਦਲ ਨੂੰ ਵੇਖਦਿਆਂ ਮੈਂ ਵੀ ਸਿਰਜਣਾ ਪਰਿਵਾਰ ਦੇ ਕਾਫਲੇ ਵਿਚ ਸ਼ਾਮਲ ਹੋ ਗਿਆ ਹਾਂ। ਸਿਰਜਣਾ-177 ਦੀ ਸਮੱਗਰੀ ਹਰ ਵਾਰ ਦੀ ਤਰ੍ਹਾਂ ਰੂਹ ਨੂੰ ਸਕੂਨ ਤੇ ਸੋਚ ਨੂੰ ਝੂਨਣ ਵਾਲੀ ਹੈ। ਜਿੰਦਰ ਦੀ ਕਹਾਣੀ 'ਜੂਠੀ' ਕਹਾਣੀ ਕਥਾ ਰਸ ਤੇ ਬੁਣਤੀ ਪੱਖੋਂ ਉੱਤਮ ਰਚਨਾ ਹੈ। ਔਰਤ ਦੀ ਮਾਨਸਿਕਤਾ ਨੂੰ ਬਿਆਨਦੀ ਤੇ ਅਨੇਕਾਂ ਮੋੜਾਂ ਘੋੜਾਂ 'ਚੋਂ ਲੰਘਦੀ ਇਹ ਕਹਾਣੀ ਪਾਠਕ ਮਨ ਨੂੰ ਆਪਣੇ ਨਾਲ ਜੋੜੀ ਰੱਖਦੀ ਹੈ। ਮੁਸ਼ਤਾਕ ਦੀ ਕਹਾਣੀ ਵੀ ਬਹੁਤ ਪਿਆਰੀ ਰਚਨਾ ਹੈ ਜੋ ਇਕ ਬੇਔਲਾਦ ਜੋੜੇ ਨੂੰ ਮਿਲੀ 'ਖਚਰੀ' ਮੁਟਿਆਰ ਬਾਰੇ ਦੱਸਦੀ ਬਹੁਤ ਜਜ਼ਬਾਤੀ ਕਰ ਜਾਂਦੀ ਹੈ। ਲਾਲ ਸਿੰਘ ਤਾਂ ਸਾਡਾ ਬਹੁਤ ਸਮਰੱਥ ਲੇਖਕ ਹੈ ਜੋ ਔਖੇ ਤੋਂ ਔਖੇ ਵਿਸ਼ੇ ਨੂੰ ਹੱਥ ਪਾ ਲੈਂਦਾ ਹੈ। 'ਆਪੋ ਆਪਣੇ ਮੁਹਾਜ਼ ਵਿਚ ਉਸਨੇ ਗ਼ਦਰੀਆਂ ਦੀ ਕਥਾ ਵਾਰਤਾ ਕਮਾਲ ਦੀ ਜੁਗਤ ਨਾਲ ਸਮਕਾਲੀ ਸਮਾਚਾਰਾਂ ਨਾਲ ਜੋੜ ਕੇ ਪੇਸ਼ ਕੀਤੀ ਹੈ। ਬਲਬੀਰ ਪਰਵਾਨਾ ਨੇ ਆਪਣੀਆਂ ਨਾਵਲੀ ਲਿਖਤਾਂ ਦੇ ਹਵਾਲੇ ਨਾਲ ਲੇਖਕ ਦੇ ਆਪਣੇ ਪਾਤਰਾਂ ਨਾਲ ਰਿਸ਼ਤੇ ਦੀ ਸੋਹਣੀ ਵਿਆਖਿਆ ਕੀਤੀ ਹੈ। ਪੱਛਮੀ ਸਭਿਅਤਾ ਦੀ ਪੜਚੋਲ ਕਰਦਾ ਸੁਰਜੀਤ ਹਾਂਸ ਦਾ ਨਿਬੰਧ ਹਰ ਵਾਰ ਦੀ ਤਰ੍ਹਾਂ ਉਸ ਦੇ ਗਿਆਨ ਤੇ ਬੋਧਿਕਤਾ ਦੇ ਭੰਡਾਰ ਨੂੰ ਪਾਠਕਾਂ ਅੱਗੇ ਪਰੋਸਦਾ ਹੈ। ❑❑ **(ਡਾ) ਕਰਮਜੀਤ ਸਿੰਘ ਨਡਾਲਾ, ਵਾਲੀਆ ਹਸਪਤਾਲ, ਨਡਾਲਾ (ਕਪੂਰਥਲਾ)**

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਸੰਪਾਦਕ : **ਰਘਬੀਰ ਸਿੰਘ** **ਪ੍ਰਕਾਸ਼ਨ ਮਿਤੀ : 1 ਅਕਤੂਬਰ, 2015**

ਗ਼ਦਰ ਪਾਰਟੀ ਦੀ ਸ਼ਤਾਬਦੀ ਮੌਕੇ ਪ੍ਰਕਾਸ਼ਤ ਹੋਈ
ਡਾ. ਰਘਬੀਰ ਸਿੰਘ ਦੀ ਖੋਜ-ਪੁਸਤਕ

ਗ਼ਦਰ ਪਾਰਟੀ ਲਹਿਰ : ਸੰਖੇਪ ਇਤਿਹਾਸ



ਗ਼ਦਰ ਪਾਰਟੀ ਲਹਿਰ ਸਾਡੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਦਾ ਸੁਨਿਹਰੀ ਅਧਿਆਏ ਹੈ। ਅਮਰੀਕਾ ਵਿਚ ਸ਼ੁਰੂ ਹੋਈ ਇਸ ਲਹਿਰ ਦਾ ਮਨੋਰਥ ਭਾਰਤ ਵਿਚੋਂ ਬਰਤਾਨਵੀ ਰਾਜ ਦਾ ਮੁਕੰਮਲ ਖਾਤਮਾ ਕਰਨਾ ਸੀ। ਇਸ ਉਦੇਸ਼ ਲਈ ਗ਼ਦਰੀ ਸੂਰਬੀਰਾਂ ਨੇ ਫਾਂਸੀ ਅਤੇ ਕਾਲ਼ੇ ਪਾਣੀਆਂ ਦੀ ਸਜ਼ਾ ਸਮੇਤ ਭਾਰੀ ਕੁਰਬਾਨੀ ਦਿੱਤੀ। ਇਤਿਹਾਸ ਦੀ ਮੁੱਖ ਧਾਰਾ ਵਿਚ ਗ਼ਦਰ ਪਾਰਟੀ ਨੂੰ ਯੋਗ ਮਾਨਤਾ ਪ੍ਰਾਪਤ ਨਹੀਂ ਹੋਈ। ਹੱਥਲੀ ਪੁਸਤਕ ਇਸ ਲਹਿਰ ਦਾ ਇਤਿਹਾਸਕ ਲੇਖਾ- ਜੋਖਾ ਵਿਲੱਖਣ ਜੁਗਤ ਨਾਲ ਪੇਸ਼ ਕਰਦੀ ਹੈ, ਪਰ ਸਾਧਾਰਨ ਭਾਸ਼ਾ ਵਿਚ।

ਪੰਨੇ 236 **ਸੁੰਦਰ ਦਿੱਖ** **ਮੁੱਲ 165 ਰੁਪਏ**

ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿੱਲੀ

SIRJANA Literary Punjabi Quarterly Chandigarh

No. 178 October-December 2015

Registered with the Registrar of Newspapers for India vide R.N. 10215/65

ਦੁਨੀਆਂ ਭਰ ਕੇ ਨਾਮਵਰ ਦਾਸ਼ਨਿਕਾਂ, ਚਿੰਤਕਾਂ, ਵਿਗਿਆਨੀਆਂ ਤੇ ਸਾਹਿਤਕਾਰਾਂ ਦੇ ਰੱਬ ਦੀ ਹੋਂਦ/ਅਣਹੋਂਦ ਬਾਰੇ ਕਥਨਾਂ ਦਾ ਸਾਧੂ ਬਿਨਿੰਗ ਵੱਲੋਂ ਕੀਤਾ ਅਨੁਵਾਦ ਤੇ ਸੰਗ੍ਰਹਿ



ਪਿਛਲੇ ਸਮੇਂ ਦੌਰਾਨ ਕਾਫੀ ਕੁਝ ਅਜਿਹਾ ਛਪਿਆ ਹੈ ਜਿਸ ਦੇ ਅਧਿਐਨ ਨਾਲ ਸਮਾਜ ਨੂੰ ਤਰਕਵਾਦੀ ਲੀਹਾਂ 'ਤੇ ਤੋਰਿਆਂ ਜਾ ਸਕਦਾ ਹੈ। ਹੱਥਲੀ ਪੁਸਤਕ ਵੀ ਇਸੇ ਤਰ੍ਹਾਂ ਦੀ ਇਕ ਹੋਰ ਕੋਸ਼ਿਸ਼ ਹੈ। ਇਸ ਰਾਹੀਂ ਜਿੱਥੇ ਨਾਸਤਿਕਤਾ, ਵਿਗਿਆਨਕ ਸੂਝ ਅਤੇ ਪਹੁੰਚ ਬਾਰੇ ਵੱਖ-ਵੱਖ ਚਿੰਤਕਾਂ ਦੀਆਂ ਉਕਤੀਆਂ ਪਾਠਕ ਨੂੰ ਨਵੀਂ ਸੂਝ ਪ੍ਰਦਾਨ ਕਰਨਗੀਆਂ, ਉਥੇ ਇਸ ਗੱਲ ਦੀ ਆਸ ਵੀ ਕੀਤੀ ਜਾ ਸਕਦੀ ਹੈ ਕਿ ਇਸ ਨਾਲ ਪੰਜਾਬੀ ਲੇਖਕਾਂ ਤੇ ਚਿੰਤਕਾਂ ਨੂੰ ਵਿਗਿਆਨਕ ਸੂਝ ਦੇ ਪਾਸਾਰ ਲਈ ਲੋੜੀਂਦਾ ਹੌਂਸਲਾ ਵੀ ਮਿਲੇਗਾ।

ਪੰਨੇ 172 ਸੁੰਦਰ ਦਿੱਖ ਮੁੱਲ 225 ਰੁਪਏ

ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ